ਨਾਮਧਾਰੀ ਸੰਗ੍ਰਾਮ ਪ੍ਰਦੀਪਕਾ

A Panoramic view on Namdhari Movement

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸੰਗ੍ਰਾਮ ਪ੍ਰਦੀਪਕਾ

A Panoramic view on Namdhari Movement

Published by The Namdhari Hola Committee on the occassion of the "International Hola Purab" celebrations from 20th April to 23rd April 1984 at Birmingham.

Editor: H. S. KANWAL, COVENTRY.

Sri Satguru Jagjit Singh Ji Elibrary NamdhariElibrary@gmail.com

GURU GOBIND SINGH

HIS FEET IS THEIR TREASURE OF HAPPINESS
THEY ATTAIN TO THE WORSHIP OF LOVE
IN TRUTH ARE THEY FILLED TO THE BRIM.

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੀ ਅਸ਼ੀਰਵਾਦ ਨਾਲ

''ਅਰੰਭਕਾ''

ਨਾਮਧਾਰੀ ਪੰਥ, ਆਪਣੇ ਸਤਿਗੁਰੂਆਂ ਦੀ ਅਗਵਾਈ ਹੇਠ ਏਕਤਾ, ਪਿਆਰ ਅਤੇ ਅਮਨ ਦਾ ਪ੍ਰਤੀਕ ਹੈ। ਇਤਿਹਾਸ ਗਵਾਹ ਹੈ ਕਿ ਪੈਰ ਪੈਰ ਤੇ ਇਸ ਪੰਥ ਨੇ, ਜਦ ਤੋਂ ਇਸ ਦੀ ਸਾਜਣਾ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਭਵਿਖ ਵਾਕ, ''ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ'' ਨੂੰ ਸਾਕਾਰ ਰੂਪ ਵਿਚ ਪ੍ਰਗਟ ਕੀਤਾ, ਓਦੋਂ ਤੋਂ ਹੀ ਨਾਮਧਾਰੀ ਪੰਥ ਨੂੰ ਕੁਰਬਾਨੀ ਦੇ ਜਜ਼ਬੇ ਵਿਚ ਢਲਣਾ ਪਿਆ।

ਜਿਸ ਜਿਸ ਸਮਸਿਆਵਾਂ, ਤਸੀਹੇਆਂ, ਬੇਇਨਸਾਫੀਆਂ ਅਤੇ ਖੁਦਗਰਜ਼ੀਆਂ ਦੀ ਲਪੇਟ ਵਿਚੋਂ ਨਾਮਧਾਰੀ ਪੰਥ ਨੂੰ ਲੰਘਣਾ ਪਿਆ ਉਸ ਦੀ ਮਿਸਾਲ ਸ਼ਾਇਦ ਹੀ ਕਿਸੇ ਹੋਰ ਇਤਿਹਾਸ ਵਿਚੋਂ ਲਭਦੀ ਹੋਵੇ, ਲੇਕਿਨ ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ ਦੁਆਰਾ ਕਿ ''ਇਸ ਪੰਥ ਦੀ ਨੀਂਹ ਮੈਂ ਪਤਾਲ ਵਿਚ ਲਾਈ ਹੈ ਇਸਨੂੰ ਨਹੀਂ ਕੋਈ ਮਿਟਾ ਸਕਦਾ।'' ਇਸ ਪੰਥ ਨੇ ਸਤਿਗੁਰੂ ਹਰੀ ਸਿੰਘ ਜੀ ਤੋਂ ਲੈ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮੌਜੂਦਾ ਸਤਿਗੁਰੂ ਜਗਜੀਤ ਸਿੰਘ ਜੀ ਤਕ, ਇਕ ਓਹ ਪੜਾਅ ਤੈਅ ਕੀਤਾ ਹੈ ਜਿਸ ਦੀਆਂ ਰਾਹਾਂ, ਕੰਡੇ, ਸੂਲੀਆਂ ਤੇ ਤੋਪਾਂ ਦੀਆਂ ਗੂੰਜਾਂ ਦੇ ਨਾਲ ਭਰੀਆਂ ਹੋਈਆਂ ਸਨ।

ਅਮਨ ਅਤੇ ਏਕਤਾ ਦੇ ਚਾਹਵਾਨ ਹੁੰਦਿਆਂ ਹੋਇਆਂ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ''ਨਾਨਕ ਨਾਮ ਲੇਵਾ'' ਹਿੰਦੂ, ਸਿਖ, ਮੁਸਲਮ ਏਕਤਾ, ਅਤੇ ਹੋਰ ਛੋਟੀਆਂ ਛੋਟੀਆਂ ਅਨੇਕਾਂ ਕਾਨਫਰੰਸਾਂ ਕੀਤੀਆਂ ਜਿਸ ਨਾਲ ਕਿ ਹਿੰਦੁਸਤਾਨੀਆਂ ਵਿਚ ਜੋ ਆਪਸੀ ਤਨਾਓ ਸਨ, ਉਹਨਾਂ ਨੂੰ ਪਿਆਰ ਵਿਚ ਬਦਲਿਆ ਜਾਵੇ। ਪਾਕਿਸਤਾਨ ਤੋਂ ਆਏ ਰਫੀਊਜੀਆਂ ਲਈ ਮੁਫਤ ਜ਼ਮੀਨ ਸ਼੍ਰੀ ਜੀਵਨ ਨਗਰ ਦੇ ਇਲਾਕੇ ਵਿਚ ਵੰਡੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਦਾ ਵਰਤ ਲੰਗਰ ਨੂੰ ਇਕ ਅਹਿਮ ਮੁਰਾਤਬਾ ਦਿਤਾ ਜਿਸ ਤੋਂ ਲਹੂ ਦੀ ਭਿਜੀ ਛੁਰੀ ਵਾਲਾ ਵੀ ਭੁਖਾ ਨਾ ਜਾਵੇ।

ਮੈਂ ਜ਼ਿਆਦਾ ਕੁਝ ਨਾ ਕਹਾਂ ਕਿਉਂ ਕਿ ਜੋ ਇਹ ਲੇਖ ਅਗੇ ਆ ਰਹੇ ਹਨ ਉਨ੍ਹਾਂ ਵਿਚ ਸਾਡੇ ਸੁਹਿਰਦ ਪਾਠਕਾਂ ਨੂੰ ਨਾਮਧਾਰੀ ਪੰਥ ਬਾਬਤ ਕਾਫੀ ਜਾਣਕਾਰੀ ਹੋਣ ਦੀ ਸੰਭਾਵਨਾ ਹੈ। ਇਹ ਲੇਖ ਕਾਫੀ ਤੋਂ ਜ਼ਿਆਦਾ ਗੈਰ ਨਾਮਧਾਰੀਆਂ ਦੀਆਂ ਰਚਨਾਵਾਂ ਹਨ ਜੋ ਗਾਹੇ ਬਗਾਹੇ ਸਤਿਜੁਗ, ਨਿਰਇਖਯਕ, ਵਰਿਆਮ ਤੇ ਸ਼ਤਾਬਦੀ ਅੰਕਾਂ ਵਿਚ ਛਪ ਚੁਕੇ ਹਨ।

ਮੈਂ ਸ੍ਰਰਗੀਯ ਸੰਤ ਇੰਦਰ ਸਿੰਘ ਜੀ ਚਕਰਵਰਤੀ ਅਤੇ ਹੋਰ ਸੰਪਾਦਕ ''ਸਤਿਜੁਗ'', ਸੰਤ ਦਲੀਪ ਸਿੰਘ ਜੀ ਸੰਪਾਦਕ 'ਨਿਰਇਖਯਕ', ਸੰਤ ਜਗਦੀਸ਼ ਸਿੰਘ ਜੀ ਸੰਪਾਦਕ 'ਵਰਿਆਮ' ਅਤੇ ਸ੍ਰ. ਹਰਵਿੰਦਰ ਸਿੰਘ ਜੀ ਹੰਸਪਾਲ, ਸੰਪਾਦਕ 'ਸ਼ਤਾਬਦੀ ਅੰਕ' ਦਾ ਤਹਿ ਦਿਲ ਤੋਂ ਰਿਣੀ ਹਾਂ ਕਿ ਜਿਨਾਂ ਦੀ ਮੇਹਨਤ ਦਾ ਸਦਕਾ ਇਹ ਲੇਖ ਮੈਂ ਉਨਾਂ ਦੇ ਖਜ਼ਾਨੇ ਵਿਚੋਂ ਪ੍ਰਾਪਤ ਕੀਤੇ। ਡਾ. ਕਾਲਾ ਸਿੰਘ ਬੇਦੀ ਦਾ ਵੀ ਦਿਲੋਂ ਧਨਵਾਦੀ ਹਾਂ ਜਿਨਾਂ ਇਕ ਲੇਖ ਖਾਸ ਇਸ ਅਵਸਰ ਉਤੇ ਭੇਜਿਆ ਹੈ।

ਇਹ ਸੰਗ੍ਰਹਿ ਸੰਤ ਏਕਮ ਸਿੰਘ ਜੀ, ਪ੍ਰਧਾਨ, ਹੋਲਾ ਕਮੇਟੀ, ਸੰਤ ਪ੍ਰੀਤਮ ਸਿੰਘ ਜੀ ਗੌਹਲ- ਪ੍ਰਧਾਨ ਨਾਮਧਾਰੀ ਸੰਗਤ ਯੂ.ਕੇ. ਅਤੇ ਸਮੂਹ ਨਾਮਧਾਰੀ ਸੰਗਤ ਵਲੋਂ ''ਵਿਸ਼ਵ ਹੋਲਾ ਪੁਰਬ'' 1984 ਨੂੰ ਜੋ ਕੋ ਬਰਤਾਨੀਆਂ ਦੇ ਸ਼ਹਿਰ ਬਰਮਿੰਘਮ ਵਿਖੇ 20 ਤੋਂ 23 ਅਪਰੈਲ ਤਕ ਬੜੀ ਸਜ ਧਜ ਨਾਲ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਪਾਵਨ ਹਜ਼ੂਰੀ ਅਤੇ ਬਖਸ਼ਿਸ਼ ਨਾਲ ਮਨਾਇਆ ਗਿਆ , ਪ੍ਰਕਾਸ਼ਤ ਹੋਇਆ ਹੈ।

ਹਰਜਿੰਦਰ ਸਿੰਘ 'ਕੰਵਲ'

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਗੁਰ ਰਾਮਸਿੰਘ ਜੀ ਮਹਾਰਾਜ ਪਾ:੧੨ ਦੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ
ਮਹਾਨ ਸਤਿਗੁਰੂ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸਤਿਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਗੁਰੂ ਇਸ ਸ੍ਰਿਸ਼ਟੀ ਦਾ ਰਚਨਹਾਰ, ਪਾਲਣਹਾਰ, ਅਤੇ ਲਯ ਕਰਨ ਵਾਲਾ ਹੈ। ਜਪੁ ਸਾਹਿਬ ਵਿਚ ਹੀ ਆਪ ਨੇ ਫੁਰਮਾਇਆ ਹੈ "ਗੁਰ ਈਸਰੁ ਗੁਰੁ ਗੌਰਖੁ ਬਰਮਾ ਗੁਰੁ" ਇਥੇ ਈਸਰੁ ਸ਼ਬਦ ਦਾ ਅਰਥ ਸ਼ਿਵ ਹੈ। ਗੌਰਖ ਦਾ ਗੌ (ਪ੍ਰਿਥਵੀ) ਰਖੁ (ਰਖਯਕ) ਵਿਸ਼ਨੂੰ, ਅਤੇ ਬਰਮਾ ਦਾ ਬ੍ਰਹਮਾ। ਇਸ ਦਾ ਸਪਸ਼ਟ ਭਾਵ ਹੈ ਕਿ ਸ੍ਰਿਸ਼ਟੀ ਦੀ ਸਾਜਨਾ, ਪਾਲਣਾ ਅਤੇ ਲਯ ਕਰਨ ਵਾਲਾ ਜੋ ਕਰਤਾਰ ਹੈ ਉਹ ਗੁਰੂ ਹੀ ਹੈ।

ਮਾਰੂ ਸੋਹਲਿਆਂ ਵਿਚ ਆਪ ਨੇ ਗੁਰੂ ਦੀ ਉਪਮਾਂ ਇਨ੍ਹਾਂ ਸ਼ਬਦਾਂ ਨਾਲ ਕੀਤੀ ਹੈ :—

ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ। ਬ੍ਰਹਮੈ ਇੰਦ੍ ਮਹੇਸਿ ਨਾ ਜਾਣੀ।
ਸਤਿਗੁਰੂ ਅਲਪੁ ਕਹਹੁ ਕਿਉਂ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ।

ਪ੍ਰਭਾਤੀ ਰਾਗ ਵਿਚ ਗੁਰੂ ਦੀ ਸਿਫਤ ਕਰਦਿਆਂ ਆਪ ਨੇ ਫੁਰਮਾਇਆ ਹੈ :—

ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲ ਹਰੈ।।
ਸਤਿਗੁਰ ਪਾਇਐ ਪੂਰਾ ਨਾਵਣੁ ਪਸੁ ਪਰੇਤਹੁ ਦੇਵ ਕਰੈ।।

ਸ੍ਰੀ ਗੁਰੂ ਅੰਗਦ ਦੇਵ ਜੀ ਆਸਾ ਜੀ ਦੀ ਵਾਰ ਵਿਚ ਫੁਰਮਾਉਦੇ ਹਨ:—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।।
ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ।।

ਸੂਰਜ ਜਾਂ ਚੰਦਰਮਾਂ ਚੜ੍ ਜਾਣ ਨਾਲ ਅਖਾਂ ਨੂੰ ਰੌਸ਼ਨੀ ਦਿਸਦੀ ਹੈ ਅਤੇ ਛਿਪ ਜਾਣ ਨਾਲ ਅਨ੍ਹੇਰਾ। ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਿਸ ਅਨ੍ਹੇਰੇ ਦਾ ਵਰਨਣ ਕੀਤਾ ਹੈ ਉਸ ਨੂੰ ਦੂਰ ਕਰਨ ਦੀ ਸਮਰਥਾ ਗੁਰੂ ਹੀ ਰਖਦਾ ਹੈ। ਦੁਨੀਆਂ ਦੀ ਹੋਰ ਕੋਈ ਤਾਕਤ ਨਹੀਂ।

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਗੁਰੂ ਅਮਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਪਾਸ ਉਹ ਦਾਤ ਹੈ ਜਿਸ ਨੂੰ ਮਨੁੱਖ ਰਿਸ਼ੀ ਮੁਨੀ ਅਤੇ ਦੇਵਤੇ ਗੁਰੂ ਤੋਂ ਹੀ ਪ੍ਰਾਪਤ ਕਰ ਸਕੇ। ਆਪ ਨੇ ਅਨੰਦ ਸਾਹਿਬ ਵਿਚ ਦਸਿਆ ਹੈ:—

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੋ ਅੰਮ੍ਰਿਤ ਗੁਰ ਤੇ ਪਾਇਆ।

ਗਉੜੀ ਰਾਗ ਵਿਚ ਹਜ਼ੂਰ ਨੇ ਫੁਰਮਾਇਆ ਹੈ :—

ਸਤਿਗੁਰ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ।
ਨਾਨਕ ਦਰਸਨ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ।।

ਸ਼੍ਰੀ ਗੁਰੂ ਰਾਮ ਦਾਸ ਜੀ ਨੇ ਸ਼੍ਰੀ ਰਾਗ ਵਿਚ ਸਤਿਗੁਰੂ ਦੀ ਸਿਫਤ ਕਰਦਿਆਂ ਕਥਨ ਕੀਤਾ ਹੈ:—

ਸਤਿਗੁਰ ਪੁਰਖੁ ਅੰਮ੍ਰਿਤਸਰ ਵਡਭਾਗੀ ਨਾਵਹਿ ਆਇ।
ਉਨ ਜਨਮ ਜਨਮ ਕੀ ਮੈਲੁ ਉਤਰੇ ਨਿਰਮਲ ਨਾਮ ਦ੍ਰਿੜਾਏ।
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ।।

ਮਲਾਰ ਰਾਗ ਵਿਚ ਤਾਂ ਆਪ ਨੇ ਸਤਿਗੁਰੂ ਦੀ ਸੰਖੇਪ ਜਿਹੀ ਵਿਆਖਿਆ ਕਰਕੇ ਸਪਸ਼ਟ ਕਰ ਦਿਤਾ ਹੈ ਕਿ ਸਤਿਗੁਰੂ ਪ੍ਰਤੱਖ ਰੂਪ ਵਿਚ ਅਕਾਲ ਪੁਰਖ ਹੈ :—

ਹਰਿ ਕੀ ਸੇਵਾ ਸਤਿਗੁਰ ਪੂਜਹੁ ਕਰਿ ਕਿਰਪਾ ਆਪ ਤਰਾਵੈ।।
ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰੂਮਿ ਭ੍ਰੂਮਿ ਫੂਲ ਤੋਰਾਵੈ।।
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗੰਵਾਵੈ।।੩।।
ਬ੍ਰਹਮ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ।।
ਤਿਸੁ ਗੁਰ ਕੰ ਛਾਦਨ ਭੋਜਨ ਪਾਟ ਪਟੰਬਰ ਬਹੁ ਸਿਧਿ ਸਤਿ ਕਰਿ ਮੁਖ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।।੪।।
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ।
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ।।੫।।੪।।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਮੁਖ ਵੀ ਗੁਰੂ ਦੀ ਉਪਮਾ ਕਰਨ ਯੋਗ ਨਹੀਂ ਸਮਝਿਆ। ਸ਼੍ਰੀ ਰਾਗ ਵਿਚ ਆਪ ਫੁਰਮਾਉਂਦੇ ਹਨ :—

ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ।।
ਗੁਰ ਪ੍ਰਮੇਸਰੁ ਪਾਰਬ੍ਰਹਮ, ਗੁਰੁ ਡੁਬਦਾ ਲਏ ਤਰਾਇ।।੨।।
ਕਿਤੁ ਮੁਖਿ ਗੁਰੁ ਸਲਾਹੀਐ, ਕਰਣ ਕਾਰਣ ਸਮਰਥੁ।।
ਸੇ ਮੱਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ।.....
ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨਾ ਲਾਗੈ ਡੰਡੁ।।

ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਵਲ ਰਾਗ ਵਿਚ ਕਲਜੁਗ ਵਿਚ ਮੁਕਤੀ ਦਾਤਾ ਨਾਮ ਦਸਿਆ ਹੈ ਜਿਸਦਾ ਦਸਣ ਵਾਲਾ ਸਤਿਗੁਰੂ ਹੀ ਹੈ :—

ਕਲ ਮਹਿ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦ ਬਤਾਵੈ।

ਦਸਮ ਪਾਤਸ਼ਾਹ ਨੇ ਉਗ੍ਰਦੰਤੀ ਵਿਚ ਵਰ ਮੰਗਿਆ ਹੈ :—

Sri Satguru Jagjit Singh Ji Elibrary NamdhariElibrary@gmail.com

ਯਹੀ ਦੇਹ ਬਰ ਮੋਹਿ ਸਤਿਗੁਰੂ ਧਿਆਊਂ। ਅਸਰ ਜੀਤ ਧਰਮ ਨਉਬਤ ਬਜਾਊਂ।।

ਅਕਾਲ ਪੁਰ ਦਾ ਸਾਕਾਰ ਰੂਪ ਸਤਿਗੁਰੂ ਹੀ ਹੈ। ਇਸ ਦੀ ਵਿਆਖਿਆ ਗੁਰਬਾਣੀ ਵਿਚ ਕਈ ਜਗ੍ਹਾ ਮਿਲਦੀ ਹੈ। ਅਕਾਲ ਪੁਰਖ ਸਤਿਗੁਰੂ ਦੇ ਰੂਪ ਵਿਚ ਆ ਕੇ ਮਨੁਖ ਚਰਿਤਰ ਵਾਲੇ ਸਾਰੇ ਗੁਣ ਦਰਸਾਉਂਦਾ ਹੈ। ਇਸੇ ਕਰਕੇ ਤੁਲਸੀ ਦਾਸ ਜੀ ਨੇ ਰਾਮਾਇਣ ਦਾ ਨਾਮ "ਰਾਮ ਚਰਿਤ੍ਰ ਮਾਨਸ" ਲਿਖਿਆ ਹੈ। ਰਾਮਾਇਣ ਵਿਚ ਆਪਣੇ ਮਾਨਸ ਅਵਤਾਰ ਹੋਣ ਦੀ ਵਿਆਖਿਆ ਕਰਦਿਆਂ ਲਿਖਿਆ ਹੈ

ਜਬ ਜਬ ਹੋਇ ਧਰਮ ਕੀ ਹਾਨੀ ਬਾਢਹਿ ਅਧਮ ਅਸੁਰ ਅਭਿਮਾਨੀ।
ਆਪ ਪ੍ਰਭੂ ਧਰ ਮਨੁਖ ਸਰੀਰਾ ਹਰਹਿ ਕ੍ਰਿਪਾ ਨਿਧਿ ਸੇਜਨ ਪੀਰਾ।

ਇਸੇ ਪਰੰਪਰਾ ਦੀ ਪ੍ਰੌੜਤਾ ਗੀਤਾ ਦੇ ਹੇਠ ਲਿਖੇ ਸਲੋਕ ਤੋਂ ਹੁੰਦੀ ਹੈ:—

ਯਦ: ਯਦ: ਧਰਮਸਯ ਗਿਲਾ ਨਿਰ ਭਵਿਤ ਭਾਰਤ।
ਅਭਯਤਥਾਨਮ ਧਰਮਸਯ ਤਦਾਤਮਾਨੰ ਸ੍ਰਿਜਾ ਮਯਹਮ।
ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਾਚਯ ਦੁਸ਼ਕ੍ਰਿਤਾਂਮ।
ਧਰਮ ਸੰਸਾਥਾਪਨਾ ਰਥਾਯ ਸੰਭਵਾ ਮਿ ਯੁਗ: ਯੁਗ:

ਸਾਕਾਰ ਰੂਪ ਵਿਚ ਆ ਕੇ ਸਤਿਗੁਰੂ ਮਨੁਖ ਸਵਾਂਗ ਦੀ ਪੂਰਤੀ ਲਈ ਕਈ ਐਸੇ ਚਰਿਤ੍ਰ ਕਰਦਾ ਹੈ ਜਿਸ ਤੋਂ ਸਾਧਾਰਣ ਜੀਵ ਭੁਲੇਖੇ ਵਿਚ ਪੈ ਜਾਂਦੇ ਹਨ। ਜਿਸ ਤਰਾਂ ਰਾਮ ਚੰਦਰ ਜੀ ਸੀਤਾ ਹਰਣ ਬਾਅਦ ਵੈਰਾਗ ਦਸ਼ਾ ਵਿਚ ਹੋਏ। ਭਗਵਾਨ ਕ੍ਰਿਸ਼ਨ ਨੇ ਗੋਪੀਆਂ ਨਾਲ ਕੌਤਕ ਕੀਤੇ। ਇਹ ਸਭ ਕੁਝ ਕਰਦੇ ਹੋਏ ਵੀ ਉਹ ਨਿਰਲੇਪ ਸਨ। ਉਨਾਂ ਦੇ ਮਾਤਾ ਪਿਤਾ ਵੀ ਸਨ। ਗੁਰਬਾਣੀ ਵਿਚ ਵੀ ਗੁਰੂ ਦੇ ਮਾਤਾ ਪਿਤਾ ਨੂੰ ਵੀ ਸਲਾਹਿਆ ਗਿਆ ਹੈ :—

ਧੰਨੁ ਧੰਨੁ ਪਿਤਾ ਧੰਨੁ ਧੰਨੁ ਕੁਲੁ ਧੰਨ ਧੰਨ ਸੋ ਜਨਨੀ ਜਿਨਿ ਗੁਰੂ ਜਣਿਆ ਮਾਇ।।
(ਗਉੜੀ ਵਾਰ ਮ: ੪)

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ।।
(ਵਡਹੰਸ ਦੀ ਵਾਰ 16ਵੀਂ ਪਉੜੀ)

ਸੰਸਾਰ ਵਿਚ ਹੁੰਦੇ ਹੋਏ ਸੰਸਾਰੀ ਜੀਵਾਂ ਵਾਲੇ ਚਰਿਤਰ ਕਰਦੇ ਹੋਏ ਵੀ ਉਹ ਨਿਰਲੇਪ ਹਨ। ਛੇਵੀਂ ਪਾਤਸ਼ਾਹੀ ਦੇ ਗੁਰ ਬਿਲਾਸ ਵਿਚ ਜਿਥੇ ਬੀਬੀ ਵੀਰੋ ਜੀ ਦੇ ਤੋਰਨ ਦਾ ਪ੍ਰਸੰਗ ਲਿਖਿਆ ਹੈ। ਉਥੇ ਸਤਿਗੁਰੂ ਦੇ ਮਨੁਖ ਸਵਾਂਗੀ ਹੋਣ ਦਾ ਵਰਨਣ ਇਉਂ ਕੀਤਾ ਹੈ :—

"ਯਦਪ ਮਾਇਆ ਮੋਹ ਕੀ ਰੰਚਕ ਨਹੀਂ ਸੁਰੀਤ।।
ਮਾਨੁਖ ਤਨ ਅਵਤਾਰ ਹੋਇ ਸਵਾਂਗ ਨਿਭਾਹੇ ਪ੍ਰੀਤ।।
ਤਨ ਕਰ ਗੀਤ ਜਗਤ ਕੀ ਕਰੋਂ ਮਨ ਕਰ ਸਦਾ ਨਿਰਲੇਪ ਠਰਹਰੇ।।" ਪੰਨਾ 286

(ੳ) ਵਰਤਮਾਨ ਸਮੇਂ ਵਿਚ ਸਤਿਗੁਰੂ ਦੀ ਪਦਵੀ ਦੀ ਉਸ ਮਹਾਨਤਾ ਵਿਚ ਫਰਕ ਆਉਂਦਾ ਦਿਸਦਾ ਹੈ। ਜਦੋਂ ਆਮ ਲੀਡਰਾਂ ਵਾਂਗ ਹੀ ਸਤਿਗੁਰੂ ਨੂੰ ਵੀ ਉਸੇ ਕਤਾਰ ਵਿਚ ਸਮਝਿਆ ਜਾਂਦਾ ਹੈ। ਕਿਸੇ ਹੋਰਸ ਵਾਸਤੇ ਕੁਛ ਹੋਵੇ, ਪਰ ਸਿਖਾਂ ਲਈ ਸਤਿਗੁਰੂ ਸਰਬ ਸ਼ਰੋਮਣੀ ਹੈ ਅਕਾਲ ਪੁਰਖ ਦੀ ਜੋਤ ਹੈ। ਉਸ ਦਾ ਸਾਨੀ ਹੋਰ ਕੋਈ ਨਹੀਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ 1872 ਬਿਕ੍ਰਮੀ ਵਿਚ ਹੋਇਆ। ਆਪ ਦੀ

Sri Satguru Jagjit Singh Ji Elibrary NamdhariElibrary@gmail.com

ਬਾਲ ਅਵਸਥਾ ਦੂਜੇ ਬਾਲਕਾਂ ਨਾਲੋਂ ਵਿਲੱਖਣਯ ਸੀ। ਜਿਥੇ ਆਮ ਬਾਲਕ ਖੇਡਣ ਵਿਚ ਰੁਝੇ ਹੋਏ ਰਹਿੰਦੇ ਉਥੇ ਆਪ ਸ਼ਬਦ ਪੜ੍ਹਦੇ ਜਾਂ ਭਜਨ ਕਰਦੇ। ਜੋ ਕੋਈ ਬਾਲਕ ਆਪ ਦੀ ਸੰਗਤ ਕਰਦੇ ਤਾਂ ਉਨ੍ਹਾਂ ਨੂੰ ਵੀ ਭਜਨ ਕਰਨ ਜਾਂ ਸ਼ਬਦ ਪੜ੍ਹਨ ਲਾ ਲੈਂਦੇ। ਬਾਲ ਸਖਾਈਆਂ ਵਿਚ ਆਪ ਜੀ ਦੇ ਵਿਲਖਯਣ ਹੋਣ ਬਾਰੇ ਪ੍ਰਸਿੱਧੀ ਸੀ।

ਭਾਵੇਂ ਆਪ ਦਾ ਮਿਲਾਪ ਸ੍ਰੀ ਗੁਰੂ ਬਾਲਕ ਸਿੰਘ ਜੀ ਨਾਲ ਕਈ ਸਾਲ ਬਾਅਦ ਹੋਇਆ ਪਰ ਆਪਦਾ ਬਾਲ ਤੇ ਯੁਵਾ ਅਵਸਥਾ ਦਾ ਜੀਵਨ ਆਮ ਲੋਕਾਂ ਨਾਲੋਂ ਵਖਰਾ ਸੀ। ਜਦ ਆਪ ਭਰ ਜਵਾਨੀ ਵਿਚ ਪ੍ਰਵਿਰਤ ਹੋਏ ਤਦ ਫੌਜ ਵਿਚ ਭਰਤੀ ਹੋਏ। ਇਹ ਉਹ ਸਮਾਂ ਸੀ ਜਦੋਂ ਸਿਖ ਤਾਂ ਰਾਜ ਮਦ ਵਿਚ ਮਸਤ ਹੋ ਕੇ ਸਿਖੀ ਵਲੋਂ ਗਿਰਾਵਟ ਵਲ ਆ ਰਹੇ ਸਨ ਅਤੇ ਫਰੰਗੀ ਬਾਕੀ ਦੇ ਭਾਰਤ ਨੂੰ ਸਰ ਕਰਕੇ ਪੰਜਾਬ ਦੀ ਸ਼ਿਸਤ ਲੈ ਰਹੇ ਸਨ।

ਸਾਰੇ ਭਾਰਤ ਨੂੰ ਅੰਗਰੇਜ਼ਾਂ ਨੇ ਹੌਲੀ ਹੌਲੀ ਇਸ ਢੰਗ ਨਾਲ ਸਰ ਕੀਤਾ ਸੀ ਕਿ ਆਪਣੇ ਤਹਿਤ ਹੇਠ ਆਏ ਹੋਏ ਦੇ ਨਾਲ ਲਗਦੇ ਇਲਾਕੇ ਵਿਚ ਆਪਣੇ ਏਜੰਟ ਭੇਜ ਕੇ ਉਥੋਂ ਦੇ ਲੋਕਾਂ ਨੂੰ ਧਰਮਹੀਨ ਅਤੇ ਦੇਸ਼ ਪਿਆਰ ਰਹਿਤ ਕਰ ਦਿੰਦੇ ਫਿਰ ਸਵੈ ਲਾਲਚ ਭਰਪੂਰ ਲੋਕਾਂ ਨੂੰ ਜਿਵੇਂ ਚਾਹੁੰਦੇ ਦਬਾ ਲੈਂਦੇ ਅਤੇ ਆਪਣੇ ਰਾਜ ਵਿਚ ਮਿਲਾ ਲੈਂਦੇ।

ਸਿਖ ਰਾਜ ਦਾ ਅੰਤ ਸਮਾਂ ਵਾਸਤਵ ਵਿਚ ਸਿਖੀ ਦਾ ਹੀ ਅੰਤ ਸਮਾਂ ਸੀ। ਸਿਖ ਰਾਜ ਦੇ ਖਾਤਮੇ ਦਾ ਕਾਰਣ ਸਿਖ ਆਪ ਹੀ ਸਨ। ਹੋਰ ਕਿਸੇ ਨੂੰ ਇਸ ਦਾ ਜ਼ਿੰਮੇਂਵਾਰ ਠਹਿਰਾਉਣਾ ਠੀਕ ਨਹੀਂ। ਵਿਗਿਆਨਕ ਢੰਗ ਨਾਲ ਮੌਸਮ ਦਸਣ ਵਾਲਿਆਂ ਅਨੁਸਾਰ ਜਦ ਧਰਤੀ ਦੇ ਕਿਸੇ ਟੁਕੜੇ ਵਿਚ ਗਰਮੀ ਬਹੁਤੀ ਹੋ ਜਾਂਦੀ ਹੈ ਤਾਂ ਉਥੋਂ ਪਤਲੀ ਤੇ ਹਲਕੀ ਹੋ ਕੇ ਹਵਾ ਉਪਰ ਨੂੰ ਚਲੀ ਜਾਂਦੀ ਹੈ। ਉਸ ਖਾਲੀ ਹੋਈ ਜਗਾ ਨੂੰ ਰੋਕਣ ਵਾਸਤੇ ਇਧਰੋਂ ਤੇਜ਼ੀ ਨਾਲ ਹਵਾ ਆਉਦੀ ਹੈ। ਇਸੇ ਤਰਾਂ ਸਿਖੀ ਨਿਯਮਾਂ ਨੂੰ ਛਡ ਕੇ ਜਦ ਸਿਖ ਸਿਰਫ ਰਾਜ ਸਾਂਭਣ ਮਗਰ ਪੈ ਗਏ ਤਾਂ ਰਾਜ ਤਾਂ ਉਨਾਂ ਕੋਲ ਕੀ ਰਹਿਣਾ ਸੀ ਸਿਖੀ ਤੋਂ ਪਹਿਲਾਂ ਹੀ ਬੇਖਬਰ ਹੋ ਚੁਕੇ ਸਨ, ਬਲਕਿ ਮਨੁਖੀ ਪਧਰ ਤੋਂ ਵੀ ਥਲੇ ਆ ਡਿਗੇ। ਨੁੰਕਸਾਨ ਕਿਸੇ ਦਾ ਨਹੀਂ ਆਪਣਾ ਹੀ ਕੀਤਾ।

ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਗਿਰਾਵਟ ਆ ਚੁਕੀ ਸੀ। ਪਰ ਮਹਾਰਾਜਾ ਸਿਖੀ ਨਿਯਮਾਂ ਦਾ ਸਤਿਕਾਰ ਕਰਨ ਵਾਲਾ ਸੀ ਤਾਹੀਏ ਉਸ ਨੇ ਏਡੇ ਵਡੇ ਪੰਜਾਬ ਦਾ ਮਾਲਕ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਬਾਬੇ ਫੂਲਾ ਸਿੰਘ ਦੇ ਹੁਕਮ ਅਨੁਸਾਰ ਦਰਬਾਰ ਸਾਹਿਬ ਵਿਖੇ ਬੇਰੀ ਨਾਲ ਬਨ੍ਹਵਾਇਆ। ਸਿਖੀ ਦੀ ਇਸ ਗਿਰਾਵਟ ਵਾਲੀ ਦਸ਼ਾ ਦੇ ਦਿਨਾਂ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿਖ ਫੌਜ ਵਿਚ ਭਰਤੀ ਹੋਏ ਸਨ। ਜਿਵੇਂ ਛੋਟੀ ਅਵਸਥਾ ਵਿਚ ਹੀ ਆਪ ਆਮ ਬਾਲਕਾਂ ਨਾਲੋਂ ਵਿਲਖਯਣ ਸਨ ਇਵੇਂ ਹੀ ਫੌਜ ਵਿਚ ਆਪ ਆਮ ਫੌਜੀਆਂ ਨਾਲੋਂ ਵਿਲਖਯਣ ਸਨ। ਜਿਸ ਪਲਟਣ ਵਿਚ ਆਪ ਜੀ ਸਨ ਉਸ ਦਾ ਨਾਮ ਹੀ ਆਪ ਜੀ ਦੇ ਪ੍ਰਭਾਵ ਸਦਕਾ ਭਗਤਾਂ ਵਾਲੀ ਪਲਟਣ ਪ੍ਰਸਿਧ ਹੋ ਗਿਆ ਸੀ। ਆਪ ਜੀ ਤੋਂ ਪ੍ਰਭਾਵਿਤ ਹੋ ਕੇ ਕਈ ਸਿਖ ਫੌਜੀਆਂ ਨੇ ਉਸ ਵੇਲੇ ਦੇ ਦੁਰਾਚਾਰੀ ਫੌਜੀਆਂ ਨਾਲੋਂ ਆਪਣੇ ਸਬੰਧ ਤੋੜ ਲਏ ਸਨ। ਆਪ ਜੀ ਨੂੰ ਫੌਜ ਵਿਚ ਮਸਤਾਨਾ ਕਰਕੇ ਵੀ ਸੰਬੋਧਨ ਕਰਦੇ ਸਨ।

ਜੰਗ ਨੂੰ ਤੁਰਨ ਵੇਲੇ ਕੜਾਹ ਪ੍ਰਸਾਦ ਕਰਕੇ ਭੋਗ ਪਾ ਕੇ ਅਰਦਾਸਾ ਕਰਕੇ ਤੁਰਨਾ ਸੀ। ਕਈਆਂ ਵਿਚੋਂ ਆਖਿਆ ਕਿ ਮਸਤਾਨੇ ਨੂੰ ਆ ਲੈਣ ਦਿਓ। ਜਦ ਸ੍ਰੀ ਸਤਿਗੁਰੂ ਜੀ ਆਏ ਤਾਂ ਸੱਟੇ ਦੀ ਅੜੇਸ ਦੇ ਕੇ ਕੜਾਹ ਪ੍ਰਸਾਦ ਵਾਲੀ ਪਰਾਤ ਦੂਰ ਚਲਾ ਮਾਰੀ। ਬਹੁਤਿਆਂ ਇਸ ਨਿਆਦਰੀ ਦਾ ਬੜਾ

ਗੁਸਾ ਕੀਤਾ ਪਰ ਸ਼੍ਰੀ ਸਤਿਗੁਰੂ ਜੀ ਨੇ ਨਾਲ ਹੀ ਇਹ ਬਚਨ ਕੀਤਾ ਕਿ ਲਵੋਂਣਾ ਹੋਵੇ ਗੁਰੂ ਨੂੰ ਭੋਗ ਅਤੇ ਕੜਾਹ ਪ੍ਰਸਾਦ ਕਰਵਾਓ ਹੁਕਾ ਪੀਣਿਆਂ ਤੋਂ? ਫਿਰ ਕੁਛ ਸਿਆਣਿਆਂ ਨੇ ਆਖਿਆ ਕਿ ਪਤਾ ਕਰੋ। ਜਾਂ ਪਤਾ ਕੀਤਾ ਤਾਂ ਜਿਸ ਹਲਵਾਈ ਤੋਂ ਕੜਾਹ ਪ੍ਰਸਾਦ ਕਰਵਾਇਆ ਗਿਆ ਸੀ ਉਹ ਮੰਨ ਗਿਆ ਕਿ ਜਿਸ ਚਾਟੀ ਵਿਚੋਂ ਕੜਾਹ ਪ੍ਰਸਾਦ ਵਿਚ ਪਾਣੀ ਪਾਇਆ ਹੈ ਉਸ ਵਿਚੋਂ ਆਪਣਾ ਹੁਕੇ ਵਾਲਾ ਲਲੇਰਾ ਮੈਂ ਪਹਿਲਾਂ ਡੁਬੋ ਕੇ ਕਢਿਆ ਸੀ। ਇਹ ਸੁਣ ਕੇ ਸਭ ਨੂੰ ਤਸਲੀ ਹੋ ਗਈ ਕਿ ਸਤਿਗੁਰੂ ਜੀ ਨੇ ਠੀਕ ਹੀ ਆਖਿਆ ਹੈ।

ਫਿਰ ਸ਼੍ਰੀ ਸਤਿਗੁਰੂ ਜੀ ਤੋਂ ਇਹ ਵੀ ਪੁਛਿਆ ਗਿਆ ਕਿ ਕੀ ਅਸੀਂ ਜੰਗ ਜਿਤ ਕੇ ਆਵਾਂਗੇ? ਹਜ਼ੂਰ ਸੂਰਜ ਵਲ ਚੇਹਰਾ ਕਰਕੇ ਇਕ ਲਤ ਦੇ ਭਾਰ ਥੋੜਾ ਚਿਰ ਖੜੇ ਰਹੇ, ਅਤੇ ਖੜੇ ਖੜੇ ਡਿਗ ਪਏ। ਉਠ ਕੇ ਆਖਣ ਲਗੇ ਤੁਸੀਂ ਜਿਤੋਗੇ ਨਹੀਂ ਹਾਰ ਕੇ ਆਉਗੇ।

ਜੰਗ ਵਿਚ ਸਿਖਾਂ ਨੇ ਬੁਰੀ ਤਰਾਂ ਹਾਰ ਖਾਧੀ। ਓਧਰ ਤਾਂ ਵਿਦੇਸ਼ੀ ਮੁਲਕ ਦਬੀ ਆ ਰਹੇ ਸਨ ਓਧਰ ਸਿਖੀ ਦੀ ਇਹ ਦਸ਼ਾ ਸੀ ਕਿ ਇਸ਼ਨਾਨ ਪਾਣੀ, ਭਜਨ ਬਾਣੀ ਅਤੇ ਸੇਵਾ ਦਾ ਕਿਸੇ ਨੂੰ ਕੋਈ ਚੇਤਾ ਹੀ ਨਹੀਂ ਸੀ ਰਿਹਾ। ਸਗੋਂ ਆਪਸ ਵਿਚ ਇਕ ਦੂਜੇ ਨੂੰ ਮਾਰਨ ਤੇ ਜ਼ੋਰ ਦੇ ਰਹੇ ਸਨ। ਗਿਆਨੀ ਗਿਆਨ ਸਿੰਘ ਜੀ ਨੇ ਉਸ ਵੇਲੇ ਦੀ ਸਿਖੀ ਦੀ ਦਸ਼ਾ ਨੂੰ ਇਉਂ ਚਿਤ੍ਰਿਤ ਕੀਤਾ ਹੈ:—

ਜਾਗ ਜਿਨ ਕੇ ਬਡੇਰੇ ਬਾਣੀ ਪੜਤੇ ਸਵੇਰੇ, ਗੁਰੂ ਗ੍ਰੰਥ ਬਿਨ ਹੇਰੇ।
ਅਨ ਜਲ ਪਾਨ ਨ ਕਰੈਂ। ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਖਯਾਤੀ।
ਪਾਇ ਹੈਂ ਨਾ ਝਾਤੀ ਮੂਸ ਗ੍ਰੰਥ ਬਾਤ ਜੋ ਪਰੈਂ। ਜਪੁਜੀ ਨ ਰਹੁਰਾਸ ਪੜੈਂ।
ਸੁਨੈ ਕਥੀ ਖਾਸ, ਔਰ ਜੋ ਪੜ੍ਹਤ ਪਾਸ ਹਾਸ ਤਿਨ ਯੋਂ ਰਰੈ। ਕਹਾਂ ਰੱਬ
ਬਹਿਰਾ ਹੈ ਗਹਿਰਾ ਪੁਕਾਰੈ ਜੋ ਤੂੰ ਸ਼ਹਿਰਾ ਮੈਂ ਜਾਇ ਲੁਕਮੇ ਰਜਾਇਲੇ ਤਰੈ।

ਇਥੇ ਹੀ ਬਸ ਨਹੀਂ ਸਿਖਾਂ ਦਾ ਪਹਿਰਾਵਾ ਵੀ ਬਦਲ ਗਿਆ। ਦਾੜ੍ਹੀ ਬੰਨਣ ਜਾ ਪਾੜਨ ਦਾ ਰਿਵਾਜ ਸਿਖਾਂ ਵਿਚ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਤਕ ਇਹ ਮਰਯਾਦਾ ਕਾਇਮ ਰਹੀ ਪਰ ਮਹਾਰਾਜਾ ਸ਼ੇਰ ਸਿੰਘ ਨੇ ਦਾੜ੍ਹੀ ਬੰਨੀ ਅਤੇ ਬਾਕੀ ਦੇ ਪਹਿਰਾਵੇ ਨੂੰ ਆਪਣੀ ਇਛਾ ਅਨੁਸਾਰ ਬਦਲਿਆ। ਇਸਦਾ ਵਰਨਣ ਕਰਦਿਆਂ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਕਬਿਤਾਂ ਵਿਚ ਲਿਖਿਆ ਹੈ :—

ਮਹਾਰਾਜ ਨੇ ਰਹਾਨਾ ਪੰਥ ਕਾ ਪੁਰਾਣਾ ਢੰਗ, ਫੇਰ ਬਦਲਾਨਾ ਰੰਗ ਕੂਪ ਭੰਗ ਜਿਉਂ ਪਰੈਂ।।

ਖੂਹ ਵਿਚ ਜੇ ਭੰਗ ਸੁਟ ਦਿਤੀ ਜਾਵੇ ਤਾਂ ਪਾਣੀ ਦਾ ਰੰਗ ਅਤੇ ਸਵਾਦ ਦੋਵੇਂ ਹੀ ਖਰਾਬ ਹੋ ਜਾਂਦੇ ਹਨ। ਇਸੇ ਤਰਾਂ ਦਾੜ੍ਹੀਆਂ ਬੰਨਣ ਅਤੇ ਪਹਿਰਾਵੇ ਬਦਲਨ ਨਾਲ ਪੰਥ ਦਾ ਰੰਗ ਢੰਗ ਬਦਲ ਗਿਆ। ਉਸ ਸਮੇਂ ਦੀ ਸਿਖੀ ਦੀ ਦਸ਼ਾ ਨੂੰ ਦੇਖਦਿਆਂ ਗਿਆਨੀ ਜੀ ਨੇ ਦੁਖੀ ਹੋ ਕੇ ਲਿਖਿਆ ਹੈ —

ਸਿਖੀ ਦਸਮੇਸ਼ ਕੀ; ਸੋ ਕੀ ਅਪਰ ਦੇਸ ਕੀ, ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੈ।।

1898 ਬਿਕ੍ਰਮੀ ਨੂੰ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਫੌਜ ਦੇ ਨਾਲ ਉਤਰੀ ਸਰਹਦ ਵਲ ਗਏ ਹਜਰੋਂ ਜਾ ਕੇ ਸ਼੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜਸ ਸੁਣ ਕੇ ਦਰਸ਼ਨ ਕਰਨ ਗਏ। ਸ਼੍ਰੀ ਸਤਿਗੁਰੂ ਜੀ ਬਾਲਕ ਸਿੰਘ ਜੀ ਉਸ ਸਮੇਂ ਆਦਿ ਸ਼੍ਰੀ ਗ੍ਰੰਥ ਸਾਹਿਬ ਤੋਂ ਕਥਾ ਕਰ ਰਹੇ ਸਨ ਅਤੇ ਸ਼ਬਦ ਆਇਆ ਸੀ:—
"ਠਾਕੁਰ ਤੁਮ ਸਰਣਾਈ ਆਇਆ। ਉਤਰ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸ਼ਨ ਪਾਇਆ।।

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਖ ਕੇ ਸ਼੍ਰੀ ਸਤਿਗੁਰੂ ਬਾਲਕ ਸਿੰਘ ਜੀ ਉਠ ਖੜੇ ਹੋਏ ਅਤੇ ਆਖਿਆ ਆਓ ਠਾਕੁਰ ਜੀ ਅਸੀਂ ਤੁਹਾਨੂੰ ਬੜੇ ਚਿਰ ਤੋਂ ਉਡੀਕਦੇ ਸਾਂ। ਬੜੇ ਅਦਬ ਨਾਲ ਬਿਠਾਇਆ ਭਜਨ ਅਤੇ ਗੁਰਤਾ ਦੀ ਦਾਤ ਮਰਯਾਦਾ·ਅਨੁਸਾਰ ਦਿਤੀ। ਇਸ ਦ੍ਰਿਸ਼ਯ ਨੂੰ ਗਿਆਨੀ ਗਿਆਨ ਸਿੰਘ ਜੀ ਆਪਣੇ ਪੰਥ ਪ੍ਰਕਾਸ਼ ਵਿਚ ਇਸ ਤਰਾਂ ਅੰਕਿਤ ਕਰਦੇ ਹਨ:—

ਬਾਲਕ ਮ੍ਰਿਗੇਸ਼ ਦਾ ਵਿਸ਼ੇਸ਼ ਯਸ ਸੁਨ ਸੋਊ, ਕੋਕਿਲ ਬਤਕ ਸੁਤ ਸਮ ਹੁਲਸਾਇਕੈ।
ਪੁਰਾ ਪੁੰਨਯ ਪੁੰਜ ਜਾਗਿਓ ਰੰਗਨ ਮੈਂ ਖੂਬ ਰਾਂਗਿਓ ਬਡਭਾਗੀ ਪਰੇਮ ਜਾਗਿਓ ਗਹੇ ਪਗ ਜਾਇਕੈ
ਪੇਖ ਅਧਿਕਾਰੀ ਈਸ ਅੰਸ ਅਵਤਾਰੀ ਤਹੁ ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇਕੈ।।
ਸਾਰ ਚਾਰ ਵੇਦਨ ਕੋ ਭ੍ਰਮ ਭੇਦ ਛੇਦਨ ਕੋ ਦਾਇ ਨਿਰਵੇਦਨ ਕੋ ਦੁਖ ਦੋਖ ਘਾਇਕੈ।

ਆਪ ਨੇ ਵਾਪਸ ਆ ਕੇ ਫੌਜ ਦੀ ਨੌਕਰੀ ਛਡ ਦਿਤੀ ਅਤੇ ਸ਼੍ਰੀ ਭੈਣੀ ਸਾਹਿਬ ਆ ਕੇ ਲੋਹੇ ਅਤੇ ਕਪੜੇ ਦੀ ਦੁਕਾਨ ਪਾਈ। ਆਏ ਗਏ ਨੂੰ ਪ੍ਰਸ਼ਾਦਾ ਵੀ ਛਕਾਉਦੇ ਅਤੇ ਨਾਮ ਦੀ ਦਾਤ ਵੀ ਦਿੰਦੇ।

"ਗੁਰ ਪ੍ਰਤਾਪ ਸੂਰਜ" ਗ੍ਰੰਥ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਸਿਖਾਂ ਦੇ ਪੁਛਣ ਤੇ ਦਸਮੇਸ਼ ਜੀ ਨੇ ਫਰਮਾਇਆ ਸੀ :—

"ਬੇਰ ਗਯਾਰਵੀਂ ਜਬ ਹਮ ਆਵੈਂ। ਤਾਂ ਤੇ ਕੋਇਕ ਹਮ ਲੱਖ ਪਾਵੈਂ।

ਸੋ ਗੁਰੂ ਬਾਲਕ ਸਿੰਘ ਜੀ ਗੁਪਤ ਰੂਪ ਵਿਚ ਹੀ ਰਹੇ। ਉਸ ਇਲਾਕੇ ਦੇ ਰਹਿਣ ਵਾਲਿਆਂ ਕੁਝ ਵਿਅਕਤੀਆਂ ਨੂੰ ਉਨਾਂ ਬਾਰੇ ਪਤਾ ਸੀ। ਜੇ ਇਤਿਹਾਸ ਨੂੰ ਗਹੁ ਨਾਲ ਵਾਚੀਏ ਤਾਂ ਪਤਾ ਲਗਦਾ ਹੈ ਕਿ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਸਮੇਸ਼ ਜੀ ਦੀ ਚਲਾਈ ਹੋਈ ਮਰਯਾਦਾ ਨੂੰ ਹੀ ਆਮ ਕਰਕੇ ਪ੍ਰਸਿਧ ਕੀਤਾ ਹੈ। ਭਾਰਤ ਦਾ ਪੁਰਾਣਾ ਇਤਿਹਾਸ ਇਸ ਗਲ ਦੀ ਸਾਖੀ ਭਰਦਾ ਹੈ ਕਿ ਧਰਮ ਵਿਚ ਸੁਦ੍ਰਿੜ ਰਹਿਣ ਵਾਲੇ ਮਹਾਂਪੁਰਸ਼ਾਂ ਤੋਂ ਹੀ ਆਮ ਲੋਕਾਂ ਨੂੰ ਜੀਵਨ ਪਧਰ ਉਚਾ ਕਰਨ ਦੀ ਪਰੇਰਨਾ ਮਿਲੀ।ਸਾਰ ਕੁਤਵਾਲੀ ਵਿਚ ਲਿਖਿਆ ਹੈ :—

ਧਰਮ ਸਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੀ
ਧਰਮ ਧਰੇ ਬੁਧਿਵਾਨ ਨਿਰੰਤਰ ਚਿਤ ਮਝਾਰੀ।।

ਮਨੂੰ ਸਿਮ੍ਰਿਤਿ ਦੇ ਅਧਿਆਏ 6 ਸਲੋਕ 92 ਵਿਚ ਧਰਮ ਦੇ ਦਸ ਅੰਗ ਲਿਖੇ ਹਨ । ਯਾਨੀ ਧੀਰਜ, ਖਿਮਾਂ, ਮਨ ਵਸ ਕਰਨਾ, ਚੋਰੀ ਦਾ ਤਿਆਗ, ਪਵਿਤਰਤਾ, ਇੰਦਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਬੁਧ, ਵਿਦਿਆ ਦਾ ਅਭਿਆਸ, ਸੱਚ, ਕ੍ਰੋਧ ਦਾ ਤਿਆਗ।

ਉਂਵ ਧਰਮ ਸ਼ਬਦ ਦਾ ਅਰਥ ਹੈ ਜੋ ਸੰਸਾਰ ਨੂੰ ਧਾਰਨ ਕਰਦਾ ਹੈ ਜਾਂ ਦੂਸਰੇ ਸ਼ਬਦਾਂ ਵਿਚ ਜਿਸ ਦੇ ਆਸਰੇ ਇਹ ਸੰਸਾਰ ਹੈ। ਸੰਸਾਰ ਵਿਚ ਇਸ ਪਵਿਤਰ ਵਸਤੂ ਨੂੰ ਦੇਣ ਲਈ ਹੀ ਦਸਮੇਸ਼ ਜੀ ਦਾ ਅਵਤਾਰ ਹੋਇਆ। ਆਪ ਨੇ ਆਪਣਾ ਇਸ ਸੰਸਾਰ ਵਿਚ ਆਉਣ ਦਾ ਕਾਰਣ ਹੀ ਇਹ ਦਸਿਆ ਹੈ:—

ਹਮ ਇਹ ਕਾਜ ਜਗਤ ਮੋਂ ਆਇ ਧਰਮ ਹੇਤ ਗੁਰਦੇਵ ਪਠਾਏ।
ਇਹੈ ਕਾਜ ਧਰਾ ਹਮ ਜਨਮੰ, ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਖਾਰਨ।। (ਬਚਿਤਰ ਨਾਟਕ)

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਧਰਮ ਨੂੰ ਜੀਵਨ ਦਾ ਸਰਵ ਸ਼ਰੋਮਣੀ ਅੰਗ ਮੰਨਦਿਆਂ

Sri Satguru Jagjit Singh Ji Elibrary NamdhariElibrary@gmail.com

ਹੋਇਆਂ ਆਪਦੇ ਰਹਿਤਨਾਮੇ ਵਿਚ ਫੁਰਮਾਇਆ :—

"ਹੋਰ ਸਭਨੇ ਹਥ ਜੋੜਨੇ ਪਰਮੇਸਰ ਅਗੇ, ਜੋ ਹੈ ਮਹਾਰਾਜ ਸਾਡਾ ਧਰਮ ਬਣਿਆ ਰਹੇ।"

ਅਤੇ ਇਸੇ ਕਰਕੇ ਆਪ ਨੇ ਸਿਖੀ ਪਰਚਾਰ ਦਾ ਮੁਢ ਵੀ 158 ਸਾਲ ਬਾਅਦ ਠੀਕ ਵਿਸਾਖੀ ਵਾਲੇ ਦਿਨ ਹੀ ਬੰਨਿਆ। ਦਸਮੇਸ਼ ਜੀ ਦੀ ਰੀਤੀ ਅਪਣਾਉਂਦਿਆਂ ਆਪ ਨੇ ਵੀ ਸੰਮਤ 1914 ਦੀ ਵਿਸਾਖੀ ਵਾਲੇ ਦਿਨ ਪਹਿਲਾਂ ਪੰਜ ਪਿਆਰੇ (ਬਾਬਾ ਕਾਨ੍ਹ ਸਿੰਘ ਜੀ ਨਿਹੰਗ, ਬਾਬਾ ਲਾਭ ਸਿੰਘ ਜੀ ਰਾਗੀ ਸੂਰਮਾ, ਬਾਬਾ ਆਤਮਾ ਸਿੰਘ ਜੀ ਆਲਮਹਾਰ, ਬਾਬਾ ਨੈਣਾ ਸਿੰਘ ਜੀ ਅਤੇ ਬਾਬਾ ਸੁਧ ਸਿੰਘ ਜੀ) ਸਾਜੇ ਇਨਾਂ ਨੂੰ ਸਿਖੀ ਨਿਯਮਾਂ ਵਿਚ ਐਸੇ ਪ੍ਰਪੱਕ ਕੀਤਾ ਕਿ ਇਨਾਂ ਨੇ ਕਈ ਹਜ਼ਾਰ ਪ੍ਰਾਣੀਆਂ ਨੂੰ ਕੁਕ੍ਰਮਾਂ ਤੋਂ ਹਟਾਕੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਅਜ ਕਲ ਦੀ ਤਰਾਂ ਪਰਚਾਰ ਕਰਨ ਦਾ ਜਾਂ ਵਿਆਖਿਆ ਕਰਨ ਦਾ ਰਿਵਾਜ਼ ਨਹੀਂ ਸੀ। ਸਭ ਤੋਂ ਪਹਿਲਾਂ ਕਾਰਜ ਜੋ ਆਪ ਨੇ ਸਿਖੀ ਪਰਚਾਰ ਦਾ ਕੀਤਾ , ਏਡਾ ਵਡਾ ਆਤਮਕ ਬਲ ਦਿਤਾ ਜੋ ਉਨਾਂ (ਸਿੰਘਾਂ) ਦਾ ਦਰਸ਼ਨ ਕਰਦੇ ਹੀ ਉਹ ਸਿੰਘ ਸਜ ਜਾਂਦੇ ਸੀ। ਇਹ ਇਕ ਐਸਾ ਮਹਾਨ ਕਾਰਜ ਸੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਹੀ ਹੋਇਆ ਅਤੇ ਨਿਰਸੰਦੇਹ ਹੀ ਪਹਿਲਾ ਆਖਿਆ ਜਾ ਸਕਦਾ ਹੈ।

ਜੋ ਸ੍ਰੀ ਸਤਿਗੁਰੂ ਜੀ ਦੇ ਅਨੁਯਾਈ ਨਹੀਂ ਹੋਏ ਉਹ ਵੀ ਸਿਖੀ ਪਰਚਾਰ ਦੇ ਇਸ ਜਾਦੂ ਵਰਗੇ ਅਸਰ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹੇ।

ਗਿਆਨੀ ਗਿਆਨ ਸਿੰਘ ਜੀ ਨਿਰਮਲੇ ਮਹਾਤਮਾਂ ਸਨ। ਉਸ ਵੇਲੇ ਦੇ ਵਿਰੋਧੀਆਂ ਨੇ ਉਨਾਂ ਦੇ ਮਨ ਵਿਚ ਕਈ ਤਰਾਂ ਦੇ ਸ਼ਕ ਪਾਏ ਅਤੇ ਕਈਆਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸਿੰਘਾਂ ਦੀ ਸੋਭਾ ਵੀ ਕੀਤੀ। ਸੋ ਗਿਆਨੀ ਜੀ ਦੋਹਾਂ ਚੀਜ਼ਾਂ ਨੂੰ ਸਪਸ਼ਟ ਕਰਨ ਲਈ ਆਪ ਸ੍ਰੀ ਭੈਣੀ ਸਾਹਿਬ ਆਏ। ਇਸੇ ਤਰਾਂ ਮੌਲਵੀ ਗੁਲਾਮ ਭੀਖ ਜਲੰਧਰ ਵਾਲੇ ਵੀ ਸਤਿਗੁਰੂ ਜੀ ਦੀ ਪ੍ਰਸਿਧੀ ਸੁਣ ਕੇ ਸ੍ਰੀ ਭੈਣੀ ਸਾਹਿਬ ਆਏ। ਉਨਾਂ ਨੇ ਆ ਕੇ ਜੋ ਕੁਝ ਆਪਣੀ ਅਖੀ ਦੇਖਿਆ ਉਸ ਤੋਂ ਪ੍ਰਭਾਵਿਤ ਹੋ ਕੇ ਉਹ ਤਾਰੀਖ ਵਾਕਰੀ ਵਿਚ ਇਸ ਤਰਾਂ ਲਿਖਦੇ ਹਨ:—

"ਮੈਂ ਖੁਦ ਭੈਣੀ ਗਿਆ ਔਰ ਦੇਖਾ ਕੂਕਿਓਂ ਨੇ ਜੋ ਤਰੀਕਾ ਅਖਤਿਆਰ ਕੀਆ ਹੈ ਵਹੁ ਕੁਛ ਔਰ ਨਹੀਂ ਹੈ ਵਹੁ ਅਸਲ ਮਜ਼ੂਬ ਸਿਖੋਂ ਕਾ ਹੀ ਹੈ। ਔਰ ਉਸੇ ਉਨਹੋਂ ਨੇ ਦੂਬਾਰਾ ਰੌਣਕ ਦੀ ਹੈ। ਮੈਲਾਨ ਉਨਕੀ ਤਬੀਅਤ ਕਾ ਅਸਲੀ ਰੁਖ ਸਿਖ ਮਜ਼ੂਬ ਕੀ ਜ਼ਾਨਬ ਹੈ ਪਰ ਉਨਕੋ ਤਰੀਕ ਔਰ ਡੇਢ ਲਾਖ ਆਦਮੀਉਂ ਸੇ ਭੀ ਜ਼ਿਆਦਾ ਗਰੋਹ ਕੋ ਇਤਫਾਕ ਸੇ ਯਹ: ਭੀ ਇਯਾਂ "ਹੈ ਕਿ ਯਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਰੀਕੇ ਪਰ ਚਲਤੇ ਹੈਂ। ਉਨੀਕੀ ਜੋਲਾਨੀਏ ਤਬਅ ਸਖਤ ਗੁਜਰਾਨ, ਨੀਮ ਸਭੀ ਪੰਚਾਇਤੇ ਔਰ ਸਪਾਹੀਯਾਨਾ ਵਜਅ ਕੋ ਦੇਖ ਕਰ ਗੋਰਮਿਟ ਪੰਜਾਬ ਕੀ ਨਜ਼ਰ ਉਨ ਕੇ ਉਪਰ ਹੁਈ, ਔਰ ਉਨਹੋਂ ਨੇ ਉਨ ਕੇ ਸਰਗਰੋਹ ਕੋ ਨਿਗਾਹ ਮੇਂ ਰਖਾ ਥਾ। .....

ਨਾਨਕ ਸ਼ਾਹ ਕੀ ਤਰਹ ਰਾਮ ਸਿੰਘ ਭੀ ਹਰ ਕੌਮ ਔਰ ਹਰ ਜ਼ਾਤ ਕੇ ਆਦਮੀ ਕੋ ਆਪਣੇ ਮਜ਼ੂਬ ਵਾ ਫਿਰਕੇ ਮੇਂ ਮਿਲਾ ਲੇਤਾ ਰਹਾ। ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਇਨ ਕੂਕੋਂ ਮੇਂ ਅਕਸਰ ਨੀਚੀ ਜ਼ਾਤ ਕੇ ਲੋਗ ਮਿਸਲ ਪੰਜਾਬੀ ਜਾਟ ਔਰ ਚਮਾਰ ਵਗੈਰਾ ਕੇ ਹੈਂ। ਅਕਾਇਦ ਉਨ ਕੇ ਸਾਫ ਔਰ ਆਸਾਨ ਹੈ ਯਾਨੀ ਬੁੱਤ ਪ੍ਰਸਤੀ ਕਿਸੀ ਤਰਹ ਕੀ ਜਾਇਜ਼ ਨਹੀਂ। ਕਿਸੀ ਜ਼ਾਤ ਕੀ ਕੈਦ ਨਹੀਂ ਹੈ।

Sri Satguru Jagjit Singh Ji Elibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਕੋ ਆਪਣਾ ਦੇਵਤਾ ਮਾਨਤੇ ਹੈਂ। ਹਰ ਕਿਸਮ ਕੀ ਬੁਰਾਈ ਕੋ ਗੁਨਾਂਹ· ਜਾਨਤੇ ਹੈਂ। ਚੋਰੀ ਜਨਾਹਕਾਰੀ, ਸ਼ਰਾਬਖੋਰੀ ਔਰ ਕੁਲ ਮੁਸਕਰਾਤੇ ਫ਼ਸਾਦ ਗੋਸ਼ੋਤ ਔਰ ਝੂਠ ਉਨਕੇ ਕਤਈ ਮਨਾਹ ਹੈ। ਜੋ ਕੋਈ ਕੂਕਾ ਹੋਤਾ ਹੈ ਔਰ ਯਹ ਮਜ਼ਬ ਅਖਤਿਆਰ ਕਰਤਾ ਹੈ, ਉਸ ਕੇ ਉਪਰ ਅਤਾਇਤ ਗੁਰੂ ਕੀ ਔਰ ਪਾਬੰਦੀ ਅਕਾਇਦ ਕੀ ਔਰ ਜਫਾਕਸ਼ੀ ਔਰ ਜਾਂ ਫਸਾਨੀ ਜਬਰਨ ਲਾਜ਼ਮ ਕਰਾਤੇ ਹੈਂ।ਬੜਾ ਮਕੂਲਾ ਉਨ ਕੇ ਯਹ ਹੈ। "ਮਰਨਾ ਕਬੂਲ ਕਰੋ ਜੀਨੇ ਕੀ ਖਾਹਸ਼ ਛੋੜੋ। ਆਪਨੇ ਭਾਈਂ ਖਾਕ ਸਮਝੋ ਤਬ ਕੂਕਾ ਬਣੋ। "ਕੂਕੋਂ ਕਾ ਰੋਜ਼ ਰਾਤ ਕੇ 3 ਵਜੇ ਉਠ ਕਰ ਨਹਾਨਾ ਹੋਤਾ ਹੈ। ਔਰ ਨਹਾ ਧੋ ਕਰ ਗ੍ਰੰਥ ਕੇ ਅਸ਼ਲੋਕ ਪੜਤੇ ਹੈਂ। ਉਨਕੋ ਤਮਾਮ ਉਮਰ ਨੇਕੀ ਔਰ ਨੇਕ ਚਲਨੀ ਕੀ ਤਾਕੀਦ ਕੀ ਜਾਤੀ ਹੈ। ..... ਕੂਕਾ ਕੇ ਫਿਰਕੇ ਮੇਂ ਕਿਸੀ ਨੇ ਮਕਾਰ ਔਰ ਬਦਇਖਲਾਕ ਕਮ ਦੇਖਾ ਹੋਗਾ। ਇਨ ਲੋਗੋਂ ਕੋ ਬੜੇ ਗਰੋਹ ਕੋ ਦੇਖ ਕਰ ਮਾਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰਕੀ ਹੁਈ ਹੈ। ਗਾਓਂ ਕੇ ਗਾਓਂ ਔਰ ਮੌਜ਼ਿਆਂ ਕੇ ਮੌਜ਼ਿਆਂ ਕੂਕੇ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ ਮੌਜੂਦ ਏ,ਨੇ ਸਿਲਸਿਲਾ ਅਰਸ਼ਾਦ ਸ਼ੁਰੂ ਕੀਆ,ਉਨ ਕੋ ਯਹ ਨਸੀਬ ਨ ਹੁਆ ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ ਉਨ ਕੇ ਚੇਲੇ ਮੇਂ ਹੋਤਾ, ਉਸ ਕੇ ਮਜ਼ਬ ਕਾ ਅਰੂਜ ਪਿਛਲੇ ਮਸਨਦ ਨਸ਼ੀਨੋਂ ਕੇ ਵਕਤ ਮੇਂ ਹੁਆ ਥਾ। ਇਸ ਮੌਜੂਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਯਾ .....।

ਜਬ ਕਿ ਗੁਰੂ ਕੋ ਕੋਈ ਨਯਾ ਗਸ਼ਤੀ ਹੁਕਮ ਜਾਰੀ ਕਰਨਾ ਮਨਜ਼ੂਰ ਹੋਤਾ ਹੈ ਤੋ ਵਹੁ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ ਵਹੁ ਉਸ ਹੁਕਮ ਕੋ ਲੇਕਰ ਜਿਤਨਾ ਉਸ ਸੇ ਦੌੜਾ ਜਾਤਾ ਹੈ, ਖਬਰ ਕਰਤਾ ਹੁਆ ਦੌੜਤਾ ਹੈ ਔਰ ਫਰਮਾਬਰਦਾਗੀ ਅਪਨੇ ਗੁਰੂ ਕੀ ਊਪਰ ਫਰਜ਼ ਜਾਨਤਾ ਹੈ।

ਜਬ ਵਹੁ ਥਕ ਕਰ ਚਲਨੇ ਕੇ ਕਾਬਲ ਨਹੀਂ ਰਹਿਤਾ, ਕਿਸੀ ਦੂਸਰੇ ਕੂਕੇ ਕੋ ਦੇਤਾ ਹੈ। ਜਬ ਵਹੁ ਭੀ ਦੌੜਤਾ ਕੂਕਾਓਂ ਕੋ ਉਸ ਗਸ਼ਤੀ ਹੁਕਮ ਸੇ ਮਤਲਅ ਕਰਤਾ ਹੁਆ ਥਕ ਜਾਤਾ ਹੈ ਤੋ ਵਹੁ ਭੀ ਕਿਸੀ ਦੂਸਰੇ ਦੂਕੇ ਕੋ ਦੇਤਾ ਹੈ, ਵਹੁ ਭੀ ਇਸੀ ਤਰਾਂ ਅਮਲ ਕਰਤਾ ਹੈ। ਗਰਜ਼ ਬਿਤਰਹ ਵਹੁ ਹੁਕਮ ਅਜਬ ਸੁਰਅਤ ਕੇ ਸਾਥ ਕੂਕਾਓਂ ਮੇਂ ਪਹੁੰਚ ਜਾਤਾ ਹੈ। ਚੇਲੇ ਉਸ ਕੇ ਰੋਜ਼ ਬਰੋਜ਼ ਜ਼ਿਆਦਾ ਹੋਤੇ ਗਏ ਔਰ ਬਿਨਾ ਸ਼ਕ ਇਖਲਾਕ ਉਸ ਕੇ ਚੇਲੋਂ ਕਾ ਸਿਖੋਂ ਕੀ ਨਿਸਬਤ ਬਿਹਤਰ ਹੋਤਾ ਚਲਾਥਾ। ਗਰਜ਼ ਕੂਕਾ, ਸਿਖੋਂ ਮੇਂ ਐਸੇ ਹੋ ਗਏ, ਕਿ ਜੈਸੇ ਮੁਸਲਮਾਨੋਂ ਮੇਂ ਵਹਾਬੀ।"

ਮੌਲਵੀ ਸਾਹਿਬ ਦੀ ਲਿਖਤ ਵਿਚੋਂ ਉਸ ਸਮੇਂ ਦੇ ਨਾਮਧਾਰੀਆਂ ਦੀ ਇਕ ਐਸੀ ਤਸਵੀਰ ਦਿਸਦੀ ਹੈ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਾਈ ਹੋਈ ਬਰਕਤ ਹੈ। ਵਰਤਮਾਨ ਸਮੇਂ ਦੇ ਢੰਗ ਨਾਲ ਪਰਚਾਰ ਕਰਕੇ ਬਣਾਏ ਜਾਣ ਤੇ ਏਨੇਂ ਸਿਖ ਏਨੇ ਥੋੜੇ ਸਮੇਂ ਵਿਚ ਨਹੀਂ ਬਣ ਸਕਦੇ। ਇਹ ਮਹਾਨਤਾ ਸਤਿਗੁਰੂ ਰਾਮ ਸਿੰਘ ਜੀ ਵਿਚ ਹੀ ਸੀ ਕਿ ਏਨੇਂ ਥੋੜੇ ਸਮੇਂ ਵਿਚ ਇਨੀ ਵਡੀ ਗਿਣਤੀ ਨਾਮਧਾਰੀਆਂ ਦੀ ਵਧੀ।

ਜਨਮ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਭਵਿਖ ਵਾਕ ਕੀਤੇ ਸਨ। ਇਸ ਭਵਿਖ ਬਾਣੀ ਦੇ ਕੁਛ ਹਿਸਿਆਂ ਦੇ ਭਾਵ ਮੌਲਵੀ ਗੁ: ਭੀ: ਦੇ ਭਾਵਾਂ ਨਾਲ ਮੇਲ ਖਾਂਦੇ ਹਨ :—

ਤੇ ਬਚਾ ਅਜਿਤਿਆ, ਤੈਂ ਜੋ ਪੁਛਿਆ ਹੈ ਕਿ ਕਿਉਂ ਕਰ ਵਰਤਾਰਾ ਸੋ ਭਾਈ ਜਬ ਦਸਵਾਂ ਜਾਮਾਂ ਹੋਵੇਗਾ ਤੇ ਯਾਰਵਾਂ ਗੁਪਤ ਵਰਤੇਗਾ ਤਿਸਤੇ ਪਿਛੇ ਆਪੋ ਆਪਣੀ ਹੋਇਕਰ ਵਰਤੇਗੀ ਅਤੇ

ਕੌਈ ਕਿਸੇ ਕਉ ਬਚੇਗਾ ਨਹੀਂ ਤੇ ਸਿਖੀ ਐਸੀ ਚਲੇਗੀ ਜੋ ਮਨ ਭਾਵਦਾ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿਚੋਂ ਨਿਕਲਨਗੇ। ਐਸੀ ਕਲਾ ਵਰਤੇਗੀ ਕਿ ਜੈਸੇ ਇਕ ਬਾਪ ਕੇ ਬੇਟੇ ਹੋਣ ਤੇ ਕੌਈ ਕਿਸੇ ਨਾਲ ਵਰਤੇਗਾ ਕੌਈ ਕਿਸੇ ਨਾਲ ਵਰਤੇਗਾ। ਸਲੋਕ "ਗੁਰ ਚੇਲੇ ਰਹਿਰਾਸ ਅੰਤਰ ਵੇਖੋ ਟੋਹਿ। ਸੁਆਂਗੀ ਹਰਿ ਪ੍ਰਭ ਹੋਇਆ ਨਹੀਂ ਮਿਲਾਵਾ ਤੋਹਿ।" ਤਿਸ ਕਾ ਪ੍ਰਮਾਰਥ। ਭਾਈ ਅਜਿਤਿਆ ਬਾਰਵਾਂ ਜਾਮਾ ਜਦ ਗੁਰੂ ਹੋਵੇਗਾ ਨਿਰਲੰਭ ਸਭ ਤੇ ਨਿਆਰਾ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇ ਆਪ ਕੌ ਜਣਾਵੇਗਾ ਨਹੀਂ ਔਰ ਨਿਰਮੋਹੋ ਹੋਵੇਗਾ ਅਤੇ ਆਸਰਾ ਲਏਗਾ ਸੋ ਇਕ ਅਕਾਲ ਪੁਰਖ ਕਾ ਲਏਗਾ ਤੇ ਤਿਸਕੌ ਕੌਈ ਲਖ ਨਾ ਸਕੇਗਾ। ਸੂਲੀ ਸ਼ਬਦ ਉਚਰੀਐਗਾ ਔਰ ਸ਼ਬਦ ਕਮਾਏਗਾ ਅਰ ਜੋ ਸਿਖ ਹੋਵਣਗੇ ਤਿਨਾਂ ਕਉ ਭੀ ਸ਼ਬਦ ਹੀ ਦਸੇਗਾ ਅਰ ਤਿਸ ਕੇ ਆਸਰੇ ਮਾਰਗ ਚਲੇਂਗੇ ਇਸ ਕਰਕੇ ਜਗਤ ਮੈਂ ਜੈਕਾਰ ਹੋਵੇਗਾ ਅਤੇ ਉਸਤਤ ਹੋਵੇਗੀ। ਅਰ ਜਹਾਂ ਤਕ ਕੌਈ ਸਿਖ ਤੁਟਾ ਭੰਨਾ ਹੋਵੇਗਾ ਸੋ ਸਭੋ ਉਸਕੀ ਪੈਰੀਂ ਆਪ . ਪੈਣਗੇ ਸੋ ਨਵੇਂ ਸਿਰੇ ਤੇ ਸਿਖ ਹੋਵਨਗੇ ਅਤੇ ਉਨ ਕ਼ਉ ਬਖਸ਼ ਕਰ ਗੁਰੂ ਬੋਹਿਥਾ ਹੋਵੇਗਾ ਅਤੇ ਜੋ ਸਿਖ ਹੋਵੇਗਾ ਸੋ ਉਹ ਜਹਾਜ਼ ਉਪਰ ਚੜ ਕਰ ਪਾਰ ਹੋਵੇਗਾ।

(ਜਨਮ ਸਾਖੀ ਛਾਪਕ ਮੌਲਵੀ ਮਹਿਬੂਬ ਅਲੀ ਸੰਮਤ ਗੁਰੂ ਨਾਨਕ ੪੨੧ ਬਿ: 1947 ਈ: 1980 ਮਹੀਨਾ ਅਕਤੂਬਰ)

ਇਹ ਕਹਿਣ ਵਿਚ ਰਤਾ ਭਰ ਵੀ ਭੁਲੇਖਾ ਨਹੀਂ ਕਿ ਮਰ ਚੁਕੀ ਸਿਖੀ ਨੂੰ ਹੋਂਦ ਵਿਚ ਲਿਆਉਣ ਵਾਲੇ ਕੇਵਲ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਅੰਮ੍ਰਿਤ ਦੀ ਮਰਯਾਦਾ ਗੁਰਬਾਣੀ ਦਾ ਪਾਠ ਅਤੇ ਅਦਬ ਇਸ਼ਨਾਨ ਦਾਨ ਨਾਮ ਜਪਣਾ ਅਤੇ ਆਏ ਅਤਿਥੀ ਦੀ ਸੇਵਾ ਇਹ ਸਭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹੀ ਦੇਣ ਹਨ।

ਸ੍ਰੀ ਭੈਣੀ ਸਾਹਿਬ ਜਿਥੇ ਹੁਣ ਲੰਗਰ ਦੇ ਦਾਣਿਆਂ ਦਾ ਸਟੋਰ ਹੈ 25 ਗ੍ਰੰਥ ਸਾਹਿਬ ਪ੍ਰਕਾਸ਼ ਹੁੰਦੇ ਸੂਬਿਆਂ ਸਮੇਤ ਸ੍ਰੀ ਸਤਿਗੁਰੂ ਜੀ ਪਾਸ ਬੈਠ ਕੇ ਆਪ ਪਾਠ ਕਰਦੇ ਅਤੇ ਸੁਣਦੇ ਅਤੇ ਹਰ ਮਹੀਨੇ ਭੋਗ ਪੈਂਦੇ।

ਸਿਖੀ ਪਰਚਾਰ ਦੇ ਸ਼ੁਰੂ ਦੇ ਦੌਰਿਆਂ ਵਿਚ ਪਿੰਡ ਪਿੰਡ ਜਾ ਕੇ ਆਪਣੇ ਪਿੰਡ ਵਾਸੀਆਂ ਤੋਂ ਗ੍ਰੰਥ ਸਾਹਿਬ ਦੀ ਬੀੜ ਪੁਛ ਕੇ ਮੰਗਾਉਣੀ ਘਟਾ ਮਿਟੀ ਝਾੜ ਕੇ ਮੰਜੀ ਸਾਹਿਬ ਉਪਰ ਰਖ ਕੇ ਪ੍ਰਕਾਸ਼ ਕਰਕੇ ਪਾਠ ਕਰਨ ਦੀ ਵਿਧੀ ਦਸਣੀ ਆਗਿਆ ਕਰਨੀ ਕਿ ਇਸ਼ਨਾਨ ਕਰਨ ਤੋਂ ਬਿਨਾਂ ਤਾਬਿਆ ਨਹੀਂ ਬੈਠਣਾ ਜੇ ਜੰਗਲ ਜਾ ਆਏ ਹੋਵੋ ਤਾਂ ਫਿਰ ਇਸ਼ਨਾਨ ਕਰਕੇ ਤਾਬਿਆ ਬੈਠੋ। ਸਿਖੀ ਤੋਂ ਭੁਲੇ ਹੋਏ ਲੋਕਾਂ ਨੂੰ ਗੁਰਬਾਣੀ ਦੇ ਅਦਬ ਕਰਨ ਦੀ ਵਿਧੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਦਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਜੋ ਭਵਿਖ ਵਾਕ ਕੀਤੇ ਸਨ ਕਿ "ਕਲਿਜੁਗ ਤੇ ਸਤਿਜੁਗ ਕਰ ਠਾਨੈਂ। ਤਬੀ ਬਾਰਵਾਂ ਬਪ ਪਹਿਚਾਨੈਂ।" ਉਨਾਂ ਦੀ ਪੂਰਤੀ ਹੋਣ ਦੇ ਸਬੂਤ ਨਾਮਧਾਰੀਆਂ ਤੋਂ ਬਿਨਾਂ ਹੋਰ ਲੇਖਕਾਂ ਵਲੋਂ ਮਿਲਦੇ ਹਨ ਜੋ ਅਕਟ ਹਨ।

ਜਿਨ੍ਹਾਂ ਗਿਆਨੀ ਗਿਆਨ ਸਿੰਘ ਜੀ ਦਾ ਵਰਣਨ ਉਪਰ ਆਇਆ ਹੈ ਉਨਾਂ ਨੇ ਆਪਣੇ ਕਬਿਤਾਂ ਵਿਚ ਲਿਖਿਆ ਹੈ :—

ਪਾਇ ਇਹ ਹੁਕਮ ਪ੍ਰਮੇਸ਼ ਦਾ ਵਿਸ਼ੇਸ਼ ਫਿਰ ਰਾਮ ਮੁਰੇਸ਼ ਉਪਦੇਸ਼ ਦੈਨ ਲਾਗਯੋ।।
ਹੁਕੇ ਛਡਵਾਏ ਰਖਵਾਏ ਕੇਸ ਮੋਨਓਂ ਕੇ ਸੁਧਾ ਛਕਬਾਂਦੇ ਸਿਖ ਭਾਗ ਜਿਨੈ ਜਾਗਯੋ।

Sri Satguru Jagjit Singh Ji Elibrary NamdhariElibrary@gmail.com

ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿਕੇ ਅਪਾਰੀ ਸਿਘ ਪੰਥ ਬਿਰਧਾਨੋ ਨਾਮ ਰਸ ਪਾਗਯੋ ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ ਠੱਗੀ ਤਜ ਥੀਏ ਸੰਤ, 'ਸਤਿਜੁਗ' ਆ ਗਿਓ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੇ ਮੁਢਲੇ ਸਾਲਾਂ ਵਿਚ ਸ੍ਰੀ ਭੈਣੀ ਸਾਹਿਬ ਵੀ ਬਹੁਤ ਭੀੜ ਰਹਿੰਦੀ। ਕਈ ਵੇਰ ਇਨੀ ਭੀੜ ਹੁੰਦੀ ਕਿ ੩ - ੩ ਆਦਮੀ ਹੇਠ ਉਤੇ ਚੜ੍ਹ ਜਾਂਦੇ। ਰਾਤ ਸੁਤਿਆਂ ਪਿਆਂ ਜੇ ਕਿਸੇ ਨੂੰ ਪਾਲਾ ਲਗਾ ਤੇ ਕੱਲ, ਦੇ ਕਿਸੇ ਦਾ ਲੀੜਾ ਖਿਚ ਕੇ ਆਪਣੇ ਉਪਰ ਲੈ ਲਿਆ ਹੈ। ਇਹ ਵਿਕਾਰ ਹੀ ਮਨ ਵਿਚੋਂ ਮਰ ਚੁਕਾ ਸੀ ਕਿ ਇਹ ਮੇਰੇ ਪਾਸ ਜੋ ਪਿਆ ਹੈ ਇਹ ਮਨੁਖ ਹੈ ਜਾਂ ਇਸਤ੍ਰੀ।

ਜਿਸ ਤਰਾਂ ਸਤਿਜੁਗ ਦੇ ਲੋਕਾਂ ਦੇ ਵਿਚਾਰ ਵਿਕਾਰ ਰਹਿਤ ਸਨ ਉਸੇ ਤਰਾਂ ਦੇ ਸਤਿਗੁਰੂ ਜੀ ਨੇ ਵੀ ਕਰ ਦਿਤੇ। ਸਿਘ ਸਜਣ ਵਾਲਿਆਂ ਲਈ ਮੁਢਲੀਆਂ ਸਿਖਿਆ ਦੇਣ ਸਮੇਂ ਇਹ ਆਖਿਆ ਜਾਂਦਾ ਕਿ ਚੋਰੀ ਚਾਰੀ ਨਹੀਂ ਕਰਨੀ, ਮਾਸ ਸ਼ਰਾਬ ਨਹੀਂ ਵਰਤਣਾ। ਸਫਾਈ ਦਾ ਏਨਾਂ ਖਿਆਲ ਰਖਿਆ ਜਾਂਦਾ ਕਿ ਦੰਦਾਂ ਦੀ ਮੈਲ ਵੀ ਨਹੇਰਨੇ ਨਾਲ ਲੁਹਾਈ ਜਾਂਦੀ।

ਅਨੰਦ ਪੁਰ ਦੇ ਪਹਿਲੇ ਹੋਲੇ ਨੂੰ ਜਾਂਦਿਆਂ ਕੀਰਤਪੁਰ ਇਕ ਵਿਅਕਤੀ ਸਿਘ ਸਜਣ ਲਈ ਹਾਜ਼ਰ ਹੋਇਆ। ਉਸ ਨੂੰ ਜਦ ਉਪਰੋਕਤ ਹੁਕਮ ਸੁਣਾਏ ਗਏ ਤਦ ਉਸ ਨੇ ਉਸ ਵੇਲੇ ਸਚ ਬੋਲਿਆ ਅਤੇ ਬੇਨਤੀ ਕੀਤੀ ਕਿ 600/- ਰੁਪੈ ਦੀ, ਚੋਰੀ ਦੀ ਘੋੜੀ ਐਸ ਵੇਲੇ ਮੇਰੇ ਘਰ ਬਧੀ ਖੜੋਤੀ ਹੈ। ਹੁਕਮ ਹੋਇਆ ਕਿ ਜਿਸ ਦੀ ਘੋੜੀ ਹੈ ਪਹਿਲੇ ਉਸ ਨੂੰ ਵਾਪਸ ਕਰਕੇ ਆਓ ਫਿਰ ਭਜਨ ਮਿਲੇਗਾ। ਉਸੇ ਵੇਲੇ ਉਹ ਸਜਣ ਵਾਪਸ ਗਿਆ ਘੋੜੀ ਵਾਲੇ ਨੂੰ ਘੋੜੀ ਦੇ ਕੇ ਫਿਰ ਆ ਕੇ ਭਜਨ ਲਿਆ।

ਸ੍ਰੀ ਗੁਰੂ ਗੋਬਿੰਦ ਸਿਘ ਜੀ ਦੇ ਉਪਰੋਕਤ ਭਵਿਖ ਵਾਕ ਦੀ ਪਰੋੜਤਾ ਵਿਚ ਇਕ ਇਹ ਵੀ ਪਰਤਖ ਪ੍ਰਮਾਣ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਫੇਦ ਬਾਣਾ ਪਹਿਨਣ ਦਾ ਹੁਕਮ ਦਿਤਾ। ਗਿਆਨੀ ਗਿਆਨ ਸਿਘ ਜੀ ਨੇ ਲਿਖਿਆ ਹੈ:—

"ਸ਼ੁਕਲ ਬਸਨ ਮਾਲਾ ਸ਼ੁਧੀ ਦਸਤਾਰ ਦਾੜ੍ਹੀ, ਕਰਹੈ ਰਸਨ ਪਾਠ ਗ੍ਰੰਥ ਗੁਰੂ ਚੁ ਕੇ ਹੈਂ।
ਦਸਮੇਂ ਗੁਰੂ ਕੇ ਸਿਘ ਸਾਦਕ ਸਹੀ ਹੈਂ, ਸਭ ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਹੇਰੇ ਜੈਸੇ ਲੱਖਨ ਹੈਂ ਟੇਰੇ ਤੈਸੇ ਗਿਆਨ ਸਿਘ, ਐਸੇ ਪ੍ਰਸਿਧ ਹੀ ਅਬਿਧ ਸਿਖ ਕੂਕੇ ਹੈਂ।"

ਮਹਾਂ ਭਾਰਤ ਦੇ ਵਨ ਪਰਵ ਦੇ 189 ਅਧਿਆਇ ਵਿਚ ਭਗਵਾਨ ਨੇ ਯੁਗਾਂ ਅਨੁਸਾਰ ਆਪਣੇ ਰੰਗ ਦਸੇ ਹਨ :—

ਸ਼ਵੇਤ ਕਰਿਤਯੁਗੇ ਵਰਸ਼ਾ, ਪੀਤ ਤ੍ਰੇਤਾ ਯੁਗੇ ਮਮ।
ਰਕਤੋ ਦਵਾਪਰ ਮਾਸਾਦਾ, ਕ੍ਰਿਸ਼ਨ ਕਲਯੁਗੇ ਤਥਾ।

ਭਾਵ ਸਤਿਜੁਗ ਵਿਚ ਸਫੇਦ ਤ੍ਰੇਤੇ ਵਿਚ ਪੀਲਾ ਦੁਆਪਰ ਵਿਚ ਲਾਲ ਅਤੇ ਕਲਜੁਗ ਵਿਚ ਕਾਲਾ।

ਮਾਝ ਰਾਗ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਦਾ ਸੰਕੇਤ ਕੀਤਾ ਹੈ।

"ਬਗਾ ਰਤਾ ਪੀਅਰਾ ਕਾਲਾ ਬੇਦਾ ਕਰੀ ਪੁਕਾਰ"

ਆਪ ਨੇ ਫਿਰ ਜੁਗਾਂ ਵਿਚ ਵੇਦਾਂ ਤੇ ਰੰਗਾਂ ਦੀ ਵੰਡ ਦਸਦਿਆਂ ਹੋਇਆਂ ਆਸਾ ਦੀ ਵਾਰ ਵਿਚ ਫੁਰਮਾਇਆ ਹੈ: "ਸਾਮ ਕਹੈ ਸੈਤੰਬਰ ਸੁਆਮੀ ਸਚਿ ਮਹਿ ਆਛੇ ਸਾਚਿ ਰਹੇ।"

ਸੱਚ ਬੋਲਣਾ ਅਤੇ ਸਫੈਦ ਬਸਤਰ ਧਾਰੀ ਹੋਣਾ ਸਤਿਜੁਗ ਦੀ ਪ੍ਰਮੁਖ ਨਿਸ਼ਾਨੀ ਹੈ ਜੋ ਸਤਿਗੁਰੂ

Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਜੀ ਨੇ ਕਲਜੁਗ ਵਿਚ ਪ੍ਰਚਲਤ ਕੀਤੀ ਅਤੇ ਦਸਮੇਸ਼ ਜੀ ਦੇ ਭਵਿਖ ਵਾਕ ਸਫਲ ਕੀਤੇ।

ਨਿਰਮਲ ਪੰਥ ਭੂਸ਼ਣ ਮਹੰਤ ਗਣੇਸ਼ਾ ਸਿੰਘ ਜੀ ਨੇ "ਭਾਰਤ ਮੱਤ ਦਰਪਣ" ਨਾਮ ਦੀ ਪੁਸਤਕ ਲਿਖੀ ਹੈ ਜਿਸ ਨੂੰ ਛਪ ਚੁਕੀ ਨੂੰ 30-35 ਸਾਲ ਦੇ ਕਰੀਬ ਹੋ ਗਏ ਹਨ। ਇਸ ਪੁਸਤਕ ਵਿਚ ਭਾਰਤ ਵਿਚ ਵਿਆਪ ਰਹੇ ਭਿੰਨ ਭਿੰਨ 96000 ਮਤਾਂ ਵਿਚੋਂ ਦੋ ਕੁ ਸੌ ਦੇ ਹਵਾਲੇ ਆਪ ਨੇ ਦਿਤੇ ਹਨ। ਨਾਮਧਾਰੀ ਪੰਥ ਦੀ ਵਿਆਖਿਆ ਕਰਦਿਆਂ ਆਪ ਨੇ ਹੇਠ ਲਿਖੇ ਸ਼ਬਦ ਵਰਤੇ ਹਨ —

"ਏਸ ਗਲ ਦੀ ਦੇਸ਼ ਭਰ ਵਿਚ ਧੂੰਮ ਪੈ ਗਈ ਦਿਨ ਪ੍ਰਤੀ ਦਿਨ ਮਾਲਵੇ ਮਾਝੇ ਪੋਠੋਹਾਰ ਅਰ ਦੁਆਬੇ ਆਦਿ ਪ੍ਰਾਂਤਾਂ ਦੇ ਅਨੇਕਾਂ ਹੀ ਜਗਯਾਸੂ ਆਇਆ ਜਾਇਆ ਕਰਨ ਅਰ ਨਾਮ ਲੈ ਲੈ ਕੇ ਸੇਵਕ ਹੁੰਦੇ ਜਾਣ। ਜਦ ਇਸ ਤਰਾਂ ਪਰਚਾਰ ਵਧ ਗਿਆ ਤਦ ਆਪ ਨੇ 22 ਸੂਬੇ ਅਕਬਰ ਦੀ ਤਰਾਂ ਨੀਯਤ ਕੀਤੇ ਅਰ ਹੁਕਮ ਦਿਤਾ ਕਿ ਜਿਸ ਅਧਿਕਾਰੀ ਨੂੰ ਜਿਹੜਾ ਸੂਬਾ ਨੇੜੇ ਹੋਵੇ ਉਥੇ ਚੇਲਾ ਹੋ ਜਾਵੇ। ਸੂਬੇ ਤੋਂ ਬਿਨਾਂ ਹੋਰ ਕਿਸੇ ਨੂੰ ਮੰਤਰ ਦੇਣ ਦਾ ਅਧਿਕਾਰ ਨਹੀਂ ਸੀ। ਇਸ ਰੀਤੀ ਨਾਲ ਵੀ ਚੰਗਾ ਪ੍ਰਚਾਰ ਹੋਣ ਲਗਾ। ਆਪ ਜਿਹੀ ਹੀ ਤਾਸੀਰ ਸੂਬਿਆਂ ਦੇ ਗੁਰਮੰਤ੍ਰ ਵਿਚ ਹੋਈ। ਇਸ ਤਰਾਂ ਅਣਗਿਣਤ ਆਦਮੀਆਂ ਅੰਮ੍ਰਿਤ ਛਕਾਏ ਕੇਸ ਰਖਾਏ, ਹੁਕੇ ਛਡਾਏ, ਭੰਗ ਪੋਸਤ ਅਫੀਮ ਆਦਿ ਨਸ਼ਿਆਂ ਦੀ ਭੈੜੀ ਆਦਤ ਬੰਦ ਕੀਤੀ। ਥਾਂ ਥਾਂ ਢੋਲਕ ਛੈਣਿਆਂ ਨਾਲ ਗੁਰੂ ਜੀ ਦੇ ਸ਼ਬਦਾਂ ਦਾ ਪੜਨਾ ਅਰੰਭ ਹੋਇਆ। ਗੰਦੇ ਗੀਤ ਜਾਂ ਬੋਲੀਆਂ ਦਾ ਕੋਈ ਨਾਮ ਤਕ ਨਾ ਲਵੇ। ਸਮੇਂ ਸਮੇਂ ਪਰ ਹਵਨ, ਗੁਰੂ ਗ੍ਰੰਥ ਸਾਹਿਬ ਦੇ ਪਾਠ ਅਰ ਜੋੜ ਮੇਲੇ ਹੋਇਆ ਕਰਨ। ਗਲ ਕਾਹਦੀ ਇਕ ਵਾਰ ਕਲਿਜੁਗ ਵਿਚ ਹੀ "ਸਤਿਜੁਗ" ਦੀ ਲੜੀ ਵਰਤਾ ਦਿਤੀ।

ਸਫੈਦ ਵਸਤ੍ਰ ਸਿਧੀ ਦਸਤਾਰ ਚਿਟੀ ਉਨ ਦੀ ਮਾਲਾ, ਚਿਟੇ ਉਨ ਦੇ ਆਸਣ, ਸਿਧੀ ਦਾੜੀ, ਕਰਦ ਕੜਾ ਕਛ ਆਦਿ ਸੰਕੇਤ ਰਖਦੇ ਹਨ। ਸਕੇਸ਼ ਅਸ਼ਨਾਨ ਕਰਨਾ ਮਦ ਮਾਸ ਨਹੀਂ ਖਾਣਾ, ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾਣਾ।" ..... (ਭਾਰਤ ਮਤਦਰਪਣ ਪੰਨਾ 91-92)

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਸਿਧ ਇਤਿਹਾਸ ਖੋਜੀ ਸ੍ ਸਮਸ਼ੇਰ ਸਿੰਘ ਅਸ਼ੋਕ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਅਨੰਦ ਮਰਯਾਦਾ ਨੂੰ ਆਪਣੀ ਪੁਸਤਕ " ਪੰਜਾਬ ਦੀਆਂ ਲਹਿਰਾਂ" (ਪੰਨਾ 44) ਵਿਚ ਸਤਿਜੁਗੀ ਵਰਣਨ ਕੀਤਾ ਹੈ। ਆਪ ਲਿਖਦੇ ਹਨ :—

"ਆਪਣੇ ਆਪਣੇ ਸਮੇਂ ਵਿਚ ਸਿਖ ਸਤਿਗੁਰੂਆਂ ਨੇ ਲੋੜ ਅਨੁਸਾਰ ਸਿਖੀ ਨਿਯਮਾਂ ਵਿਚ ਵਾਧੇ ਕੀਤੇ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਮੇਂ ਵਿਚ ਪਰਿਵਰਤਨ ਲਿਆਂਦਾ। ਅਰਥਾਤ ਜੁਗ ਬਦਲਿਆ। ਗੁਰਬਾਣੀ ਵਿਚ ਲਿਖਿਆ ਹੈ : "ਸਤਿਜੁਗ ਸੱਚ ਕਹੈ ਸਭ ਕੋਈ" — ਸਚ ਬੋਲਣ ਵਾਲੇ ਥੋੜੇ ਸਮੇਂ ਵਿਚ ਬੜੀ ਵਡੀ ਗਿਣਤੀ ਵਿਚ ਬਣਾ ਦਿਤੇ ਜਿਨਾਂ ਨੇ ਸਚ ਵੀ ਉਹ ਬੋਲਿਆ ਜੋ ਆਪਣੀ ਮਿਸਾਲ ਆਪ ਹੀ ਹੈ।"

ਹਰ ਪ੍ਰਾਣੀ ਮਾਤਰ ਲਈ ਜਾਨ ਸਭ ਤੋਂ ਪਿਆਰੀ ਵਸਤ੍ਰ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਨੇ ਸਚ ਬੋਲ ਕੇ ਸਤਿਜੁਗ ਦਾ ਉਦਾਹਰਣ ਪੇਸ਼ ਕੀਤਾ। ਅੰਮ੍ਰਿਤਸਰ ਬੁਚੜ-ਬਧ ਕਰਨ ਉਪਰੰਤ ਜਦ ਫਰੰਗੀ ਸਰਕਾਰ ਦੇ ਉਚ ਅਫਸਰ (ਮਿਸਟਰ ਕ੍ਰਿਸਟੀ) ਪੁਲਿਸ ਕਪਤਾਨ ਨੇ ਤਫਤੀਸ਼ ਵਿਚ ਅਫਸਲਤਾ ਦੇਖਦਿਆਂ ਨਿਰਦੋਸ਼ ਹਿੰਦੂ ਅਤੇ ਨਿਹੰਗਾਂ ਤੋਂ ਜਬਰਨ ਦੋਸ਼ ਮਨਵਾ ਲਿਆ ਜਿਸ ਦਾ ਪਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਲਗਾ। ਉਹ ਬੁਚੜ-ਬਧ ਕਰਨ ਵਾਲੇ ਸਿੰਘ ਜਦੋਂ ਆਪ ਜੀ ਦੇ

Sri Satguru Jagjit Singh Ji Elibrary NamdhariElibrary@gmail.com

ਪਾਸ ਆਏ ਤਾਂ ਆਪ ਨੇ ਫੁਰਮਾਇਆ ਕਿ ਤੁਸੀਂ ਆਪ ਜਾ ਕੇ ਹਾਜ਼ਰ ਹੋ ਕੇ ਅਦਾਲਤ ਵਿਚ ਦੋਸ਼ ਮੰਨੋ। ਸਿੰਘਾਂ ਨੇ ਜਾ ਕੇ ਸਚੋ ਸਚ ਦਸਿਆ, ਆਪਣਾ ਦੋਸ਼ ਮੰਨਿਆ ਅਤੇ ਜੀਵਨ ਬਲੀਦਾਨ ਕੀਤੇ। ਗਿਆਨੀ ਗਿਆਨ ਸਿੰਘ ਜੀ ਨੇ ਇਸ ਘਟਨਾ ਨੂੰ ਇਉਂ ਲਿਖਿਆ ਹੈ :—

ਸੁਧਪਕਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ ਅੰਗਰੇਜ਼ੋਂ ਗਹਿ ਕੈ ਦੁਖਯਾਰੇ।
ਕੀਨੇ ਰੌਰ ਪੈ। ਦੇਨ ਲਗੇ ਫਾਂਸੀ ਜਬ ਆਇ ਖੁਦ ਕੂਕੇ ਤਬ ਕਾਤਲ ਸਬੂਤ
ਆਪ ਥੀਏ ਸਭ ਤੌਰ ਪੈ। ਖੁਸ਼ੀ ਹੋਇ ਦੀਏ ਸੀਸ, ਗਏ ਈਸ ਲੌਕ ਮਾਹਿ
ਕੌਟਲੇ ਮਲੇਰ ਫੇਰ ਥਾਪੈ ਸਾਕਾ ਔਰ ਪੈ।''

ਇਹ ਇਕ ਐਸੀ ਘਟਨਾ ਹੈ ਜਿਸ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨਤਾ ਸੂਰਜ ਵਤ ਰੌਸ਼ਨ ਹੁੰਦੀ ਹੈ। ਜੈਸਾ ਕਿ ਪਿਛੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਵਿਖ ਵਾਕ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵਿਸ਼ੇਸ਼ਤਾ ਆਈ ਹੈ, ਦਸਮੇਸ਼ ਜੀ ਨੇ ਵੀ ਗੁਰਿਡ ਨਾਮੇ ਵਿਚ ਪਹਿਲਾਂ ਹੀ ਲਿਖ ਦਿਤਾ ਸੀ:—

''ਦਵਾ ਦਸ ਪੁਰਖ ਹੈ ਆਦਿ ਸੋ ਸਭ ਹਨ ਕੇ ਸਿਰਮੌਰ
ਸਕਤਿ ਅਨੰਤੀ ਆ ਇਹੈ ਆਦਿ ਇਹੈ ਨਹੀਂ ਔਰ।''

ਉਪਰੋਕਤ ਹਵਾਲਿਆਂ ਤੋਂ ਇਹ ਸਪਸ਼ਟ ਹੋਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਕਲਿਜੁਗ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਲਾਇਆ ਸੀ।

ਸ੍ਰ ਕਪੂਰ ਸਿੰਘ ਆਈ.ਸੀ.ਐਸ. ਆਪਣੀ ਪੁਸਤਕ ਸਪਤ ਸ੍ਰਿੰਗ ਦੇ ਪੰਨਾ 10 ਤੇ ਲਿਖਦੇ ਹਨ:—

''ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਸੁਧਾਰਕ ਤੇ ਰਾਹੁਨੁਮਾ ਹੋਏ ਹਨ ਜਿਨਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਕੰਮ ਕੀਤੇ ਹਨ, ਉਹ ਛਡ ਭੀ ਦੇਈਏ ਤਾ ਉਨ੍ਹਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹਕਦਾਰ ਹਨ ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜ੍ਹਾ ਕਰ ਦੇਂਦਾ ਹੈ।''

ਭਾਵੇਂ ਸਰਦਾਰ ਜੀ ਆਪਣੇ ਨਿਸਚੇ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਨਾਨਕ — ਗੁਰੂ ਗੋਬਿੰਦ ਸਿੰਘ ਦੀ ਲਾਈਨ ਵਿਚ ਗੁਰੂ ਨਹੀਂ ਮੰਨਦੇ, ਪਰ ਗੁਣਾਂ ਵਿਚ ਬਰਾਬਰਤਾ ਦਿੰਦੇ ਹਨ। ਇਸੇ ਪੁਸਤਕ ਦੇ ਪੰਨਾ 15 ਤੇ ਆਪ ਲਿਖਦੇ ਹਨ:—

''ਸੱਚੀ ਗਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹੀ ਨਹੀਂ ਹੋਈ ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉਚਾ ਰਖਿਆ ਹੋਵੇ। ਜਿਸ ਦਾ ਮੰਤਵ ਜਾਤੀ ਤੇ ਜੰਤਾ ਦੇ ਆਤਮਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।''

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਨੂੰ ਵਾਚ ਕੇ ਪ੍ਰਭਾਵਿਤ ਹੋ ਕੇ ਹੀ ਆਪ ਦਸਮੇਸ਼ ਜੀ ਵਾਲੀਆਂ ਸਿਫਤਾਂ ਸਤਿਗੁਰੂ ਜੀ ਵਿਚ ਦਸਦੇ ਹਨ।

ਸ਼੍ਰੀ ਸਤਿਗੁਰੂ ਜੀ ਅਤੇ ਨਾਮਧਾਰੀ ਪੰਥ ਦੇ ਹੋਏ ਤੇਜ਼ ਪ੍ਰਤਾਪ ਨੇ ਅੰਗਰੇਜ਼ ਹਕੂਮਤ ਦੀਆਂ ਅਖਾਂ ਚੁੰਧਿਆਈਆਂ। ਸ਼੍ਰੀ ਸਤਿਗੁਰੂ ਜੀ ਦੇ ਬਾਹਰ ਜਾਣ ਤੇ ਪਾਬੰਦੀ ਲਾਈ। ਆਪ ਨੇ ਪੰਜ ਸੂਬੇ ਥਾਪ ਦਿਤੇ ਜੋ ਨਵੇਂ ਸਿੰਘ ਸਜਾਉਦੇ ਸਨ। ਇਨਾਂ ਪੰਜਾਂ ਨੂੰ ਵੀ ਸਰਕਾਰ ਨੇ ਬਾਹਰ ਜਾਣ ਤੋਂ ਰੋਕ ਦਿਤਾ ਫਿਰ ਆਪ ਨੇ 17 ਸੂਬੇ ਹੋਰ ਥਾਪ ਦਿਤੇ ਅਤੇ ਇਲਾਕੇ ਵਾਰ ਵੰਡ ਕਰ ਦਿਤੀ ਪ੍ਰਚਾਰ ਕਰਨ ਦੀ ਇਨਾਂ ਸੂਬਿਆਂ ਦੀ ਜ਼ਬਾਨ ਵਿਚ ਸ਼੍ਰੀ ਸਤਿਗੁਰੂ ਜੀ ਵਾਲੀ ਹੀ ਸ਼ਕਤੀ ਸੀ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ :—

"ਸੂਬੇ ਕੀਨ ਖਾਈ ਤਿਨ ਅਕਬਰ ਸ਼ਾਹ ਨਿਆਈ, ਤਿਨਕੀ ਜ਼ਬਾਨ ਮੈਂ ਤਾਸੀਰ ਥਾਈ ਵੈਸਹੀ"

ਜੋ ਭਜਨ ਪੁਛਦੇ ਸੀ ਉਹ ਸਿੰਘ ਹੀ ਨਹੀਂ ਸਜਦੇ ਸਨ ਬਲਕਿ ਅੰਗਰੇਜ਼ੀ ਸਰਕਾਰ ਵਿਰੁਧ ਇਕ ਕਿਸਮ ਦੀ ਭਰਤੀ ਹੋ ਰਹੀ ਸੀ। ਐਸੀ ਬਦਲਦੀ ਹੋਈ ਸਥਿਤੀ ਦੇਖ ਕੇ ਅੰਗਰੇਜ਼ ਸਰਕਾਰ ਦੀ ਘਬਰਾਹਟ ਦਿਨੋਂ ਦਿਨ ਵਧਦੀ ਜਾ ਰਹੀ ਸੀ। ਸੰਮਤ 1924 (ਸੰਨ 1867) ਦੇ ਹੋਲੇ ਤੇ ਸ਼੍ਰੀ ਸਤਿਗੁਰੂ ਜੀ ਅਨੰਦਪੁਰ ਗਏ। ਸਰਕਾਰ ਵਲੋਂ ਫਜ਼ਲ ਹੁਸੈਨ ਇੰਸਪੈਕਟਰ ਪੋਲੀਸ ਦੀ ਡਿਊਟੀ ਤੇ ਲਾਇਆ ਗਿਆ ਸੀ। ਕਿ ਉਹ ਨਾਮਧਾਰੀਆਂ ਦੀ ਨਿਗਾਬਾਨੀ ਕਰੇ ਅਤੇ ਉਨਾਂ ਦੀਆਂ ਹਰਕਤਾਂ ਦਾ ਹਰ ਤਰਾਂ ਖਿਆਲ ਰਖੇ। ਫਜ਼ਲ ਹੁਸੈਨ ਆਪਣੀ 20 ਮਾਰਚ 1867 ਦੀ ਰਿਪੋਰਟ ਵਿਚ ਲਿਖਦਾ ਹੈ:—

"I made several unsuccessful attempts to obtain from these men some information as to their family residence. All I could elicit from them was that since their conversion to Kookaism, they had forgotton their residence, and only know of Bhaince as such, and of Ram Singh of their Gooroo."

ਭਾਵ — "ਇਨ੍ਹਾਂ (ਕੂਕਿਆਂ) ਦੇ ਘਰਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਬਹੁਤ ਸਾਰੇ ਅਸਫਲ ਪ੍ਰਯਤਨ ਕੀਤੇ ਹਨ। ਕਹਿੰਦੇ ਹਨ ਕਿ ਜਦ ਤੋਂ ਅਸੀਂ ਕੂਬੇ ਬਣੇ ਹਾਂ ਸਾਨੂੰ ਸਭ ਕੁਝ ਭੁਲ ਗਿਆ ਹੈ ਸਿਰਫ ਭੈਣੀ (ਸਾਹਿਬ) ਸਾਡੀ ਰਿਹਾਇਸ਼ ਸਾਨੂੰ ਯਾਦ ਹੈ ਅਤੇ ਰਾਮ ਸਿੰਘ ਸਾਡਾ ਗੁਰੂ।"

ਅੰਗਰੇਜ਼ ਵਰਗਾ ਚਾਲਾਕ ਹਾਕਮ ਉਸ ਵੇਲੇ ਦੇ ਨਾਮਧਾਰੀਆਂ ਤੋਂ ਉਨਾਂ ਦੇ ਗੁਪਤ ਭੇਦ ਨਹੀਂ ਜਾਣ ਸਕਿਆ। ਸਾਰੀ ਦੁਨੀਆਂ ਦੀ ਜਾਣਕਾਰੀ ਵਾਲਾ ਕੋਸ਼ "ਐਨਸਾਈਕਲੋਪੀਡੀਆ ਬ੍ਰਿਟੇਨਕਾ" ਦੀ ਜਿਲਦ 20 ਪੰਨਾ 648 ਤੇ ਵੀ ਲਿਖਿਆ ਹੈ :—

"When Sikhism revived, all its divisions were equally resusciated. A notable example of this was furnished by the Kukas (shouters) who professed to be ethically strict followers of (Guru) Gobind Singh but ohserved such secrecy that they were debited with the degrading practices so often ascribed to such sects. The Kuka insignia a high straight turban and knotted necklace or rosary of wool hint at an originally military asceticism and possiblly some connections with Banda Bairagi but their significance has never been disclosed."

ਅਨੁਵਾਦ — ਜਦੋਂ ਸਿਖੀ ਦਾ ਪੁਨਰ ਜਨਮ ਹੋਇਆ ਤਾਂ ਇਸ ਦੇ ਸਾਰੇ ਜਥੇ ਇਕੋ ਜੈਸੇ ਉਭਰੇ। ਇਨ੍ਹਾਂ ਸਭਨਾਂ ਵਿਚੋਂ ਸਭ ਤੋਂ ਵਧੀਆ ਉਦਾਹਰਣ ਕੂਕਿਆਂ ਵਲੋਂ ਜਿਹੜੇ ਧਾਰਮਿਕ ਤੌਰ ਤੇ (ਗੁਰੂ) ਗੋਬਿੰਦ ਸਿੰਘ ਦੇ ਕਟੜ ਪੈਰੋਕਾਰ ਹੋਣ ਦਾ ਸਬੂਤ ਦਿੰਦੇ ਹਨ, ਪੇਸ਼ ਕੀਤੀ ਗਈ ਮਗਰ ਉਹ ਇਤਨੇ ਅਲੋਪ ਰਹੇ ਕਿ ਉਨਾਂ ਉਪਰ ਕਈ ਘਟੀਆ ਕਿਸਮ ਦੇ ਦੋਸ਼ ਅਰਪਣ ਕੀਤੇ ਗਏ ਜੋ ਕਿ ਅਜਿਹੇ ਫਿਰਕਿਆਂ ਨਾਲ ਜੋੜੇ ਜਾਂਦੇ ਹਨ। ਕੂਕਿਆਂ ਦੀ ਸੁੰਦਰ ਸਿਧੀ ਦਸਤਾਰ ਗਲੇ ਉਨ ਦੀ ਮਾਲਾ ਦੇਵਗਣਾਂ ਵਾਲੇ ਸੈਨਿਕ ਚਿਨ੍ਹਾਂ ਦੇ ਪ੍ਰਤੀਕ ਹਨ। ਜਿਨਾਂ ਦਾ ਸਬੰਧ ਬੰਦੇ ਬੈਰਾਗੀ ਨਾਲ ਮੇਲਿਆ ਜਾ ਸਕਦਾ ਹੈ। ਮਗਰ ਇਨਾਂ ਦੀ ਅਸਲੀਅਤ ਕਦੇ ਵੀ ਪ੍ਰਗਟ ਨਹੀਂ ਹੋਣ ਦਿਤੀ ਗਈ।

ਭਾਈ ਕਾਨ੍ਹ ਸਿੰਘ (ਕਰਤਾ ਮਹਾਂ ਕੋ) ਨੇ ਛੋਟੀ ਉਮਰ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਕੀਤੇ। ਆਪ ਨੇ ਬੜੀ ਸੁੰਦਰ ਕਵਿਤਾ ਵਿਚ ਸ੍ਰੀ ਸਤਿਗੁਰੂ ਜੀ ਦੀ ਸਿਫਤ ਕਰਦਿਆਂ ਲਿਖਿਆ ਹੈ:—

"ਵਿਸ਼ਯ ਅਗਨ ਕਰ ਤਪਤ ਰਿਦੈ, ਜਿਨ ਨਾਮ ਅੰਮ੍ਰਿਤ ਦੇ ਠਾਰੇ।
ਗੁਰੂ ਮਤ ਦੇ ਅਨੁਰਾਗੀ, ਕੀਤੇ ਪਾਪੀ ਪਾਮਰ ਭਾਰੇ।
ਭੰਗ ਸ਼ਰਾਬ ਅਫੀਮ ਛੁਡਾ ਕੇ ਨਸ਼ਾ ਪਰੇਮ ਦਾ ਦਿੱਤਾ
ਮੰਗ ਖਾਨ ਨੂੰ ਖੰਡਨ ਕੀਤਾ ਦਸ ਧਰਮ ਦਾ ਕਿੱਤਾ
ਫੂਟ ਈਰਖਾ ਦਵੈਤ ਭਾਵ ਅਰ ਨਫਰਤ ਮਨੋਂ ਹਟਾਈ
ਮੁਦਤਾ ਮੈਤ੍ਰੀ ਕਰਣਾ ਦਿੜ੍ਹ ਕਰ, ਸਿਖਾਂ ਚਿਤ ਵਸਾਈ
ਭੁਖਾ, ਨੰਗਾ, ਰੋਗੀ ਸੋਗੀ ਜੋ ਸਰਨੀ ਚੱਲ ਆਵੇ
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਸ ਬਿਤਾਵੇ।
ਦੀਨ ਕਰਿ ਅਪਮਾਨਿਤ ਜੀਵਾਂ ਸਵੈ ਸਤਿਗਾਰ ਦ੍ਰਿੜਾਯਾ
ਭਗਤ ਗਯਾਨੀ ਸੂਰਬੀਰ ਹੋ ਰਹਿਣਾ ਜਗਤ ਸਿਖਾਯਾ
ਸ੍ਰੀ ਗੁਰਦਾਸ ਕਹਯੋ ਗੁਰ 'ਨਾਨਕ ਨਿਰਮਲ ਪੰਥ' ਚਲਾਯਾ
ਗੁਰ ਆਗਿਆ ਅਨੁਸਾਰ ਪ੍ਰਗਟ ਸੋ ਅਮਲੀ ਤੌਰ ਦਿਖਾਯਾ।
ਕਲ ਗ੍ਰੀਖਮ ਕਰ ਤਪੇ ਜਗਤ ਨੂੰ ਪਾ ਵਸ ਜਲਧਰ ਹੋਯਾ
ਸਵਾਂਤ ਬੂੰਦ ਬਨ ਚਾਤ੍ਰਿਕ ਪ੍ਰੇਮੀ ਦਾ, ਪਯਾਸ ਦੁਖ ਖੋਯਾ
ਸਿਖੀ ਬਾਂਗ ਖਿਜਾਂ ਜਦ ਗੁਸਯਾ ਭਯੋ ਪੱਤ੍ਰ ਬਿਨ ਸਾਯਾ।
ਰੂਪ ਬਸੰਤ ਧਾਰ ਕੇ ਬਾਬਾ ਦਿਨ ਬਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਭਿ ਵਰਾਕੇ।
ਪ੍ਰੇਮੀ ਭੌਰ ਹੋਵੇ ਮਸਤਾਨੇ ਪਾਣ ਘੁਮੇਰੀ ਆ ਕੇ।
ਕੂਕੇ ਕੋਇਲ ਡਾਲ ਗਸਾਲੀ ਮੋਰ ਪਾਇਲਾਂ ਪਾਂਦੇ।
ਇਸ ਮੰਡਲ ਆ ਹੋਣ ਅਰੋਗੀ ਰਾਗ — ਰੋਗ ਦੇ ਮਾਂਦੇ।
ਬਾਲ ਅਵਸਥਾ ਵਿਚ "ਵ੍ਰਿਜੇਸ਼" ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸ ਦੀ ਮਿਠੀ ਬਾਣੀ ਅਗੇ ਫਿਕੀ ਲਗਦੀ ਚੀਨੀ।
ਦਰਸ਼ਨ ਕਕਰੇ ਨੇਤ੍ਰ ਵਿਗਸਦੇ ਜਿਮ ਰਵਿ ਪਿਖ ਗੁਲ ਚੀਨੀ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਚੀਨੀ ਵਾਲੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਿਰਫ ਗੁਰੂ ਨਹੀਂ ਲਿਖਿਆ ਪਰ ਉਪਮਾਂ ਵਿਚ ਗੁਰੂ ਹੀ ਦਰਸਾ ਦਿਤੇ ਹਨ।

Sri Satguru Jagjit Singh Ji Elibrary NamdhariElibrary@gmail.com

ਸਿਖ ਪੰਥ ਨੂੰ ਹੋਂਦ ਵਿਚ ਲਿਆਉਣਾ ਆਪ ਦੀ ਇਕ ਮਹਾਨ ਦੇਣ ਹੈ ਜਿਸ ਦੀ ਉਪਮਾਂ ਕੀਤੀ ਨਹੀਂ ਜਾ ਸਕਦੀ। ਆਪ ਨੇ ਸੰਸਾਰ ਦੇ ਮੋਹ ਮਾਇਆ ਤੋਂ ਰਹਿਤ ਪਰੋਪਕਾਰੀ ਐਸੇ ਧਰਮੀ ਤੇ ਦੇਸ਼ ਭਗਤ ਸਿਖ ਤਿਆਰ ਕੀਤੇ ਜਿਨ੍ਹਾਂ ਦਾ ਨਿਤ ਕਰਮ ਦੇਖ ਕੇ ਵਿਦੇਸ਼ੀ ਸ਼ਾਸ਼ਕ ਫਿਕਰ ਵਿਚ ਪੈ ਗਿਆ। ਉਨ੍ਹਾਂ ਸਿਖਾਂ ਨੇ ਵਿਦੇਸ਼ੀਆਂ ਦੀਆਂ ਪੈਦਾ ਕੀਤੀਆਂ ਹੋਈਆਂ ਧਰਮ ਨਾਸ਼ਕ ਸ਼ਕਤੀਆਂ ਦੇ ਦਿਲ ਦਹਿਲਾ ਦਿਤੇ।



ਕੂਕਾ ਲਹਿਰ ਦਾ ਰਾਜਸੀ ਪੱਖ

ਸਵਰਗਯ ਡਾ: ਫੌਜਾ ਸਿੰਘ
ਅਧਿਅਕਸ਼, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਾਡੇ ਕੁਝ ਲੇਖਕ ਵਿਦਵਾਨ ਅਜੇ ਤਕ ਕੂਕਾ ਲਹਿਰ ਦੇ ਸੰਬੰਧ ਵਿਚ ਸਿੰਘ ਸਭਾ ਲਹਿਰ ਦੁਆਰਾ ਪਾਏ ਭੁਲੇਖਿਆਂ ਤੋਂ ਮੁਕਤ ਨਹੀਂ ਹੋ ਸਕੇ ਅਤੇ ਕੂਕਾ ਲਹਿਰ ਨੂੰ ਉਸ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਜੋ ਮਹਤਤਾ ਮਿਲਣੀ ਚਾਹੀਦੀ ਹੈ, ਉਹ ਨਹੀਂ ਦੇ ਰਹੇ। ਇਹ ਕੇਵਲ ਕੂਕਾ ਲਹਿਰ ਨਾਲ ਹੀ ਬੇ-ਇਨਸਾਫੀ ਨਹੀਂ ਸਗੋਂ ਸਿਖ ਇਤਿਹਾਸ ਨਾਲ ਵੀ ਅਨਿਆਇ ਹੈ।

ਸਿੰਘ ਸਭਾ ਲਹਿਰ ਦੀ ਮਹੱਤਤਾ ਤੋਂ ਮੈਂ ਇਨਕਾਰੀ ਨਹੀਂ ਹਾਂ — ਕੋਈ ਵੀ ਸਮਝਦਾਰ ਮਨੁਖ ਇਸ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦਾ। ਸਿਖ ਕੌਮ ਉਤੇ ਇਸ ਦੀ ਛਾਪ ਅਮਿਟ ਹੈ। ਪਰ ਇਹ ਭੁਲਣਾਂ ਨਹੀਂ ਚਾਹੀਦਾ ਕਿ ਇਹ ਲਹਿਰ ਅੰਗਰੇਜ਼ਾਂ ਦੀ ਹਮਾਇਤ ਨਾਲ ਸ਼ੁਰੂ ਹੋਈ ਸੀ ਅਤੇ ਇਸ ਵਿਚ ਉਨ੍ਹਾਂ ਦਾ ਉਦੇਸ਼ ਸਿਖਾਂ ਦੇ ਮਨਾਂ ਨੂੰ ਕੂਕਾ ਪ੍ਰਭਾਵਾਂ ਤੋਂ ਪਰੇ ਖੜਣਾ ਸੀ। ਇਸ ਦੇ ਸਿਟੇ ਵਜੋਂ ਕੂਕਿਆਂ ਦੀ ਨੁਕਤਾਚੀਨੀ, ਉਨਾਂ ਦੀ ਵਿਰੋਧਤਾ, ਹਰ ਉਸ ਸਿਖ ਲਈ ਇਕ ਪ੍ਰਕਾਰ ਦਾ ਫੈਸ਼ਨ ਬਣ ਗਿਆ, ਜਿਸ ਨੂੰ ਫਰੰਗੀ ਸਰਕਾਰ ਦੀ ਖੁਸ਼ਨੁਦੀ ਦਰਕਾਰ ਸੀ।

ਪੂਰੁ ਇਸ ਸਬੰਧ ਵਿਚ ਇਕ ਅੰਤਰ ਜ਼ਰੂਰ ਆ ਗਿਆ ਹੈ। ਉਨੀਵੀਂ ਸਦੀ ਦੇ ਅਖੀਰ ਵਿਚ ਜਦ ਕਿ ਸਿੰਘ ਸਭਾ ਲਹਿਰ ਪੂਰੇ ਜੋਬਨ ਤੇ ਸੀ, ਕੂਕਾ ਲਹਿਰ ਨੂੰ ਅੰਗਰੇਜ਼ ਵਿਰੋਧੀ, ਸਰਕਾਰ ਵਿਰੋਧੀ ਤੇ ਰਾਜਸੀ ਪਖੋਂ ਖਤਰਨਾਕ ਲਹਿਰ ਕਰਕੇ ਭੰਡਿਆ ਜਾਂਦਾ ਸੀ। ਹੁਣ ਜਦ ਸਮੇਂ ਦੇ ਗੇੜ ਨਾਲ ਅੰਗਰੇਜ਼ ਵਿਰੋਧਤਾ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਉਤਮ ਭਾਗ ਮੰਨਿਆ ਜਾਣ ਲਗ ਪਿਆ ਹੈ ਤਾਂ ਇਸ ਲਹਿਰ ਦੇ ਵਿਰੋਧੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ "ਇਹ ਤਾਂ ਕੇਵਲ ਧਾਰਮਕ ਤੇ ਸਮਾਜ ਸੁਧਾਰ ਲਹਿਰ ਹੀ ਸੀ, ਇਸਨੂੰ ਰਾਜਸੀ ਲਹਿਰ ਕਹਿਣਾ ਭੁਲ ਹੈ। 1857 ਦੇ ਵਿਦ੍ਰੋਹ ਤੋਂ ਸਹਿਮੇ ਹੋਏ ਅੰਗਰੇਜ਼ਾਂ ਨੇ ਖਾਹ ਮਖਾਹ ਬਗੈਰ ਕਿਸੇ ਕਾਰਨ ਦੇ ਕੂਕਿਆਂ ਨੂੰ ਹਕੂਮਤ ਦੇ ਵਿਰੋਧੀ ਸਿਆਸੀ ਬਾਗੀ ਕਰਾਰ ਦੇ ਦਿਤਾ, ਜਿਹੜਾ ਕਿ ਹਕੀਕਤ ਤੋਂ ਬਹੁਤ ਦੂਰ ਹੈ। ਅਵਸ਼ ਹੀ ਇਹਨਾਂ ਲੋਕਾਂ ਦਾ ਨਾਂ ਪਹਿਲਾਂ ਪੈਤੜਾ ਠੀਕ ਸੀ, ਨਾ ਹੁਣ ਵਾਲਾ ਪੈਂਤੜਾ ਠੀਕ ਹੈ। ਇਤਿਹਾਸਕ ਖੋਜ ਦੇ ਹਿਤ ਵਿਚ ਇਸ ਸਮਸਿਆ ਦਾ ਨਿਰਣਾ ਵਿਗਿਆਨਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਤੇ ਮਨਾਂ ਅੰਦਰ ਬਹਿ ਗਏ ਭਰਮਾਂ ਭੁਲੇਖਿਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਇਸ ਵਿਸ਼ੇ ਦੇ ਸੰਬੰਧ ਵਿਚ ਮੈਂ ਕੁਝ ਤੱਥ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦਾ ਹਾਂ ਜਿਹੜੇ ਮੇਰੇ ਮਤ ਅਨੁਸਾਰ ਇਸ ਗੁਥੀ ਦੇ ਸੁਲਝਾਉਣ ਵਿਚ ਸਹਾਈ ਹੋ ਸਕਦੇ ਹਨ।

Sri Satguru Jagjit Singh Ji Elibrary NamdhariElibrary@gmail.com

1857 ਵਿਖੇ ਜਦ ਅਜੇ ਵਿਦ੍ਰੋਹ ਦਾ ਆਰੰਭ ਹੋਣਾ ਸੀ, ਬਾਬਾ ਰਾਮ ਸਿੰਘ ਜੀ ਨੇ ਜੋ ਪ੍ਰੋਗਰਾਮ ਤਿਆਰ ਕੀਤਾ ਸੀ ਤੇ ਆਪਣੇ ਕੁਝ ਨਿਕਟਵਰਤੀਆਂ ਸਾਹਮਣੇ ਰਖਿਆ, ਉਸ ਵਿਚ ਕਈ ਅਜਿਹੀਆਂ ਚੀਜ਼ਾਂ ਸਨ ਜਿਨਾਂ ਦੀ ਮਹੱਤਤਾ ਨਿਰੇ ਧਾਰਮਕ ਤੇ ਸਮਾਜਕ ਸੁਧਾਰ ਤੋਂ ਬਹੁਤ ਅਗੇ ਚਲੀ ਜਾਂਦੀ ਹੈ।

ਇਨਾ ਵਿਚੋਂ ਮੇਰੇ ਵਿਚਾਰ ਅਨੁਸਾਰ ਇਕ ਨੰਬਰ ਤੇ ਬਾਬਾ ਜੀ ਦਾ ਉਹ ਮਹਾਨ ਉਦਮ ਸੀ ਜੋ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਰਹਿਤ ਮਰਿਯਾਦਾ ਦੀ ਬਹਾਲੀ ਵਾਸਤੇ ਕੀਤਾ। ਅੰਮ੍ਰਿਤਪਾਨ ਦੀ ਮਹੱਤਤਾ ਜੋ ਖਾਲਸਾ ਰਾਜ ਦੇ ਸਮੇਂ ਤਾਕਤ ਤੇ ਦੌਲਤ ਦੇ ਪ੍ਰਭਾਵ ਹੇਠ ਪਿਛਵਾੜੇ ਚਲੀ ਗਈ ਸੀ, ਉਸ ਉਤੇ ਉਨਾਂ ਨੇ ਮੁੜ ਤੋਂ ਜ਼ੋਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੇ ਅੰਮ੍ਰਿਤ ਦੁਆਰਾ ਕੌਮਾਂ ਜਾਂ ਪੰਥਾਂ ਵਿਚ ਨਵੀਂ ਤਾਕਤ ਲਿਆਂਦੀ, ਨਵਾਂ ਸਾਹਸ ਭਰਿਆ, ਨਵਾਂ ਸੰਗਠਨ ਕਾਇਮ ਕੀਤਾ। ਜੇ ਗੁਰੂ ਸਾਹਿਬ ਦੇ ਰਚੇ ਸਾਹਿਤਕ ਗ੍ਰੰਥਾਂ ਨੂੰ ਜਿਨਾਂ ਵਿਚ ਚੰਡੀ ਦੀ ਵਾਰ, ਆਤਮ ਕਥਾ, ਸਵੱਯੇ, ਆਦਿ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ ਅਤੇ ਉਨਾਂ ਦੇ ਖਾਲਸਾ ਸਿਰਜਨ ਤੋਂ ਪਹਿਲੋਂ ਦੇ ਜੀਵਨ ਦਾ ਧਿਆਨ ਪੂਰਵਕ ਅਧਿਅਨ ਕੀਤਾ ਜਾਵੇ, ਤਾਂ ਬਿਲਕੁਲ ਸਿਧ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਸਾਹਮਣੇ ਸਭ ਤੋਂ ਵਡੀ ਵੰਗਾਰ ਮੁਗਲ ਹਾਕਮਾਂ ਦੇ ਅਤਿਆਚਾਰਾਂ ਤੇ ਜਨਤਾ ਵਿਰੋਧੀ ਵਤੀਰਿਆਂ ਦਾ ਟਾਕਰਾ ਕਰਨਾ ਸੀ। ਇਸ ਕਾਰਜ ਸਿਧੀ ਲਈ ਉਨਾਂ ਨੇ ਅਵਸ਼ ਸਮਝਿਆ ਕਿ ਇਕ ਅਜਿਹੀ ਜਥੇਬੰਦੀ ਦਾ ਨਿਰਮਾਣ ਕੀਤਾ ਜਾਏ ਜੋ ਇਕ ਨਵੇਂ ਨਰੋਏ, ਅਤਿਆਚਾਰ ਤੋਂ ਮੁਕਤ, ਉਤਮ ਧਾਰਮਕ ਤੇ ਸਮਾਜਕ ਕਦਰਾਂ ਕੀਮਤਾਂ ਤੇ ਆਧਾਰਤ ਸਮਾਜ ਕਾਇਮ ਕਰੇ ਅਤੇ ਜੋ ਜਥੇਬੰਦੀ ਉਨਾਂ ਨੇ ਇਸ ਮਨੋਰਥ ਲਈ ਸਥਾਪਤ ਕੀਤੀ, ਉਹ ਖਾਲਸਾ ਸੀ। ਖਾਲਸੇ ਦਾ ਸਬੰਧ ਸਮੁਚੇ ਜੀਵਨ ਘੋਲ ਨਾਲ ਜੋੜਿਆ ਗਿਆ ਜਿਸ ਵਿਚ ਸਾਰੇ ਪੱਖ, ਧਾਰਮਕ, ਸਮਾਜਕ, ਆਰਥਕ, ਸਦਾਚਾਰਕ, ਰਾਜਨੀਤਕ ਆਦਿ ਸ਼ਾਮਲ ਹੁੰਦੇ ਹਨ। ਜ਼ਾਲਮ ਨਾਲ ਲੋਹਾ ਤੇ ਉਸ ਦਾ ਸਤਿਆਨਾਸ ਕਰ ਕੇ ਨਵੇਂ ਸਮਾਜ ਦੀ ਰੂਪ ਰੇਖਾ ਉਲੀਕਣਾ ਖਾਲਸੇ ਦੇ ਉਦੇਸ਼ ਦਾ ਜ਼ਰੂਰੀ ਅੰਗ ਸੀ। ਬਾਬਾ ਰਾਮ ਸਿੰਘ ਜੀ ਦੇ ਸਾਹਮਣੇ ਵੀ ਇਕ ਕਰੜੀ ਵੰਗਾਰ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਵੰਗਾਰ ਨਾਲ ਮਿਲਦੀ ਜੁਲਦੀ ਹੈ। ਇਸ ਲਈ ਬਾਬਾ ਜੀ ਦਾ ਵਿਸ਼ਵਾਸ਼ ਸੀ ਕਿ ਇਸ ਵੰਗਾਰ ਦਾ ਮੁਕਾਬਲਾ ਕਰਨ ਲਈ ਸਭ ਤੋਂ ਵਧੀਆ ਤਰੀਕਾ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਬਹਾਲੀ ਹੈ।

ਇਸ ਪ੍ਰੋਗਰਾਮ ਦੀ ਪੂਰਤੀ ਦੇ ਰਾਹ ਵਿਚ ਇਕ ਵਡੀ ਰੁਕਾਵਟ ਇਹ ਸੀ ਕਿ ਇੰਡੀਅਨ ਆਰਮਜ਼ ਐਕਟ ਦੇ ਅਧੀਨ ਕਿਰਪਾਨ ਸਜਾਉਣਾ ਕਾਨੂੰਨ ਦੇ ਵਿਰੁਧ ਸੀ। ਬਾਬਾ ਜੀ ਨੇ ਇਸ ਮੁਸ਼ਕਲ ਦਾ ਹਲ ਲਭਿਆ ਕਿ ਉਹਨਾਂ ਦੇ ਨਵੇਂ ਸਜੇ ਅੰਮ੍ਰਿਤਧਾਰੀ ਸਿਖ ਕਿਰਪਾਨ ਦੀ ਥਾਂ ਲਾਠੀ ਰਖਣ। ਲਾਠੀ ਰਹਿਤ ਮਰਯਾਦਾ ਵਿਚ ਕਿਰਪਾਨ ਦਾ ਠੀਕ ਬਦਲ ਤਾਂ ਨਹੀਂ ਸੀ ਹੋ ਸਕਦੀ ਕਿਉਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਹਾ ਪਹਿਨਣ ਅਤੇ ਲੋਹੇ ਦੇ ਸ਼ਸ਼ਤਰ ਰਖਣ ਉਤੇ ਜ਼ੋਰ ਦਿਤਾ ਸੀ ਨਾ ਕਿ ਲਕੜੀ ਦੇ ਹਥਿਆਰ ਰਖਣ ਤੇ। ਫਿਰ ਵੀ ਸਮੇਂ ਅਨੁਸਾਰ ਕਿਰਪਾਨ ਨਾ ਰਖਣ ਨਾਲੋਂ ਲਾਠੀ ਰਖਣਾ ਕਿਤੇ ਚੰਗਾ ਸੀ। ਇਸ ਸਬੰਧ ਵਿਚ ਇਹ ਵੀ ਨਹੀਂ ਭੁਲਣਾਂ ਚਾਹੀਦਾ ਕਿ ਲਾਠੀਆਂ ਦੇ ਨਾਲ ਘਵਾੜੀਆਂ, ਟਕੂਟੇ ਤੇ ਗੰਡਾਸੇ ਵੀ ਰਖੇ ਜਾਂਦੇ ਸਨ, ਜਿਹੜੇ ਲੋਹਾ ਰਖਣ ਦੀ ਲੋੜ ਨੂੰ ਕੁਝ ਹਦ ਤਕ ਜ਼ਰੂਰ ਪੂਰਾ ਕਰ ਦੇਂਦੇ ਸਨ।

ਜਿਸ ਤਰਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਦੇ ਦਿਲਾਂ ਵਿਚ ਸੂਰਮਗਤੀ ਦੀ ਭਾਵਨਾ ਭਰਨ ਲਈ ਸੈਨਿਕ ਸਿਖਲਾਈ ਦਾ ਪ੍ਰੋਗਰਾਮ ਆਰੰਭ ਕੀਤਾ ਸੀ, ਇੰਜ ਹੀ ਬਾਬਾ ਰਾਮ ਸਿੰਘ ਜੀ ਤੇ ਉਨਾਂ ਦੇ ਉਘੇ ਸੂਬਿਆਂ ਨੇ ਆਪਣੇ ਅਨੁਯਾਈਆਂ ਨੂੰ ਸੈਨਿਕ ਕਸਬ ਵਿਚ ਸਿਖਲਾਈ ਦੇਣ ਲਈ ਕਵਾਇਦ ਸ਼ੁਰੂ ਕੀਤੀ। ਚੂੰਕਿ ਇਹ ਕੰਮ ਖੁਲਮ ਖੁਲਾ ਨਹੀਂ ਸੀ ਹੋ ਸਕਦਾ । ਇਸ ਲਈ ਇਹ ਆਮ ਤੌਰ ਤੇ ਰਾਤੀਂ ਕੀਤਾ ਜਾਂਦਾ ਸੀ। ਸਾਡੇ ਪਾਸ ਅਜੇ ਤਕ ਕਈ ਸਰਕਾਰੀ ਜਸੂਸਾਂ ਦੀਆਂ ਖੁਫੀਆ ਰਿਪੋਰਟਾਂ ਮੌਜੂਦ ਹਨ ਜੋ ਇਸ ਵਿਸ਼ੇ ਤੇ ਚੋਖੀ ਰੌਸ਼ਨੀ ਪਾਉਦੀਆਂ ਹਨ।

ਬਾਬਾ ਜੀ ਦੇ ਪ੍ਰੋਗਰਾਮ ਦਾ ਇਕ ਹੋਰ ਜ਼ਰੂਰੀ ਅੰਗ ਚੰਡੀ ਦਾ ਪਾਠ ਸੀ। ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਐਸੀ ਰਚਨਾ ਹੈ ਜਿਸ ਦੇ ਪਾਠ ਨਾਲ ਸਰੀਰ ਦੇ ਲੂੰ ਲੂੰ ਵਿਚ ਬਹਾਦਰੀ ਦਾ ਜਜ਼ਬਾ ਸਮਾ ਜਾਂਦਾ ਹੈ। ਇਸ ਵਾਰ ਵਿਚ ਦੇਵਤਿਆਂ ਤੇ ਰਾਖਸ਼ਾਂ ਦੀ ਲੜਾਈ ਦਾ ਵਰਨਣ ਹੈ। ਕਹਾਣੀ ਪੌਰਾਣਕ ਹੈ। ਪ੍ਰੰਤੂ ਗੁਰੂ ਜੀ ਨੇ ਇਸ ਦਾ ਕੇਵਲ ਲੜਾਈ ਨਾਲ ਸੰਬੰਧਤ ਭਾਗ ਹੀ ਲਿਆ ਹੈ। ਇਸ ਵਾਰ ਦੀ ਰਚਨਾ ਵਿਚ ਗੁਰੂ ਜੀ ਦਾ ਪ੍ਰਮੁਖ ਉਦੇਸ਼ ਬਹਾਦਰੀ ਜਾਂ ਵੀਰਤਾ ਦੀ ਭਾਵਨਾ ਪੈਦਾ ਕਰਨਾ ਸੀ। ਇਸ ਲਈ ਬਾਬਾ ਰਾਮ ਸਿੰਘ ਜੀ ਦਾ ਇਸ ਵਾਰ ਦੇ ਪਾਠ ਨੂੰ ਆਪਣੇ ਸਮੁਚੇ ਕਾਰਜਕ੍ਰਮ ਵਿਚ ਸ਼ਾਮਲ ਕਰਨਾ ਤੇ ਉਸ ਨੂੰ ਸਰੇਸ਼ਟ ਦਰਜਾ ਦੇਣਾ ਸਪਸ਼ਟ ਕਰਦਾ ਹੈ ਕਿ ਬਾਬਾ ਜੀ ਵੀ ਇਸ ਦੁਆਰਾ ਵੀਰਤਾ ਦੀ ਭਾਵਨਾ ਉਤਪੰਨ ਕਰਨਾ ਚਾਹੁੰਦੇ ਸਨ। ਜਿਸ ਢੰਗ ਨਾਲ ਇਹ ਪਾਠ ਕੀਤਾ ਜਾਂਦਾ ਸੀ, ਉਹ ਉਹਨਾਂ ਦੇ ਅੰਦਰਲੇ ਮਨੋਰਥਾਂ ਨੂੰ ਹੋਰ ਵੀ ਸਾਫ ਕਰ ਦਿੰਦਾ ਹੈ। ਇਹ ਪਾਠ ਹਵਨ ਦੁਆਲੇ ਕੀਤਾ ਜਾਂਦਾ ਸੀ। ਹਵਨ ਦੀ ਅਗ ਦਾ ਸੇਕ, ਹਵਨ ਵਿਚ ਪੈ ਰਹੀ ਸੁਗੰਧੀ ਦੀ ਵਿਸ਼ੇਸ਼ ਸੁਗੰਧੀ ਤੇ ਚੰਡੀ ਦੀ ਵਾਰ ਦਾ ਵੀਰ ਰਸ — ਇਨਾਂ ਸਭਨਾ ਦਾ ਕੀ ਅਸਰ ਹੋ ਸਕਦਾ ਸੀ ਸਿਵਾਇ ਇਸ ਦੇ ਕਿ ਵੀਰਤਾ ਤੇ ਕੁਰਬਾਨੀ ਦੀ ਸਪਿਰਟ ਨਾਲ ਸਾਰਾ ਤਨ ਮਨ ਭਰਪੂਰ ਹੋ ਜਾਏ?

ਕੂਕਾ ਪ੍ਰੋਗਰਾਮ ਦਾ ਇਕ ਹੋਰ ਵਡਾ ਤੇ ਮਹੱਤਵਪੂਰਨ ਭਾਗ ਗਊ ਹਤਿਆ ਦੀ ਵਿਰੋਧਤਾ ਸੀ। ਇਸ ਸਬੰਧ ਵਿਚ ਸਾਡੇ ਕਈ ਵਿਦਵਾਨਾਂ ਨੂੰ ਬੜਾ ਭੁਲੇਖਾ ਲਗਾ ਹੈ। ਇਕ ਵਿਦਵਾਨ ਨੇ ਤਾਂ ਇਥੋਂ ਤਕ ਕਹਿ ਦਿਤਾ ਹੈ ਕਿ ਕੂਕਿਆਂ ਉਤੇ ਬ੍ਰਾਹਮਣਾਂ ਦਾ ਅਸਰ ਬਹੁਤ ਸੀ ਤੇ ਇਸੇ ਲਈ ਉਹ ਗਊ ਹਤਿਆ ਦਾ ਵਿਰੋਧ ਕਰਦੇ ਸਨ। ਇਸ ਤੋਂ ਵਧੇਰੇ ਗਲਤ ਗਲ ਸ਼ਾਇਦ ਹੀ ਕੋਈ ਹੋਵੇਗੀ। ਬਾਬਾ ਰਾਮ ਸਿੰਘ ਜੀ ਦਾ ਹਮੇਸ਼ਾਂ ਇਹ ਯਤਨ ਰਹਿੰਦਾ ਸੀ ਕਿ ਸਿਖੀ ਨੂੰ ਬ੍ਰਾਹਮਣੀ ਪ੍ਰਭਾਵਾਂ ਤੋਂ ਬਚਾਇਆ ਜਾਵੇ। ਉਨ੍ਹਾਂ ਨੇ ਦੇਵੀ, ਦੇਵਤਿਆਂ, ਮੂਰਤੀਆਂ, ਮੜ੍ਹੀਆਂ, ਸਮਾਧਾਂ ਆਦਿ ਦੀ ਪੂਜਾ ਦਾ ਕਰੜਾ ਵਿਰੋਧ ਕੀਤਾ ਤੇ ਕੇਵਲ ਗੁਰਬਾਣੀ ਗਾਇਨ ਕਰਨ ਅਤੇ ਇਕ ਨਿਰੰਕਾਰ ਦੀ ਉਪਾਸ਼ਨਾਂ ਤੇ ਜ਼ੋਰ ਦਿਤਾ। ਇਸ ਲਈ ਇਹ ਕਹਿਣਾ ਕਿ ਉਹ ਬ੍ਰਾਹਮਣਾਂ ਦੇ ਅਸਰ ਹੇਠ ਸਨ, ਬਿਲਕੁਲ ਨਿਰਮੂਲ ਗਲ ਹੈ।

ਇਹ ਸਮਝਣ ਲਈ ਕਿ ਕੂਕੇ ਗਊ ਹਤਿਆ ਦੇ ਕਿਉਂ ਵਿਰੋਧੀ ਸਨ, ਸਾਨੂੰ ਆਪਣੇ ਇਤਿਹਾਸ ਦੀ ਪਿੱਠ-ਭੂਮੀ ਵਲ ਧਿਆਨ ਦੇਣਾ ਪਏਗਾ। ਸਿਖਾਂ ਦੇ ਤਾਕਤ ਵਿਚ ਆਉਣ ਤੋਂ ਪਹਿਲਾਂ ਸਾਡੇ ਦੇਸ਼ ਵਿਚ ਮੁਗਲਾਂ ਦਾ ਰਾਜ ਸੀ। ਉਸ ਵੇਲੇ ਗਊ ਹਤਿਆ ਦੀ ਸਰਕਾਰ ਵਲੋਂ ਖੁਲ੍ਹ ਹੋਣ ਕਰਕੇ ਥਾਂ ਥਾਂ ਬੁਚੜਖਾਨੇ ਬਣੇ ਹੋਏ ਸਨ। ਸਿਖਾਂ ਨੂੰ ਸ਼ੁਰੂ ਤੋਂ ਹੀ ਇਹ ਗਲ ਪਸੰਦ ਨਹੀਂ ਸੀ। ਇਸ ਗਲ ਦਾ ਸੰਕੇਤ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਸਪਸ਼ਟ ਮਿਲਦਾ ਹੈ। ਪਰੰਤੂ ਜਿੰਨਾਂ ਚਿਰ ਤੀਕਰ ਉਨਾਂ ਨੂੰ ਤਾਕਤ ਹਾਸਲ ਨਹੀਂ ਸੀ ਉਹ ਕੀ ਕਰ ਸਕਦੇ ਸਨ? ਅਠਾਰ੍ਹਵੀ ਸਦੀ ਵਿਚ ਜਦੋਂ ਇਕ ਲੰਬੇ

ਆਜ਼ਾਦੀ ਦੇ ਘੋਲ ਮਗਰੋਂ ਸਿਖ ਮਿਸਲਾਂ ਦਾ ਰਾਜ ਸਥਾਪਤ ਹੋਇਆ ਤਾਂ ਉਹਨਾਂ ਨੇ ਫੰਰਨ ਗਊ ਹਤਿਆ ਦੀ ਮਨਾਹੀ ਕਰ ਦਿਤੀ। ਮਹਾਰਾਜਾ ਰਣਜੀਤ ਸਿਘ ਨੇ ਇਸ ਪਾਲੀਸੀ ਨੂੰ ਹੋਰ ਵੀ ਦ੍ਰਿੜ੍ਹਤਾ ਨਾਲ ਜਾਰੀ ਰਖਿਆ। ਰਣਜੀਤ ਸਿਘ ਦੇ ਵਿਚਾਰਾਂ ਬਾਰੇ ਕੁਝ ਉਦਾਹਰਣਾਂ ਤੋਂ ਪੂਰੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। 1808 ਵਿਚ ਜਦੋਂ ਸਰ ਚਾਰਲਸ ਮੈਟਕਾਫ ਆਪਣੀ ਸਰਕਾਰ ਦਾ ਏਲਚੀ ਬਣ ਕੇ ਮਹਾਰਾਜਾ ਸਾਹਿਬ ਨੂੰ ਕਸੂਰ ਵਿਚ ਮਿਲਿਆ ਤੇ ਦੋਸਤੀ ਦੇ ਅਹਿਦਨਾਮੇ ਲਈ ਅੰਗਰੇਜ਼ਾਂ ਦੀ ਖਾਹਸ਼ ਪ੍ਰਗਟ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਤੁਰੰਤ ਹੀ ਆਪਣੇ ਵਲੋਂ ਕੁਝ ਧਾਰਾਵਾਂ ਪੇਸ਼ ਕੀਤੀਆਂ। ਇਨਾਂ ਵਿਚ ਇਕ ਉਘੀ ਧਾਰਾ ਇਹ ਸੀ ਕਿ ਜਦੋਂ ਅੰਗਰੇਜ਼ ਸੈਨਾ ਉਸ ਦੇ ਮੁਲਕ ਵਿਚ ਹੋਵੇ ਜਾਂ ਉਥੋਂ ਦੀ ਗੁਜ਼ਰੇ, ਉਹ ਕੋਈ ਡੰਗਰਾਂ ਦੀ ਹਤਿਆ ਨਾ ਕਰਨ। ਇਕ ਹੋਰ ਉਦਾਹਰਣ 1833 ਦੇ ਮਹਾਰਾਜਾ ਸਾਹਿਬ ਤੇ ਸ਼ਾਹ ਸੁਜ਼ਾਹ ਵਿਚਕਾਰ ਹੋਈ ਸੰਧੀ ਤੋਂ ਮਿਲਦੀ ਹੈ ਕਿ ਸ਼ਾਹ ਸੁਜ਼ਾਹ ਉਤੇ ਮਹਾਰਾਜੇ ਵਲੋਂ ਇਕ ਸ਼ਰਤ ਇਹ ਹੋਵੇਗੀ ਕਿ ਉਹ ਜਦੋਂ ਆਪਣੇ ਮੁਲਕ ਅਫਗਾਨਿਸਤਾਨ ਦਾ ਰਾਜਾ ਮੁੜ ਕੇ ਬਣ ਜਾਏ, ਆਪਣੇ ਮੁਲਕ ਵਿਚ ਸਿਖਾਂ ਦੇ ਜਜ਼ਬਾਤ ਦੀ ਕਦਰਦਾਨੀ ਵਜੋਂ ਡੰਗਰ ਮਾਰਨ ਦੀ ਮਨਾਹੀ ਕਰ ਦੇਵੇ।

ਮਹਾਰਾਜਾ ਰਣਜੀਤ ਸਿਘ ਦੀ ਮੌਤ (1839) ਪਿਛੋਂ ਪੰਜਾਬ ਵਿਚ ਖਲਬਲੀ ਮਚ ਗਈ ਜਿਸ ਦਾ ਲਾਭ ਉਠਾ ਕੇ ਅੰਗਰੇਜ਼ਾਂ ਨੇ 1845 ਦੇ ਅਖੀਰ ਤੇ ਪੰਜਾਬ ਤੇ ਹਮਲਾ ਕਰ ਦਿਤਾ। ਸਿਖਾਂ ਦੀ ਘਰ ਦੀ ਫੁਟ ਉਨ੍ਹਾਂ ਦੀ ਹਾਰ ਦਾ ਕਾਰਨ ਬਣੀ ਤੇ ਇਸ ਤਰਾਂ ਅੰਗਰੇਜ਼ਾਂ ਦਾ ਪੰਜਾਬ ਵਿਚ ਪੈਰ ਜਮਾਉਣ ਦਾ ਰਾਹ ਖੁਲ੍ਹ ਗਿਆ। ਕੁਝ ਹੀ ਸਾਲ ਮਗਰੋਂ ਅੰਗਰੇਜ਼ਾਂ ਦੀ ਕੁਟਲਨੀਤੀ ਦੇ ਕਾਰਣ ਪੰਜਾਬੀਆਂ ਵਿਚ, ਵਿਸ਼ੇਸ਼ ਕਰਕੇ ਸਿਖਾਂ ਵਿਚ ਆਜ਼ਾਦੀ ਦਾ ਜੋਸ਼ ਉਠਿਆ ਤੇ ਉਹਨਾਂ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦਿਤੀ। ਇਸ ਵੇਲੇ ਰਾਜਾ ਸ਼ੇਰ ਸਿਘ ਅਟਾਰੀ ਵਾਲਾ ਨੇ ਜੋ ਐਲਾਨ ਕੀਤਾ ਉਸ ਵਿਚ ਇਸ ਗਲ ਦਾ ਸਪਸ਼ਟ ਜ਼ਿਕਰ ਸੀ ਕਿ ਉਨਾਂ ਦਾ ਵਿਦ੍ਰੋਹ ਗਊ ਦੀ ਰਖਿਆ ਵਾਸਤੇ ਹੈ। ਇਸ ਦਾ ਪਿਛੋਕੜ ਇਸ ਪ੍ਰਕਾਰ ਹੈ ਕਿ ਪੰਜਾਬ ਵਿਚ ਜਦੋਂ ਤੋਂ (1846) ਅੰਗਰੇਜ਼ਾਂ ਦੇ ਪੈਰ ਪਏ ਸਨ, ਇਥੇ ਅੰਮ੍ਰਿਤਸਰ ਲਾਹੌਰ ਤੇ ਹੋਰ ਕਈ ਥਾਵਾਂ ਤੇ ਬੁਚੜਖਾਨੇ ਖੁਲ੍ਹ ਗਏ ਸਨ ਜੋ ਸਿਖਾਂ ਨੂੰ ਆਪਣੇ ਧਰਮ ਤੇ ਹਮਲੇ ਦੀ ਨਿਆਈ ਲਗਦੇ ਸਨ।

1849 ਵਿਚ ਸਿਖ ਇਕ ਵਾਰ ਫਿਰ ਅੰਗਰੇਜ਼ਾਂ ਕੋਲੋਂ ਹਾਰ ਗਏ। ਇਸ ਦੇ ਸਿਟੇ ਵਜੋਂ ਉਨਾਂ ਦਾ ਪਿਆਰਾ ਮੁਲਕ, ਪੰਜਾਬ ਤੇ ਉਸ ਵਿਚ ਉਨਾਂ ਦਾ ਸੁਤੰਤਰ ਖਾਲਸਾ ਰਾਜ ਉਨਾਂ ਦੇ ਹਥਾਂ ਵਿਚੋਂ ਨਿਕਲ ਗਿਆ। ਹੁਣ ਅੰਗਰੇਜ਼ਾਂ ਨੂੰ ਪੂਰਾ ਪੂਰਾ ਅਧਿਕਾਰ ਮਿਲ ਗਿਆ ਜਿਸ ਦਾ ਫਾਇਦਾ ਉਠਾ ਕੇ ਉਨਾਂ ਨੇ ਕਈ ਹੋਰ ਥਾਵਾਂ ਉਤੇ ਗਊਆਂ ਦੇ ਬੁਚੜਖਾਨੇ ਸਥਾਪਤ ਕਰ ਲਏ। ਇਸ ਦੇ ਨਾਲ ਸਿਖਾਂ ਦੇ ਧਰਮ ਅਸਥਾਨਾਂ ਦੀ ਇਜ਼ਤ ਨੂੰ ਵੀ ਸਟ ਵਜੀ, ਕਿਉਂ ਕਿ ਦਰਬਾਰ ਸਾਹਿਬ ਵਰਗੇ ਪਵਿਤਰ ਅਸਥਾਨ ਵਿਚ ਵੀ ਅੰਗਰੇਜ਼ ਜੁਤੀਆਂ ਖੜਣੋਂ ਸੰਕੋਚ ਨਹੀਂ ਕਰਦੇ ਸਨ। ਉਸ ਸਮੇਂ ਸਿਖਾਂ ਨੂੰ ਇਉਂ ਮਹਿਸੂਸ ਹੋਣ ਲਗਾ ਕਿ ਆਪਣਾ ਰਾਜ ਜਾਣ ਨਾਲ ਉਨਾਂ ਦਾ ਧਰਮ ਵੀ ਜਾ ਰਿਹਾ ਹੈ। ਇਹੋ ਕਾਰਨ ਸੀ ਕਿ ਜਦੋਂ 1857 ਵਿਚ ਬਗਾਵਤ ਹੋਈ ਤਾਂ ਰੋਪੜ ਸ਼ਹਿਰ ਵਿਚ ਵੀ ਕੁਝ ਸਿਖ ਨੇਤਾਵਾਂ ਨੇ ਬਗਾਵਤ ਦਾ ਝੰਡਾ ਉਚਾ ਕੀਤਾ, ਅਤੇ ਉਸ ਵੇਲੇ ਨਾਲ ਹੀ ਇਹ ਐਲਾਨ ਕੀਤਾ ਕਿ ਅਸੀਂ ਹੁਣ ਆਜ਼ਾਦ ਹੋ ਗਏ ਹਾਂ, ਖਾਲਸਾ ਰਾਜ ਮੁੜ ਤੋਂ ਸਥਾਪਤ ਹੋ ਗਿਆ ਹੈ। ਗਊ ਹਤਿਆ ਖਤਮ ਹੋ ਗਈ ਹੈ, ਇਤਆਦਿ। ਇਹ ਬਗਾਵਤ ਛੇਤੀ ਹੀ ਦਬਾ ਦਿਤੀ ਗਈ ਤੇ ਮੋਹਰ ਸਿਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੇ ਦਿਤੀ ਗਈ।

ਬਾਬਾ ਰਾਮ ਸਿੰਘ ਜੀ ਤੇ ਉਨਾਂ ਦੇ ਕੂਕਿਆਂ ਦਾ ਇਸ ਸਬੰਧ ਵਿਚ ਪ੍ਰਤੀਕਰਮ ਵੀ ਬਿਲਕੁਲ ਇੰਜ ਦਾ ਹੀ ਸੀ। ਉਹ ਅੰਗਰੇਜ਼ ਰਾਜ ਨੂੰ ਇਕ ਵਡੀ ਲਾਹਨਤ ਸਮਝਦੇ ਸਨ ਤੇ ਅੰਗਰੇਜ਼ਾਂ ਨੂੰ ਬਿਲੇ ਫਰੰਗੀ ਕਹਿ ਕੇ ਆਪਣੇ ਰਵਈਏ ਦਾ ਪ੍ਰਗਟਾਵਾ ਕਰਦੇ ਸਨ। ਗਊ ਹਤਿਆ ਦਾ ਦਿਨੋ ਦਿਨ ਵਧ ਰਿਹਾ ਕੋੜ੍ਹ ਉਨਾਂ ਨੂੰ ਆਪਣੇ ਸੁਤੰਤਰ ਖਾਲਸਾ ਰਾਜ ਦੀ ਯਾਦ ਮੁੜ ਮੁੜ ਦਵਾਉਂਦਾ ਸੀ। ਉਨਾਂ ਨੂੰ ਇਉਂ ਲਗਦਾ ਸੀ ਕਿ ਗਊ ਹਤਿਆ ਤੇ ਗੁਲਾਮੀ ਇਕੋ ਰੋਗ ਦੀਆਂ ਦੋ ਜੜ੍ਹਾਂ ਹਨ ਅਤੇ ਗਊ ਹਤਿਆ ਤਾਂ ਹੀ ਦੂਰ ਹੋ ਸਕਦੀ ਹੈ ਜੇ ਗੁਲਾਮੀ ਨੂੰ ਦੂਰ ਕੀਤਾ ਜਾਏ। ਗਊ ਹਤਿਆ ਦੀ ਵਿਰੋਧਤਾ ਨੇ ਇਸ ਪ੍ਰਕਾਰ ਇਕ ਸਿਆਸੀ ਚਿੰਨ੍ਹ ਦਾ ਰੂਪ ਧਾਰਨ ਕਰ ਲਿਆ। ਇਸ ਪਿਛੇ ਧਾਰਮਿਕ ਜਜ਼ਬਾ ਤਾਂ ਹੈ ਹੀ ਪਰ ਕੇਵਲ ਧਾਰਮਿਕ ਜਜ਼ਬਾ ਹੀ ਨਹੀਂ ਸੀ। ਇਹ ਦੋਵੇਂ ਧਾਰਮਕ ਤੇ ਸਿਆਸੀ ਜਜ਼ਬੇ ਘੁਲੇ ਮਿਲੇ ਹੋਏ ਸਨ। ਇਸ ਲਈ ਕੂਕਾ ਦ੍ਰਿਸ਼ਟੀਕੋਣ ਨੂੰ ਕਿਸੇ ਧਾਰਮਿਕ ਕਟੜਤਾ ਦਾ ਪ੍ਰਤੀਕ ਨਹੀਂ ਸਮਝਣਾ ਚਾਹੀਦਾ ਸਗੋਂ ਇਸ ਨੂੰ ਉਨ੍ਹਾਂ ਦੀ ਆਪਣੇ ਰਾਜ ਦੀ ਬਹਾਲੀ ਦੀ ਤਾਂਘ ਦਾ ਇਕ ਪ੍ਰਤੀਕ ਮੰਨਣਾ ਵਧੇਰੇ ਠੀਕ ਹੋਵੇਗਾ।

ਕੁਝ ਸਿਖ ਵਿਦਵਾਨਾਂ ਨੇ ਇਸ ਦ੍ਰਿਸ਼ਟੀਕੋਣ ਨੂੰ ਨਾ ਸਮਝਦੇ ਹੋਏ ਲਿਖਿਆ ਹੈ ਕਿ ਕੂਕਿਆਂ ਨੇ ਬੁਚੜਾਂ ਨਾਲ ਖਾਹ ਮਖਾਹ ਉਲਝ ਕੇ ਗਲਤੀ ਕੀਤੀ ਤੇ ਇਸ ਕਾਰਨ ਕੂਕਾ ਅੰਦੋਲਨ ਦੇ ਰਾਹ ਵਿਚ ਵਡੀ ਰੁਕਾਵਟ ਪੈ ਗਈ। ਕਿਉਂ ਜੋ ਅੰਗਰੇਜ਼ੀ ਸਰਕਾਰ ਨੇ ਇਸ ਗਲ ਦੀ ਆੜ ਲੈ ਕੇ ਅੰਦੋਲਨ ਨੂੰ ਸਖਤੀ ਨਾਲ ਦਬਾਉਣ ਦੇ ਜਤਨ ਆਰੰਭੇ, ਇਹ ਮਤ ਦਰੁਸਤ ਨਹੀਂ ਜਾਪਦਾ। ਇਹ ਗਲ ਉਸ ਵੇਲੇ ਦੀ ਸਰਕਾਰ ਨੇ ਵੀ ਮੰਨੀ ਹੈ ਕਿ ਗਊ ਹਤਿਆ ਦਾ ਸਵਾਲ ਬੜਾ ਨਾਜ਼ਕ ਸਵਾਲ ਸੀ ਜੋ ਗੈਰ ਮੁਸਲਮਾਨਾਂ ਅਰਥਾਤ ਹਿੰਦੂਆਂ ਤੇ ਸਿਖਾਂ ਦੇ ਦਿਲਾਂ ਨੂੰ ਸਦਾ ਹੀ ਟੁੰਬਦਾ ਰਹਿੰਦਾ ਸੀ। ਅਜਿਹੇ ਸਵਾਲ ਨੂੰ ਅਗੇ ਲਿਆਉਣਾ ਤੇ ਮੋਰਚੇ ਦਾ ਵਿਸ਼ਾ ਬਨਾਉਣਾ ਕੂਕਿਆਂ ਦੀ ਸਿਆਸੀ ਸੂਝ ਬੂਝ ਜ਼ਾਹਿਰ ਕਰਦਾ ਹੈ ਨਾ ਕਿ ਉਨਾਂ ਦਾ ਕੋਈ ਕੱਚਾਪਨ। ਜੇ ਉਨ੍ਹਾਂ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਵਿਚ ਕਾਮਯਾਬੀ ਨਾ ਹੋਈ ਤਾਂ ਇਸ ਦਾ ਕਾਰਣ ਇਹ ਨਹੀਂ ਸੀ ਕਿ ਉਨਾਂ ਦੀ ਵਿਸ਼ੇ ਦੀ ਚੋਣ ਠੀਕ ਨਹੀਂ ਸੀ। ਇਸ ਦੇ ਕਾਰਨ ਹੋਰ ਹੀ ਸਨ, ਜਿਵੇਂ ਕਿ ਅੰਗਰੇਜ਼ਾਂ ਦੀ ਮਹਾਨ ਤਾਕਤ ਤੇ ਸਮਾਜ ਵਿਚ ਸਰਕਾਰ ਪਖੀਆਂ ਦੀ ਬਹੁਲਤਾ।

ਅਜੇ ਬੁਚੜਾਂ ਉਤੇ ਕੂਕਿਆਂ ਦੇ ਹਮਲੇ ਸ਼ੁਰੂ ਨਹੀਂ ਸੀ ਹੋਏ ਜਦੋਂ ਉਨਾਂ ਨੇ ਨਿਪਾਲ ਤੇ ਜੰਮੂ ਕਸ਼ਮੀਰ ਦੇ ਰਾਜਿਆਂ ਨਾਲ ਸਬੰਧ ਜੋੜਨ ਦੇ ਜਤਨ ਸ਼ੁਰੂ ਕੀਤੇ। ਦੋਵੇ ਰਾਜੇ ਅੰਗਰੇਜ਼ਾਂ ਤੋਂ ਦੁਖੀ ਸਨ। ਤੇ ਅੰਦਰੋਂ ਉਨਾਂ ਵਿਰੁਧ ਜਤਨ ਕਰਦੇ ਰਹਿੰਦੇ ਸਨ। ਨਿਪਾਲ ਵਿਚ ਇਕ ਕੂਕਾ ਵਫਦ ਭੇਜਿਆ ਗਿਆ ਜਿਸ ਰਾਹੀਂ ਉਸ ਰਾਜ ਨਾਲ ਗੁਪਤ ਗਲ ਬਾਤ ਕੀਤੀ ਗਈ। ਜੰਮੂ ਕਸ਼ਮੀਰ ਦੀ ਸੈਨਾ ਵਿਚ ਇਕ ਕੂਕਾ ਸੂਬਾ ਕਰਨਲ ਹੀਰਾ ਸਿੰਘ ਕਈ ਵਰੇ ਨੌਕਰੀ ਕਰਦਾ ਰਿਹਾ ਜਿਸਨੇ ਇਕ ਕੂਕਾ ਕੰਪਨੀ ਤਿਆਰ ਕੀਤੀ। ਪਰ ਰਿਆਸਤਾਂ ਦੇ ਰਾਜਿਆਂ ਵਿਚ ਏਨੀ ਹਿੰਮਤ ਨਹੀਂ ਸੀ ਕਿ ਉਹ ਨਿਤਰ ਕੇ ਸਰਕਾਰ ਦੀ ਵਿਰੋਧਤਾ ਕਰਦੇ। ਜਦੋਂ ਹੀ ਸਰਕਾਰ ਨੂੰ ਉਨਾਂ ਤੇ ਸ਼ਕ ਪਿਆ, ਉਨਾਂ ਨੇ ਕੂਕਿਆਂ ਨੂੰ ਪਿਠ ਵਿਖਾ ਦਿਤੀ।

ਮੇਰੇ ਇਸ ਵਿਸ਼ੇ ਦੇ ਸਬੰਧ ਵਿਚ ਕੂਕਿਆਂ ਦੇ ਉਨਾਂ ਯਤਨਾਂ ਦੀ ਬੜੀ ਮਹਾਨਤਾ ਹੈ ਜੋ ਉਨਾਂ ਨੇ ਰੂਸ ਨਾਲ ਮਿਤਰਤਾ ਪੈਦਾ ਕਰਨ ਲਈ ਕੀਤੇ। ਉਨਾਂ ਨੂੰ ਪਤਾ ਸੀ ਕਿ ਰੂਸ ਤੇ ਬਰਤਾਨੀਆਂ ਵਿਚਕਾਰ ਸਖਤ ਦੁਸ਼ਮਣੀ ਹੈ। ਇਸ ਲਈ ਉਨਾਂ ਨੇ ਵਿਚਾਰ ਕੀਤਾ ਕਿ ਜੇ ਰੂਸ ਨੂੰ ਹਿੰਦੁਸਤਾਨ ਦੇ ਹਮਲੇ ਲਈ ਤਿਆਰ ਕਰ ਲਿਆ ਜਾਏ ਤਾਂ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕਢ ਦੇਣਗੇ।

Sri Satguru Jagjit Singh Ji Elibrary NamdhariElibrary@gmail.com

ਕੂਕਾ ਸੂਬਾ ਗੁਰਚਰਨ ਸਿੰਘ ਨੇ ਇਸ ਮਤਲਬ ਲਈ ਹਿੰਦੁਸਤਾਨ ਤੇ ਕੇਂਦਰੀ ਏਸ਼ੀਆ ਵਿਚਕਾਰ ਕਈ ਗੁਪਤ ਚਕਰ ਕਟੇ। ਉਸ ਨੇ ਬਾਬਾ ਰਾਮ ਸਿੰਘ ਜੀ ਦੀ ਇਕ ਚਿਠੀ ਤੇ ਬਾਬਾ ਹਰੀ ਸਿੰਘ ਜੀ ਦੀ ਇਕ ਚਿਠੀ ਰੂਸੀ ਹਾਕਮਾਂ ਪਾਸ ਪਹੁੰਚਾਈ ਤੇ ਇਸੇ ਤਰਾਂ ਰੂਸੀ ਹਾਕਮਾਂ ਦੀਆਂ ਚਿਠੀਆਂ ਹਿੰਦੁਸਤਾਨ ਲਿਆਂਦੀਆਂ। ਇਨਾਂ ਵਿਚੋਂ ਕੁਝ ਚਿਠੀਆਂ ਨੈਸ਼ਨਲ ਆਰਕਾਈਵਜ਼, ਨਿਊ ਦਿਲੀ, ਵਿਚ ਸੁਰਖਿਅਤ ਪਈਆਂ ਹਨ। ਸੂਬਾ ਗੁਰਚਰਨ ਸਿੰਘ ਨੂੰ ਕੁਝ ਸਰਕਾਰੀ ਜਸੂਸਾਂ ਨੇ ਫੜਾ ਦਿਤਾ ਤੇ ਉਹ ਕਈ ਵਰ੍ਹੇ ਜੇਲ ਵਿਚ ਰਿਹਾ। ਇਸ ਦੌਰਾਨ ਕੂਕਿਆਂ ਵਿਚ ਇਹ ਭਵਿਸ਼ਬਾਣੀ ਆਮ ਪ੍ਰਚਲਤ ਸੀ ਕਿ ਰੂਸ ਹਿੰਦੁਸਤਾਨ ਤੇ ਹਮਲਾ ਕਰੇਗਾ ਤੇ ਇਸ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਏਗਾ।

ਜਦੋਂ ਮਹਾਰਾਜਾ ਦਲੀਪ ਸਿੰਘ ਆਪਣੇ ਵਜ਼ੀਫੇ ਨੂੰ ਲੱਤ ਮਾਰ ਕੇ ਅਤੇ ਅੰਗਰੇਜ਼ਾਂ ਦਾ ਵਿਰੋਧੀ ਬਣਕੇ ਮਾਸਕੋ ਅਪੜਿਆ ਤਾਂ ਉਸਦੇ ਕੁਝ ਬੰਦਿਆਂ ਨੇ ਹਿੰਦੁਸਤਾਨ ਆ ਕੇ ਲੋਕਾਂ ਨੂੰ ਵਿਸ਼ੇਸ਼ ਕਰਕੇ ਸਿਖਾਂ ਤੇ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਅਪੀਲ ਕੀਤੀ ਕਿ ਉਹ ਰੂਸ ਦਾ ਹਮਲਾ ਹੋਣ ਦੀ ਸੂਰਤ ਵਿਚ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦੇਣ। ਉਸ ਵੇਲੇ ਸਿਖਾਂ ਵਿਚ ਕੇਵਲ ਕੂਕਿਆਂ ਨੇ ਇਸ ਗਲ ਦਾ ਸਵਾਗਤ ਕੀਤਾ ਤੇ ਉਨਾਂ ਦਾ ਇਕ ਵਫਦ ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਲਈ ਮਾਸਕੋ ਚਲ ਪਿਆ। ਇਸ ਵਫਦ ਬਾਰੇ ਸਾਡੇ ਪਾਸ ਪ੍ਰਮਾਣਿਕ ਇਤਿਹਾਸਕ ਗਵਾਹੀ ਮੌਜੂਦ ਹੈ। ਇਸ ਮੌਕੇ ਤੇ ਕੂਕਿਆਂ ਵਿਚ ਫਿਰ ਤੋਂ ਜੋਸ਼ ਉਠ ਪਿਆ ਤੇ ਉਨਾਂ ਨੇ ਕਈ ਖੁਫੀਆ ਸਮਾਗਮ ਕੀਤੇ। ਇਸ ਸੰਬੰਧੀ ਵੀ ਚੋਖੀ ਇਤਿਹਾਸਕ ਗਵਾਹੀ ਮਿਲਦੀ ਹੈ।

ਬਾਬਾ ਰਾਮ ਸਿੰਘ ਜੀ ਨੇ ਕੂਕਾ ਜਥੇਬੰਦੀ ਦਾ ਜੋ ਢਾਂਚਾ ਹੋਂਦ ਵਿਚ ਲਿਆਂਦਾ ਉਸ ਤੋਂ ਇਕ ਮੁਤਵਾਜ਼ੀ ਸਰਕਾਰ ਦਾ ਭੁਲੇਖਾ ਪੈਂਦਾ ਸੀ। ਉਨਾਂ ਨੇ ਆਪਣੇ ਸੂਬਿਆਂ ਨੂੰ ਮੁਗਲ ਜਾਂ ਸਿਖ ਸੂਬੇਦਾਰਾਂ ਵਾਂਗੂੰ ਵਖ ਵਖ ਇਲਾਕਿਆਂ ਦੀ ਜ਼ਿੰਮੇਂਵਾਰੀ ਸੌਂਪੀ। ਆਪਣੇ ਆਪਣੇ ਇਲਾਕੇ ਵਿਚ ਇਹ ਸੂਬੇ ਕੂਕਾ ਲਹਿਰ ਦਾ ਪ੍ਰਚਾਰ ਕਰਦੇ ਸਨ। ਕੂਕਿਆਂ ਦਾ ਡਾਕ ਦਾ ਪ੍ਰਬੰਧ ਵੀ ਆਪਣਾ ਸੀ ਤੇ ਉਹ ਸਰਕਾਰੀ ਅਦਾਲਤਾਂ ਵਿਚ ਆਪਣੇ ਮੁਆਮਲੇ ਲੈ ਕੇ ਨਹੀਂ ਜਾਂਦੇ ਸਨ। ਉਹ ਅੰਗਰੇਜ਼ਾਂ ਦੇ ਚਲਾਏ ਸਕੂਲਾਂ ਤੇ ਕਾਲਜਾਂ ਦੇ ਵੀ ਵਿਰੁਧ ਸਨ। ਇਸ ਪ੍ਰਬੰਧਕ ਸਿਲਸਿਲੇ ਨੇ ਅੰਗਰੇਜ਼ਾਂ ਦੇ ਮਨਾਂ ਵਿਚ ਕੂਕਿਆਂ ਦੇ ਰਾਜਸੀ ਉਦੇਸ਼ ਸਬੰਧੀ ਸ਼ਕ ਹੋਰ ਪਕੇ ਕਰ ਦਿਤੇ। ਉਨਾਂ ਦਾ ਵਿਚਾਰ ਸੀ ਕਿ ਜੇ ਕੂਕਿਆਂ ਦਾ ਕੋਈ ਰਾਜਸੀ ਮਨੋਰਥ ਨਹੀਂ ਤਾਂ ਇਨਾਂ ਨੇ ਅਜਿਹੀ ਮੁਤਵਾਜ਼ੀ ਜਥੇਬੰਦੀ ਕਿਉਂ ਬਣਾਈ ਹੋਈ ਹੈ?

ਅੰਗਰੇਜ਼ਾਂ ਨੇ ਕੂਕਾ ਅੰਦੋਲਨ ਨੂੰ ਕੁਚਲਣ ਲਈ ਪੂਰਾ ਵਾਹ ਲਾਇਆ। ਬਾਬਾ ਰਾਮ ਸਿੰਘ ਜੀ ਤੇ ਉਨਾਂ ਦੇ ਲਗ ਪਗ ਸਾਰੇ ਪ੍ਰਸਿਧ ਸੂਬਿਆਂ ਨੂੰ ਪਕੜ ਕੇ ਪ੍ਰਦੇਸ ਭੇਜ ਦਿਤਾ। ਭੈਣੀ ਸਾਹਿਬ ਵਿਚ ਜੋ ਕੂਕਾ ਅੰਦੋਲਨ ਦਾ ਹੈਡਕਵਾਟਰਜ਼ ਸੀ ਪੁਲਿਸ ਦੀ ਚੌਕੀ ਬਿਠਾ ਦਿਤੀ ਗਈ। ਕੂਕਾ ਜਥੇਬੰਦੀ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ ਗਿਆ ਤੇ ਉਸ ਦੀਆਂ ਕਾਰਵਾਈਆਂ ਤੇ ਕਰੜੀ ਨਜ਼ਰ ਰਖੀ ਜਾਣ ਲਗ ਪਈ। ਪਰੰਤੂ ਇਸ ਦਮਨ ਨੀਤੀ ਦੇ ਬਾਵਜੂਦ ਕੂਕਾ ਲਹਿਰ ਕੁਚਲੀ ਨਾ ਜਾ ਸਕੀ। ਅਤੇ ਜੋ ਵੀਰਤਾ ਦੀ ਸ਼ਾਨਦਾਰ ਰਵਾਇਤ ਇਸ ਨੇ ਸਥਾਪਿਤ ਕੀਤੀ ਸੀ ਉਹ ਚਲਦੀ ਰਹੀ। ਬਾਬਾ ਸੋਹਣ ਸਿੰਘ ਭਕਨਾਂ ਦੀ ਰਚਿਤ ''ਆਤਮ ਕਹਾਣੀ'' ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦਾ ਗਦਰੀ ਬਾਬਿਆਂ ਉਤੇ ਚੋਖਾ ਅਸਰ ਸੀ। ਬਾਬਾ ਸੋਹਣ ਸਿੰਘ ਨੇ ਲਿਖਿਆ ਹੈ ਕਿ ਉਸ ਨੂੰ ਦੇਸ਼ ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕਾ ਬਾਬਾ ਕੇਸਰ ਸਿੰਘ ਨੇ ਲਾਈ ਸੀ।

Sri Satguru Jagjit Singh Ji Elibrary NamdhariElibrary@gmail.com

ਅੰਤ ਵਿਚ ਮੈਂ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਸਮਝਦਾ ਕਿ ਕੂਕਾ ਅੰਦੋਲਨ ਦਾ ਸਾਡੇ ਦੇਸ਼ ਦੇ ਇਤਿਹਾਸ ਵਿਚ ਵਿਸ਼ੇਸ਼ ਕਰਕੇ ਪੰਜਾਬ ਦੇ ਤੇ ਸਿਖ ਕੌਮ ਦੇ ਇਤਿਹਾਸ ਵਿਚ ਬੜਾ ਮਹੱਤਵਪੂਰਨ ਸਥਾਨ ਹੈ। ਇਸ ਸਮੇਂ ਅੰਗਰੇਜ਼ ਸਰਕਾਰ ਨੇ ਸਿਖ ਸਰਦਾਰਾਂ ਨੂੰ ਦਮਨ ਜਾਂ ਜਾਗੀਰਾਂ ਦੁਆਰਾ ਸਾਹਸਹੀਣ ਬਣਾ ਦਿਤਾ ਸੀ ਤੇ ਰਾਜਸੀ ਤਾਕਤ ਖੁਸਣ ਉਪਰੰਤ ਸਿਖਾਂ ਦੀ ਹਾਲਤ ਦਿਨੋ ਦਿਨ ਨਿਘਰਦੀ ਜਾਂਦੀ ਸੀ। ਉਸ ਔਖੇ ਸਮੇਂ ਬਾਬਾ ਰਾਮ ਸਿੰਘ ਜੀ ਦੀ ਸੁਚਜੀ ਤੇ ਸਿਆਣੀ ਅਗਵਾਈ ਨੇ ਦਰਮਿਆਨੀ ਸ਼ਰੇਣੀ ਦੇ ਹੇਠਲੇ ਤਬਕੇ ਵਿਚੋਂ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਜਿਸਨੇ ਸਾਬਤ ਕੀਤਾ ਕਿ ਸਿੱਖ ਦਬਾਈ ਜਾਣ ਵਾਲੀ ਕੌਮ ਨਹੀਂ ਹੈ। ਜੇ ਅੰਗਰੇਜ਼ਾਂ ਨੇ ਇਹ ਸਬਕ ਕੂਕਾ ਲਹਿਰ ਤੋਂ ਨਾ ਸਿਖਿਆ ਹੁੰਦਾ ਤਾਂ ਉਹ ਕਦੇ ਵੀ ਸਿੰਘ ਸਭਾ ਲਹਿਰ ਵਿਚ ਇੰਨੀ ਦਿਲਚਸਪੀ ਨਾ ਵਿਖਾਉਦੇ।

ਕੂਕਾ ਲਹਿਰ ਦੀ ਇਕ ਹੋਰ ਮਹੱਤਤਾ ਇਹ ਹੈ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਜੋ ਲੋਕ ਸਿਖਾਂ ਤੇ ਦੋਸ਼ ਲਗਾਉਦੇ ਹਨ ਕਿ ਉਨਾਂ ਨੇ 1857 ਦੇ ਵਿਦ੍ਰੋਹ ਵਿਚ ਹਿੰਦੁਸਤਾਨੀ ਬਾਗੀਆਂ ਦੇ ਵਿਰੁਧ ਅੰਗਰੇਜ਼ਾਂ ਦਾ ਸਾਥ ਦਿਤਾ, ਉਹ ਗਲਤ ਹਨ। 1857 ਵਿਚ ਜੋ ਮਦਦ ਸਿਖਾਂ ਵਲੋਂ ਅੰਗਰੇਜ਼ਾਂ ਨੂੰ ਦਿਤੀ ਗਈ ਉਹ ਸਿਖ ਰਾਜਿਆਂ ਤੇ ਵਡੇ ਵਡੇ ਜਗੀਰਦਾਰਾਂ ਜਾਂ ਰਈਸਾਂ ਵਲੋਂ ਸੀ। ਆਮ ਲੋਕ ਉਸ ਵੇਲੇ ਵੀ ਅੰਗਰੇਜ਼ਾਂ ਦੇ ਵਿਰੁਧ ਸਨ ਤੇ ਕਈ ਥਾਵਾਂ ਤੇ ਉਨਾਂ ਨੇ ਰੌਲਾ ਮਚਾਇਆ। ਉਹ ਅਜੇ ਢੁਕਵੇਂ ਸਮੇਂ ਦੀ ਇੰਤਜ਼ਾਰ ਹੀ ਕਰ ਰਹੇ ਸਨ ਕਿ ਦਿੱਲੀ ਮੁੜ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਦਿਲੀ ਦੀ ਇਸ ਫਤਹ ਨੇ ਉਨਾਂ ਦੇ ਹੌਸਲੇ ਢਾਹ ਦਿਤੇ ਤੇ ਉਨਾਂ ਦੇ ਦਿਲਾਂ ਦੀਆ ਦਿਲਾਂ ਵਿਚ ਰਹਿ ਗਈਆਂ। ਉਸੇ ਸਾਲ ਹੀ ਕੂਕਾ ਲਹਿਰ ਨੇ ਜਨਮ ਲਿਆ ਅਤੇ ਥੋੜ੍ਹੇ ਚਿਰ ਵਿਚ ਹੀ ਇਹ ਆਮ ਜਨਤਾ ਵਿਚ ਫੈਲ ਗਈ। ਇਹ ਸਫਲਤਾ ਕਦੀ ਵੀ ਸੰਭਵ ਨਹੀਂ ਸੀ ਹੋ ਸਕਦੀ ਜੇ ਆਮ ਸਿਖ ਜਨਤਾ ਵਿਚ ਸਰਕਾਰ ਦੀ ਵਿਰੋਧਤਾ ਦੀ ਭਾਵਨਾ ਨਾ ਹੁੰਦੀ। ਉਸ ਭਾਵਨਾ ਨੂੰ ਪ੍ਰਗਟਾਉਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ। ਇਸ ਲਈ ਉਨ੍ਹਾਂ ਦੀ ਦੇਣ ਸਦਾ ਸ਼ੁਕਰੀਏ ਸਹਿਤ ਯਾਦ ਰਖੀ ਜਾਏਗੀ।

----------o----------

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਤੇ ਮਹਾਰਾਜਾ ਦਲੀਪ ਸਿੰਘ

ਲੇਟ ਡਾ: ਫੌਜਾ ਸਿੰਘ ਜੀ,
ਪੀ ਐਚ ਡੀ.
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬ ਵਿਚ ਬਰਤਾਨਵੀ ਸਮਰਾਜ ਦੇ ਵਿਰੁਧ ਸਭ ਤੋਂ ਪਹਿਲਾਂ ਅਵਾਜ਼ ਉਠਾਉਣ ਵਾਲੇ ਨਾਮਧਾਰੀ ਸਨ। ਜਿਨ੍ਹਾਂ ਨੇ ਆਪਣੇ ਰਹਿਬਰ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਜਿਥੇ ਸਮਾਜ ਵਿਚੋਂ ਧਾਰਮਕ ਤੇ ਸਮਾਜਕ ਬੁਰਾਈਆਂ ਕਢਣ ਲਈ ਯਤਨ ਕੀਤੇ ਉਥੇ ਲਾਲ ਬਦੇਸ਼ੀ ਸ਼ਾਸਨ ਦੀ ਕਰੜੀ ਅਲੋਚਨਾ ਵੀ ਕੀਤੀ ਅਤੇ ਜਨਤਾ ਵਿਚ ਇਸਦੀ ਵਿਰੋਧਤਾ ਦਾ ਸਾਹਸ ਭਰਿਆ। ਅੰਗਰੇਜ਼ਾਂ ਨੇ ਸੰਨ 1849 ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ ਸੀ। ਉਦੋਂ ਤੋਂ ਹੀ ਈਸਾਈ ਪਾਦਰੀਆਂ ਨੇ ਆਪਣੇ ਮਤ ਦੇ ਪ੍ਰਚਾਰ ਦੀ ਤਾਬੜਤੋੜ ਮੁਹਿਮ ਸ਼ੁਰੂ ਕਰ ਦਿਤੀ ਸੀ। ਇਹ ਪ੍ਰਚਾਰਕ ਭਾਰਤੀ ਧਰਮਾਂ ਦੇ ਹਰੇ ਬਾਗ਼ ਵਿਖਾਉਦੇ ਸਨ। ਵਿਦਿਅਕ ਸੰਸਥਾਵਾਂ ਤੇ ਹਸਪਤਾਲ, ਭਾਵੇਂ ਈਸਾਈ ਮਿਸ਼ਨਾਂ ਦੇ ਹੋਣ , ਭਾਵੇਂ ਸਰਕਾਰ ਦੇ, ਸਭ ਦੇ ਸਭ ਈਸਾਈ ਮਤ ਦੇ ਪ੍ਰਚਾਰ ਦੇ ਅਡੇ ਬਣੇ ਹੋਏ ਸਨ। ਥਾਂ ਪਰ ਥਾਂ ਗਊ ਹਤਿਆ ਲਈ ਬੁਚੜਖਾਨੇ ਖੋਲੇ ਜਾ ਰਹੇ ਸਨ। ਕਈ ਬੁਚੜਖਾਨੇ ਤਾਂ ਉਚੇਚੇ ਤੌਰ ਤੇ ਸਿਖ ਧਰਮ ਅਸਥਾਨਾਂ ਦੇ ਨੇੜੇ ਬਣਾਏ ਗਏ ਸਨ, ਜਿਸ ਦਾ ਭਾਵ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੀ ਹੋ ਸਕਦਾ ਸੀ। ਲੋਕਾਂ ਦੇ ਸਦੀਆਂ ਤੋਂ ਚਲੇ ਆ ਰਹੇ ਰਿਵਾਜਾਂ ਵਿਚ ਵੀ ਦਖਲ ਦਿਤਾ ਜਾ ਰਿਹਾ ਸੀ ਅਤੇ ਉਹਨਾਂ ਦੀ ਬਿਨਾਂ ਰੋਕ ਟੋਕ ਕੜੀ ਆਲੋਚਨਾ ਕੀਤੀ ਜਾ ਰਹੀ ਸੀ। ਕਿਸੇ ਨੂੰ ਸਵੈ-ਰਖਿਆ ਲਈ ਵੀ ਕੋਈ ਹਥਿਆਰ ਬਨਾਉਣ ਜਾਂ ਰਖਣ ਦੀ ਆਗਿਆ ਨਹੀਂ ਸੀ। ਫਿਰ ਨਸਲੀ ਵਿਤਕਰਾ ਬਹੁਤ ਜ਼ਿਆਦਾ ਸੀ। ਅੰਗਰੇਜ਼ ਆਪਣੇ ਆਪ ਨੂੰ ਵੱਡਾ ਤੇ ਭਾਰਤੀਆਂ ਨੂੰ ਨੀਵਾਂ ਸਮਝਦੇ ਸਨ ਅਤੇ ਉਹਨਾਂ ਨਾਲ ਵਿਵਹਾਰ ਵੀ ਇਸੇ ਤਰ੍ਹਾਂ ਕੀਤਾ ਜਾਂਦਾਸੀ। ਨਾਮਧਾਰੀ ਗੁਰੂ ਰਾਮ ਸਿੰਘ ਤੇ ਉਹਨਾਂ ਦੇ ਅਨੁਯਾਈਆਂ ਨੂੰ ਮਹਿਸੂਸ ਹੋਇਆ ਕਿ ਨਾ ਕੇਵਲ ਉਹਨਾਂ ਦਾ ਧਰਮ ਹੀ ਖਤਰੇ ਵਿਚ ਹੈ ਸਗੋਂ ਉਹ ਸਾਰੀਆਂ ਕਦਰਾਂ ਕੀਮਤਾਂ ਤੇ ਉਹ ਸਾਰੇ ਰਸਮੋਂ ਰਿਵਾਜ ਜੋ ਉਹਨਾਂ ਦੀ ਸੰਸਕ੍ਰਿਤੀ ਦੀ ਬੁਨਿਆਦ ਸਨ, ਜੜ੍ਹਾਂ ਤੋਂ ਪੁਟੇ ਜਾ ਰਹੇ ਸਨ। ਇਸ ਘੋਰ ਸਮਸਿਆ ਦਾ ਇਕੋ ਇਕ ਇਲਾਜ ਜੋ ਉਹਨਾਂ ਦੇ ਮਨ ਵਿਚ ਆਇਆ, ਉਹ ਅੰਗਰੇਜ਼ੀ ਰਾਜ ਨੂੰ ਖਤਮ ਕਰਕੇ ਮੁੜ ਪੰਜਾਬ ਵਿਚ ਆਜ਼ਾਦ ਖਾਲਸਾ ਰਾਜ ਸਥਾਪਿਤ ਕਰਨਾ ਸੀ। ਉਸ ਵਿਚ ਕੁਝ ਊਣਤਾਈਆਂ ਭਲੇ ਹੀ ਹੋਣ ਪਰ ਆਜ਼ਾਦੀ ਦੀਆਂ ਊਣਤਾਈਆਂ ਗੁਲਾਮੀ ਦੇ ਅਨਰਥਾਂ ਨਾਲੋਂ ਹਰ ਹਾਲਤ ਵਿਚ ਚੰਗੀਆਂ ਹਨ। ਦੂਜੇ ਪਾਸੇ 1857 ਦੇ ਵਿਦਰੋਹ ਤੋਂ ਬਾਅਦ ਅੰਗਰੇਜ਼ਾਂ ਦੀ ਦਸ਼ਾ ਉਸ ਸਹਿਮੇ ਹੋਏ ਮਨੁਖ ਵਰਗੀ ਬਣ ਗਈ ਸੀ ਜੋ ਸਪ ਤੋਂ ਡਰਿਆ ਹੋਇਆ ਰਸੀ ਤੋਂ ਵੀ ਡਰਨ ਲਗ ਪੈਂਦਾ ਹੈ ਅਤੇ ਡਰ, ਜਿਵੇਂ ਕਿ ਸਭ ਮੰਨਦੇ ਹਨ. ਸਭ ਬੁਰਾਈਆਂ ਦੀ ਮਾਂ ਹੈ। ਇਸ ਕਾਰਨ ਅੰਗਰੇਜ਼ੀ ਸਰਕਾਰ ਨੇ ਨਾ ਆਉ ਦੇਖਿਆ ਨਾ ਤਾਉ ਨਿਰਦੋਤਾ ਤੇ

Sri Satguru Jagjit Singh Ji Elibrary NamdhariElibrary@gmail.com

ਸਖਤੀ ਨਾਲ ਨਾਮਧਾਰੀ ਲਹਿਰ, ਜੋ ਉਸ ਸਮੇਂ ਕੂਕਾ ਲਹਿਰ ਦੇ ਨਾਂ ਨਾਲ ਪ੍ਰਸਿਧ ਸੀ, ਨੂੰ ਦਬਾਉਣ ਲਈ ਕੋਈ ਕਸਰ ਨਾ ਛਡੀ। ਸਮੁਚੀ ਨਾਮਧਾਰੀ ਜਥੇਬੰਦੀ ਨੂੰ ਗੈਰ ਕਾਨੂੰਨੀ ਕਰਾਰ ਦੇ ਦਿਤਾ ਗਿਆ। ਭੈਣੀ ਸਾਹਿਬ ਵਿਚ ਪੋਲੀਸ ਦੀ ਚੌਂਕੀ ਬਿਠਾ ਦਿਤੀ ਗਈ। ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬਿਆਂ ਨੂੰ ਜਲਾ ਵਤਨ ਕਰ ਦਿਤਾ ਗਿਆ। ਲਗ ਪਗ 66 ਨਾਮਧਾਰੀ ਸਿੰਘਾਂ ਨੂੰ ਮਲੇਰ ਕੋਟਲੇ ਵਿਚ ਤੋਪਾਂ ਨਾਲ ਉੜਾ ਦਿਤਾ ਗਿਆ।

ਪਰ ਸਰਕਾਰ ਦੀਆਂ ਸਖਤੀਆਂ ਨਾਮਧਾਰੀ ਜਥੇਬੰਦੀ ਨੂੰ ਖਤਮ ਨਾ ਕਰ ਸਕੀਆਂ। ਬਾਬਾ ਰਾਮ ਸਿੰਘ ਜੀ ਦਾ ਆਰੰਭਿਆ ਕੰਮ ਬਾਬਾ ਬੁਧ ਸਿੰਘ ਜੀ ਨੇ ਚਾਲੂ ਰਖਿਆ। ਅੰਤਰ ਕੇਵਲ ਇਨਾ ਸੀ ਕਿ ਜੋ ਕੰਮ ਪਹਿਲਾਂ ਖੁਲੇ ਬਾਜ਼ਾਰ ਹੁੰਦਾ ਸੀ, ਉਹ ਹੁਣ ਸਰਕਾਰ ਦੀ ਚੌਕਸੀ ਦੇ ਕਾਰਨ ਖੁਫੀਆ ਤੌਰ ਤੇ ਕੀਤਾ ਜਾਣ ਲਗਾ। ਸੂਰਬੀਰ ਨਾਮਧਾਰੀ ਸਿੰਘ ਹਥੇਲੀ ਤੇ ਜਾਨ ਟਿਕਾ ਕੇ ਬਰਮਾ ਜਾਂਦੇ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਮੁੜ ਘਰ ਆ ਜਾਂਦੇ। ਉਸ ਜ਼ਮਾਨੇ ਵਿਚ ਰੂਸ ਤੇ ਬਰਤਾਨੀਆਂ ਦੀ ਆਪਸ ਵਿਚ ਬੜੀ ਦੁਸ਼ਮਣੀ ਸੀ। ਇਸ ਲਈ ਬਰਤਾਨਵੀ ਸਰਕਾਰ ਦੇ ਵਿਰੁਧ ਰੂਸੀ ਸਹਾਇਤਾ ਦੀ ਆਸ ਵਿਚ ਸੂਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਵਰਗੇ ਬੁਲੰਦ-ਹਿੰਮਤ ਵਿਅਕਤੀਆਂ ਨੇ ਰੂਸੀ ਅਧਿਕਾਰੀਆਂ ਨਾਲ ਸੰਪਰਕ ਪੈਦਾ ਕੀਤਾ।

ਅਜਿਹੇ ਹਾਲਾਤ ਵਿਚ ਹੀ ਹਿੰਦੁਸਤਾਨ ਵਿਚ ਖਬਰ ਪੁਜੀ ਕਿ ਪੰਜਾਬ ਦਾ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਬਰਤਾਨੀਆਂ ਦੀ ਸਰਕਾਰ ਤੋਂ ਨਿਰਾਸ ਹੋ ਕੇ ਵਾਪਸ ਆਪਣੇ ਦੇਸ਼ ਵਿਚ ਆ ਰਿਹਾ ਹੈ। ਇਹ ਗਲ ਸੰਨ 1886 ਦੀ ਹੈ। ਦਲੀਪ ਸਿੰਘ ਦੀ ਵਾਪਸੀ ਦੀ ਖਬਰ ਸੁਣਕੇ ਨਾਮਧਾਰੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਹ ਤੀਬਰਤਾ ਨਾਲ ਮਹਾਰਾਜਾ ਸਾਹਿਬ ਦੀ ਉਡੀਕ ਕਰਨ ਲਗੇ। ਉਹਨਾਂ ਦੇ ਉਤਸ਼ਾਹ ਦਾ ਇਥੋਂ ਅਨੁਮਾਨ ਲਗ ਸਕਦਾ ਹੈ ਕਿ ਤੁਰੰਤ ਚਾਰ ਆਦਮੀਆਂ ਦੀ ਇਕ ਟੋਲੀ ਮਹਾਰਾਜਾ ਦੇ ਸਵਾਗਤ ਲਈ ਬੰਬਈ ਲਈ ਰਵਾਨਾ ਹੋ ਪਈ। ਇਸ ਸਮੇਂ ਇਕ ਉਰਦੂ ਪੁਸਤਕ ਖੁਰਸ਼ੀਦ ਖਾਲਸਾ ਨਾਮੀ ਲਾਹੌਰ ਵਿਚ ਛਾਪੀ ਗਈ। ਉਸਦਾ ਕਰਤਾ ਬਾਵਾ ਨਿਹਾਲ ਸਿੰਘ ਤੇ ਉਸਦਾ ਭਾਈ ਸਰਮੁਖ ਸਿੰਘ ਦੋਵੇਂ ਨਾਮਧਾਰੀ ਲਹਿਰ ਦੇ ਹਮਦਰਦ ਸਨ। ਜਿਸ ਛਾਪੇਖਾਨੇ ਵਿਚ ਇਹ ਛਪੀ ਉਸਦਾ ਮਾਲਿਕ ਦੀਵਾਨ ਬੂਟਾ ਸਿੰਘ ਵੀ ਨਾਮਧਾਰੀ ਵਿਚਾਰਾਂ ਦਾ ਸੀ। ਇਸ ਪੁਸਤਕ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਪ੍ਰੋਗਰਾਮ ਦੀ ਬੜੀ ਉਸਤਤ ਕੀਤੀ ਗਈ ਸੀ। ਇਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਅਗਵਾਈ ਹੇਠ ਖਾਲਸਾ ਰਾਜ ਦੀ ਬਹਾਲੀ ਦਾ ਜ਼ਿਕਰ ਵੀ ਸੀ। ਫਰੰਗੀ ਸਰਕਾਰ ਨੂੰ ਇਹ ਪੁਸਤਕ ਗੋਲੀ ਵਾਂਗੂੰ ਲਗੀ ਅਤੇ ਉਸਨੇ ਤੁਰੰਤ ਇਸਨੂੰ ਜ਼ਬਤ ਕਰਨ ਦਾ ਹੁਕਮ ਜਾਰੀ ਕਰ ਦਿਤਾ।

ਉਪਰੋਕਤ ਘਟਨਾਵਾਂ ਤੋਂ ਸਰਕਾਰ ਨੂੰ ਡਰ ਹੋ ਗਿਆ ਕਿ ਕਿਤੇ ਮਹਾਰਾਜਾ ਦਲੀਪ ਸਿੰਘ ਦੀ ਵਾਪਸੀ ਤੇ ਪੰਜਾਬ ਵਿਚ ਗੜ ਬੜ ਨਾ ਹੋ ਜਾਏ। ਇਸ ਲਈ ਮਹਾਰਾਜਾ ਸਾਹਿਬ ਨੂੰ ਅਦਨ ਦੀ ਬੰਦਰਗਾਹ ਤੋਂ ਹੀ ਵਾਪਸ ਮੋੜ ਦਿਤਾ ਗਿਆ। ਪਰ ਉਹਨਾਂ ਦਾ ਇਰਾਦਾ ਪਕਾ ਸੀ। ਉਹਨਾਂ ਦੇ ਇੰਗਲੈਂਡ ਵਾਪਸ ਜਾਣ ਦਾ ਸੁਆਲ ਹੀ ਨਹੀਂ ਸੀ। ਉਹ ਫਰਾਂਸ ਤੇ ਜਰਮਨੀ ਹੁੰਦੇ ਹੋਏ ਰੂਸ ਪਹੁੰਚ ਗਏ। ਉਹਨਾਂ ਨੂੰ ਉਮੀਦ ਸੀ ਕਿ ਰੂਸ ਉਹਨਾਂ ਦੀ ਭਾਰਤ ਤੇ ਚੜ੍ਹਾਈ ਕਰਨ ਵਿਚ ਮਦਦ ਕਰੇਗਾ। ਇਹ ਖਬਰ ਸੁਣਕੇ ਇਕ ਵਾਰ ਫਿਰ ਨਾਮਧਾਰੀ ਹਲਕਿਆਂ ਵਿਚ ਖੁਸ਼ੀ ਦੇ ਸ਼ਾਦਿਆਨੇ ਵਜਣੇ ਸ਼ੁਰੂ ਹੋਏ। ਹੁਸ਼ਿਆਰ ਪੁਰ ਜ਼ਿਲੇ ਦੇ ਪਿੰਡ ਚੂਰਾ ਵਿਖੇ 23 ਜੁਲਾਈ 1887 ਨੂੰ ਇਕ ਮੇਲਾ ਕੀਤਾ ਗਿਆ। ਉਸ ਮੇਲੇ

ਵਿਚ ਦਸਿਆ ਗਿਆ ਕਿ ਸੂਬਾ ਬਿਸ਼ਨ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਰੂਸ ਵਿਚ ਇਕਠੇ ਹੋ ਗਏ ਹਨ। ਇਸ ਨਾਲ ਉਹਨਾਂ ਦੇ ਦਿਲ ਉਤਸ਼ਾਹ ਨਾਲ ਭਰ ਗਏ ਕਿਉਂ ਕਿ ਹੁਣ ਉਹਨਾਂ ਨੂੰ ਪੂਰਾ ਯਕੀਨ ਸੀ ਕਿ ਰੂਸ ਜ਼ਰੂਰ ਹੀ ਭਾਰਤ ਉਤੇ ਹਮਲਾ ਕਰਕੇ ਇਥੋਂ ਅੰਗਰੇਜ਼ਾਂ ਦਾ ਬੋਰੀਆ ਬਿਸਤਰਾ ਚੁਕਵਾ ਦੇਵੇਗਾ। ਇਸ ਖੁਸ਼ੀ ਵਿਚ ਹਵਨ ਕਰਕੇ ਚੰਡੀ ਦਾ ਪਾਠ ਕੀਤਾ ਗਿਆ।

ਛੇਤੀ ਹੀ ਮਗਰੋਂ ਕੁਝ ਨਾਮਧਾਰੀ ਸਿੰਘਾਂ ਨੂੰ ਚਿੱਠੀਆਂ ਤੇ ਸੁਗਾਤਾਂ ਦੇ ਕੇ ਰੂਸ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਲਈ ਤੋਰਿਆ ਗਿਆ। ਜਦੋਂ ਇਹ ਈਰਾਨ ਦੇ ਸ਼ਹਿਰ ਮਸ਼ਹਦ ਵਿਚੋਂ ਦੀ ਗੁਜ਼ਰ ਰਹੇ ਸਨ, ਇਕ ਅੰਗਰੇਜ਼ ਜਨਰਲ ਮੈਕਲੀਨ ਨਾਮੀ ਨੇ ਉਹਨਾਂ ਨੂੰ ਵੇਖ ਲਿਆ ਅਤੇ ਇਸ ਬਾਰੇ ਸੂਚਨਾ ਹਿੰਦੁਸਤਾਨ ਸਰਕਾਰ ਨੂੰ ਭੇਜ ਦਿਤੀ। ਇਸ ਪਰ ਸਰਕਾਰ ਨੇ ਇਕ ਜਸੂਸ ਏ. ਐਸ. ਨੂੰ ਹੁਕਮ ਦਿਤਾ ਕਿ ਉਹ ਪਿਛਾ ਕਰਕੇ ਇਹਨਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰੇ। ਉਹ ਇਹਨਾਂ ਬਾਰੇ ਕੁਝ ਨਾ ਕਰ ਸਕਿਆ। ਪਰ ਸੂਬਾ ਗੁਰਚਰਨ ਸਿੰਘ ਨੂੰ ਪਕੜਾਉਣ ਵਿਚ ਜ਼ਰੂਰ ਕਾਮਯਾਬ ਹੋ ਗਿਆ।

ਮਹਾਰਾਜਾ ਦਲੀਪ ਸਿੰਘ ਰੂਸ ਵਿਚ ਨਵੰਬਰ 1888 ਤਕ ਠਹਿਰੇ। ਉਥੋਂ ਉਹਨਾਂ ਨੇ ਪੰਜਾਬ ਦੇ ਸਿੱਖਾਂ, ਵਿਸ਼ੇਸ਼ ਕਰਕੇ ਨਾਮਧਾਰੀਆਂ ਨਾਲ ਸੰਪਰਕ ਪੈਦਾ ਕੀਤਾ ਅਤੇ ਹਿੰਦੁਸਤਾਨੀਆਂ ਦੇ ਨਾਂ ਇਕ ਅਪੀਲ ਜਾਰੀ ਕੀਤੀ ਕਿ ਪੰਜਾਬ ਵਿਚ ਰਹਿਣ ਵਾਲੇ ਇਕ ਆਨਾ ਪ੍ਰਤੀ ਜੀਅ ਪ੍ਰਤੀ ਮਹੀਨਾ ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਇਕ ਪੈਸਾ ਪ੍ਰਤੀ ਜੀਅ ਮਹੀਨਾ ਚੰਦੇ ਦੇ ਤੌਰ ਤੇ ਇਕਠਾ ਕਰਕੇ ਦੇਣ ਤਾਂ ਜੁ ਉਸ ਰੁਪਏ ਨਾਲ ਫੌਜ ਭਰਤੀ ਕਰਕੇ ਭਾਰਤ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਰਿਹਾ ਕਰ ਸਕੇ। ਉਸ ਅਪੀਲ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਰੋਸਾ ਦਵਾਇਆ ਕਿ ਜੇ ਉਹ ਆਪਣੇ ਮਨੋਰਥ ਵਿਚ ਕਾਮਯਾਬ ਹੋ ਗਏ, ਜਨਤਕ ਲਾਭ ਹਿਤ ਟੈਕਸ ਮਾਫ ਕਰ ਦਿਤੇ ਜਾਣਗੇ, ਗਊ-ਹਤਿਆ ਦਾ ਖਾਤਮਾ ਕਰ ਦਿਤਾ ਜਾਏਗਾ, ਕੈਦੀ ਛੱਡ ਦਿਤੇ ਜਾਣਗੇ ਅਤੇ ਜਿਨ੍ਹਾਂ ਲੋਕਾਂ ਨੂੰ ਅੰਗਰੇਜ਼ ਦੇ ਹਥੋਂ ਜ਼ੁਲਮ ਅਤੇ ਬੇਇਨਸਾਫੀ ਦਾ ਸਾਹਮਣਾ ਕਰਨਾ ਪਿਆ ਹੈ, ਉਹਨਾਂ ਸਭ ਲੋਕਾਂ ਦੇ ਨੁਕਸਾਨ ਦੀ ਤਲਾਫੀ ਕੀਤੀ ਜਾਏਗੀ। ਪ੍ਰੰਤੂ ਮਹਾਰਾਜਾ ਦਲੀਪ ਸਿੰਘ ਨੂੰ ਰੂਸ ਨੇ ਕੋਈ ਸਹਾਇਤਾ ਨਾ ਦਿਤੀ। ਨਾ ਹੀ ਉਹਨਾਂ ਦੀ ਅਪੀਲ ਦਾ ਕੋਈ ਠੋਸ ਸਿਟਾ ਨਿਕਲਿਆ। ਅੰਤ ਵਿਚ ਉਹਨਾਂ ਨੂੰ ਨਿਰਾਸ਼ ਹੋ ਕੇ ਰੂਸ ਛਡ ਕੇ ਮੁੜ ਫਰਾਂਸ ਆਉਣਾ ਪਿਆ।

ਇਸ ਤਰਾਂ ਮਹਾਰਾਜਾ ਦਲੀਪ ਸਿੰਘ ਦੇ ਸਾਰੇ ਯਤਨ ਨਿਸਫਲ ਰਹੇ ਅਤੇ ਨਾਮਧਾਰੀਆਂ ਨੇ ਜੋ ਉਸ ਸਮੇਂ ਆਜ਼ਾਦੀ ਦੇ ਸੁਪਨੇ ਲਏ ਸਨ, ਉਹ ਪੂਰੇ ਨਾ ਹੋ ਸਕੇ। ਪਰ ਇਸ ਸਬੰਧ ਵਿਚ ਇਕ ਖਾਸ ਗਲ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਹ ਹੈ ਪੰਜਾਬ ਦੀ ਸਮੁਚੀ ਸਿਖ ਵਸੋਂ ਵਿਚੋਂ ਕੇਵਲ ਨਾਮਧਾਰੀ ਹੀ ਸਨ, ਜਿਨ੍ਹਾਂ ਨੇ ਸ਼ਰੇਆਮ ਆਪਣੇ ਆਪ ਨੂੰ ਮਹਾਰਾਜਾ ਦਲੀਪ ਸਿੰਘ ਦੇ ਹਿਤਾਂ ਨਾਲ ਜੋੜਿਆ ਅਤੇ ਉਹਨਾਂ ਦੇ ਮਿਸ਼ਨ ਦੀ ਸਫਲਤਾ ਲਈ ਕੇਵਲ ਕਾਮਨਾ ਹੀ ਨਹੀਂ ਕੀਤੀ ਸਗੋਂ ਨਿਗਰ ਯਤਨ ਵੀ ਕੀਤੇ।

****

ਨਾਮਧਾਰੀ ਇਤਿਹਾਸ ਦੀ ਸਮੱਗਰੀ ਦੇ ਪਟਿਆਰੇ 'ਚੋਂ

ਭਾਈ ਨਾਹਰ ਸਿੰਘ ਐਮ.ਏ.

ਕੁਦਰਤ ਵਲੋਂ ਸਰੀਰ ਦੇ ਢਾਂਚੇ ਵਿਚ ਬਾਹਰ ਵਲ ਪਰਤੱਖ ਦੇਖਦਿਆਂ ਅੱਖੀਆਂ ਤੋਂ ਕਈ ਵਰ੍ਹਿਆਂ ਤੋਂ ਨਾ ਦਿਖਾਈ ਦਿੰਦੇ, ਪਰ ਇਤਿਹਾਸ ਦੀ ਸਮੱਗਰੀ ਦੀ ਖੋਜ ਦੇ ਸਮੇਂ ਹਸੂੰ ਹਸੂੰ ਖਿੜੇ ਹੋਏ ਜਲਾਲ ਭਰੇ ਚਿਹਰੇ ਵਾਲੇ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ ਨਿੱਘੀ ਅਤੇ ਮਿਠੀ ਜ਼ਬਾਨ ਨਾਲ ਭਾਈ ਨਾਹਰ ਸਿੰਘ ਕਹਿੰਦੇ ਨਾਲ ਹੀ ਬੈਠੇ, ਖਲੋਤੇ ਕੁਝ ਸੁਣਦੇ ਕੁਝ ਦਸਦੇ ਅਤੇ ਵੀਚਾਰ ਵਟਾਂਦਰਾ ਕਰਦੇ ਅਨੁਭਵ ਹੁੰਦੇ ਰਹਿੰਦੇ ਹਨ। ਇਹ ਮਨ ਦਾ ਭੁਲੇਖਾ ਹੈ, ਜਾਂ ਦਿਮਾਗ ਦੀ ਉਲੀਕੀ ਤਸਵੀਰ, ਇਸਦਾ ਕੁਝ ਪਤਾ ਨਹੀਂ। ਮੈਨੂੰ ਇਸਦੇ ਸਮਝਣ ਦੀ ਲੋੜ ਵੀ ਨਹੀਂ। ਮੇਰਾ ਕੰਮ ਹੈ ਨਾਮਧਾਰੀ ਇਤਿਹਾਸ ਦੀ ਸਮਗਰੀ ਕੱਠੀ ਕਰਨਾ। ਮੇਰੇ ਜ਼ਿੰਮੇਂ ਉਨ੍ਹਾਂ ਇਹ ਸੇਵਾ ਲਾਈ। ਮੇਰੇ ਕੁਝ ਨਾਂਹ ਨੁਕਰ ਕਰਨ ਵਾਲੇ ਬੋਲ ਕਹਿਣ ਤੋਂ ਪਹਿਲਾਂ ਹੀ ਇਹ ਭੀ ਕਿਹਾ ਕਿ ਭਾਈ ਅੰਗਰੇਜ਼ੀ ਸਾਮਰਾਜ ਵਿਰੁਧ ਲੜਾਈ ਕਰਦਿਆਂ ਹਿੰਦੁਸਤਾਨੀ ਦੇਸ ਭਗਤਾਂ ਸੰਬੰਧੀ ਜਿਹੜਾ ਵੀ ਮਸਾਲਾ ਮਿਲੇ 'ਕੱਠਾ ਕਰਦਾ ਰਹੀਂ। ਪਟਿਆਰਾ ਭਰਦਾ ਰਹੀਂ। ਮੁੜ ਦੇਖੀ ਜਾਵੇਗੀ। ਨਾਲ ਦੀ ਨਾਲ ਹੀ ਦੁਨਿਆਵੀਂ ਬਖਸ਼ਿਸ਼ਾਂ ਤੇ ਮਿਹਰਾਂ ਦੀਆਂ ਵੀ ਝੜੀਆਂ ਲਾ ਦਿਤੀਆਂ।

ਤੇਰੀ ਯਾਦ ਆਈ ਤੇਰੇ ਜਾਨੇ ਕੇ ਬਾਅਦ।

ਮੈਂ ਹੁਣ ਤੀਕ ਕੀ ਕੁਝ ਕਰ ਸਕਿਆ ਹਾਂ। ਮੇਰੀ ਗਿਣਤੀ ਮਿਣਤੀ ਅਨੁਸਾਰ ਸਾਰੇ ਛੋਪ ਵਿਚੋਂ 2 ਪੂਣੀਆਂ ਵੀ ਕੱਤੀਆਂ ਨਹੀਂ ਗਈਆਂ। ਹੌਲੀ ਹੌਲੀ ਕੰਮ ਕਰੀ ਜਾਣ ਤੋਂ ਖਲੋਂਦਾ ਇਸ ਲਈ ਨਹੀਂ ਕਿ ਕੀਤੇ ਇਕਰਾਰ ਤੋਂ ਝੂਠਾ ਨਾ ਪਵਾਂ। ਸਰਪਟ ਦੌੜ ਇਸ ਲਈ ਨਹੀਂ ਲਾਂਦਾ ਕਿ ਐਸਾ ਕਰਨ ਦੀ ਉਮਰ ਅਤੇ ਹਿੰਮਤ ਨਹੀਂ। ਟਿਡ ਫੌਹੜੀ ਚੁਕਣ ਵਾਲਾ ਚੇਲਾ ਕੋਈ ਬਣਦਾ ਨਹੀਂ, ਕਿਉਂ ਕਿ ਇਹ ਕੰਮ ਅਲੂਣੀ ਸਿਲ ਚਟਣੀ ਹੈ। ਨਵੀਂ ਨਸਲ ਦੇ ਨੌਜਵਾਨ ਹਰ ਕੰਮ ਨੂੰ ਤੇਜ਼ੀ ਨਾਲ ਮੁਕਾਉਣ ਦੇ ਅਸੂਲ ਨੂੰ ਮੁਖ ਰਖਦੇ ਹਨ । ਪਰ ਇਤਿਹਾਸ ਖੋਜ ਕਰਨ ਦਾ ਕੰਮ ਤਾਂ ਰੇਤੇ ਵਿਚ ਰਲੇ ਮਸ਼ੀਨੀ ਖੰਡ ਦੇ ਦਾਣੇ ਕਢਣ ਸਮਾਨ ਹੈ. ਜੋ ਕੀੜੀ ਬਣਕੇ ਹੀ ਚੁਗੇ ਜਾਂਦੇ ਹਨ। ਹਰਵਿੰਦਰ ਸਿੰਘ ਜੀ ਅਤੇ ਗੁਰਭਜਨ ਸਿੰਘ ਜੀ ਨੇ "ਸ਼ਤਾਬਦੀ ਨਿਊਜ਼" ਲਈ ਪਾਠਕਾਂ ਲਈ ਕੋਈ ਨਵੀਂ ਚੀਜ਼ ਲਿਖਣ ਲਈ ਕਿਹਾ, ਸੋ ਹਾਜ਼ਰ ਹੈ। ਪਟਿਆਰਾ ਗੁਰੂ ਮਹਾਰਾਜ ਪਰਤਾਪ ਸਿੰਘ ਜੀ ਦੀ ਬਖਸ਼ੀ ਅਮਾਨਤ ਹੈ ਤੇ ਨਾਮਧਾਰੀ ਪੰਥ ਦੀ ਵਸਤੂ ਹੈ। ਜੋ ਹੁਕਮ ਕਰੋਗੇ ਕਢ ਕਢ ਕੇ ਹਾਜ਼ਰ ਕਰਦਾ ਜਾਵਾਂਗਾ।

Sri Satguru Jagjit Singh Ji Elibrary NamdhariElibrary@gmail.com

ਹਿੰਦੁਸਤਾਨ ਗਦਰ ਪਾਰਟੀ 1 ਨਵੰਬਰ, 1913 ਦਿਨ ਐਤਵਾਰ ਨੂੰ ਅਮਰੀਕਾ ਵਿਚ ਰਹਿੰਦੇ ਹਿੰਦੁਸਤਾਨੀਆਂ ਦੀ 5 ਵੁਡ ਸਟਰੀਟ, ਸਾਨਫਰਾਂਸਿਸਕੋ, ਕੈਲੇਫੋਰਨੀਆਂ ਦੇ ਥਾਂ ਤੇ ਹੋਈ ਇਕ ਉਚੱਚੀ ਇਕਤ੍ਰਤਾ ਵਿਚ ਕੀਤੀਆਂ ਗਈਆਂ ਵੀਚਾਰਾਂ ਪਿਛੋਂ ਬਣਾਈ ਗਈ। ਬਾਬਾ ਸੋਹਣ ਸਿੰਘ ਨਾਮਧਾਰੀ ਪ੍ਰਸਿਧ ਦੇਸ਼ ਭਗਤ ਪਿੰਡ ਭਕਨਾਂ, ਜ਼ਿਲਾ ਅੰਮ੍ਰਿਤਸਰ, ਇਸਦੇ ਪ੍ਰਧਾਨ· ਥਾਪੇ ਗਏ ਅਤੇ ਲਾਲਾ ਹਰਦਿਆਲ ਐਮ. ਏ. ਸਕਤ੍ਰ।5 ਵੁਡ ਸਟਰੀਟ, ਸਾਨਫਰਾਂਸਿਸਕੋ, ਕੈਲੇਫੋਰਨੀਆ ਇਸਦਾ ਵਡਾ ਦਫਤਰ ਜਾਂ ਕੇਂਦਰੀਆ ਮੁਕਾਮ ਬਣਾਇਆ ਗਿਆ।

ਬਾਬਾ ਸੋਹਣ ਸਿੰਘ ਜੀ ਇਕ ਉਘੇ ਨਾਮਧਾਰੀ ਵਿਅਕਤੀ ਬਾਬਾ ਕੇਸਰ ਸਿੰਘ ਜੀ ਮਹਾਵੇ ਵਾਲਿਆਂ ਦੇ ਚੇਲੇ, ਭਗਤ ਅਤੇ ਅਨੁਆਈ ਸਨ। ਪਿੰਡ ਮਹਾਵਾ ਭਕਨੇ ਤੋਂ ਤਿੰਨ ਕੋਹ ਦੀ ਵਿਥ ਤੇ ਹੈ। ਸੋਹਣ ਸਿੰਘ ਜੀ ਰਜਦੇ ਪੁਜਦੇ ਜੱਟ ਘਰਾਣੇ ਦੇ ਬੰਦੇ ਸਨ। ਜਵਾਨ ਹੋਵਨ ਤੇ ਇਨਾਂ ਨੂੰ ਧਨਪਤੀਆਂ ਅਤੇ ਪੁੰਜੀਪਤੀਆਂ ਵਾਲੀਆਂ ਸਾਰੀਆਂ ਗੰਦੀਆਂ ਆਦਤਾਂ ਪੈ ਗਈਆਂ। ਲੁਚੇ, ਲਫੰਗੇ ਖੁਸ਼ਾਮਦੀ ਗੁੰਡਿਆਂ ਨੇ ਇਹਨਾਂ ਨੂੰ ਬਰਬਾਦੀ ਦੇ ਰਸਤੇ ਪਾ ਦਿਤਾ ਅਤੇ ਚੰਗੀ ਤਰਾਂ ਲੁਟੇ ਪੁਟੇ ਗਏ। ਇਸ ਬਿਪਤਾ ਵਿਚ ਚੰਗੇ ਭਾਗਾਂ ਨੂੰ ਬਾਬਾ ਕੇਸਰ ਸਿੰਘ ਜੀ ਨਾਲ ਮਿਲਾਪ ਹੋਇਆ, ਜੋ ਆਪਣੇ ਨਾਮਧਾਰੀਆਂ ਦੇ ਜਥੇ ਦੇ ਨਾਲ ਖੁਲੇ ਹੀ ਵਿਚਰਿਆ ਕਰਦੇ ਸਨ। ਇਨਾਂ ਦੀ ਸ਼ਰਨ ਆਏ ਤੇ ਇਨਾਂ ਦੇ ਹੀ ਬਣ ਗਏ। ਬਾਬਾ ਜੀ ਨੇ ਇਨਾਂ ਨੂੰ ਜਥੇ ਦੇ ਨਾਲ ਰਲਾ ਲਿਆ ਅਤੇ ਅੰਮ੍ਰਿਤ ਛਕਾ ਕੇ ਕੂਕੇ ਬਣਾ ਦਿਤਾ।

ਬਾਬਾ ਕੇਸਰ ਸਿੰਘ ਜੀ ਭਗਤੀ, ਪ੍ਰੇਮ, ਸਿਮਰਨ , ਸੇਵਾ ਵਿਚ ਲੀਨ ਹੋ ਕੇ ਸਰੀਰਕ ਅਵਸਥਾ ਤੋਂ ਉਪਰ, ਆਪਾ ਪਰਕਾ ਦੀ ਪਧਰ ਤੋਂ ਬੇਪਰਵਾਹ, ਮਨ, ਬਚਨ, ਕਰਮ ਦੀ ਸ਼ੁਧਤਾ ਵਾਲੇ ਮਹਾਂਪੁਰਖ ਸਨ। ਸਤਿਗੁਰੂ ਰਾਮ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਕੂਕੇ ਸਿਖ ਬਣੇ ਸਨ। ਭੈਣੀ ਸਾਹਿਬ, ਬਾਬਾ ਕੇਸਰ ਸਿੰਘ ਗਿਲ ਅਤੇ ਲਾਹੌਰ, ਸਿਆਲਕੋਟ, ਗੁਜਰਾਂਵਾਲੇ ਦੇ ਜ਼ਿਲੇ ਦੇ ਕੂਕਿਆਂ ਦੇ ਘਰੀਂ ਫੇਰੇ ਪਾਉਦੇ ਰਹਿੰਦੇ ਸਨ। ਸ਼ਰਧਾਲੂਆਂ ਦੀ ਡਾਰ ਪਿਛੇ ਪਿਛੇ ਲਗੀ ਰਹਿੰਦੀ। ਮਸਤੀ ਵਿਚ ਆ ਕੇ ਜਾਚਕਾਂ ਨੂੰ ਧੰਨ, ਦੌਲਤ, ਪੁਤਰਾਂ ਆਦਿ ਦੀਆਂ ਦਾਤਾਂ ਦੇ ਬਚਨ ਭੀ ਕਰ ਜਾਂਦੇ ਸਨ, ਕਈ ਬੂਟੇ ਲਾਏ ਅਤੇ ਕਈ ਘਰ ਵਸਾਏ। ਭਜਨ ਵਿਚ ਮਸਤ ਸਰੀਰਕ ਸੁਖ ਦੁਖ ਤੋਂ ਬੇਪ੍ਰਵਾਹ ਕਦੀ ਕਦੀ ਭਜਦੇਭਜਦੇ ਵੀਹ ਵੀਹ ਕੋਹ ਨਿਕਲ ਜਾਂਦੇ। ਕਦੀ ਬੈਠ ਕੇ ਤਪਸਿਆ ਸਾਧਣ ਲਗ ਜਾਂਦੇ। ਕਦੀ ਕਦੀ ਮਸਤੀ ਵਿਚ ਆ ਕੇ ਆਲੇ ਦੁਆਲੇ ਬਹੁਤੀ ਭੀੜ ਇਕਠੀ ਹੋਈ ਦੇਖ ਕੇ ਇਨਾਂ ਤੋਂ ਬਚਨ ਲਈ ਨਗਨ ਹੀ ਭਜ ਨਿਕਲਦੇ। ਛੋਟੀ ਉਮਰ ਵਿਚ ਖੇਤੀ ਕੀਤੀ, ਗ੍ਰਿਹਸਤ ਕੀਤਾ ਪਰ ਜਦ ਮੌਜ ਆਈ ਤਦ ਪੁਤਰਾਂ ਨੂੰ ਸਭ ਕੁਝ ਸੰਭਾਲ ਕੇ ਪਕੇ ਨਾਮਧਾਰੀਏ ਬਣ ਗਏ। ਅੰਦਰਲੇ ਜਾਪ ਜਾਂ ਚੁੜਨ ਦੀ ਅਵਸਥਾ ਤਾਂ ਰੱਬ ਜਾਣੇ। ਪਰ ਸੁਣਿਆ ਹੈ ਕਿ ਮੁੰਹ ਵਿਚ ਕੇਸਰ ਕਿਲੀ, ਕੇਸਰ ਕਿਲੀ, ਇਹੋ ਅਲਾਪ ਕਰੀ ਜਾਂਦੇ। ਆਮ ਤੌਰ ਤੇ ਫਿਰਦੇ ਰਹਿੰਦੇ। ਨਾਮਧਾਰੀ ਸ਼ਬਦਾਵਲੀ ਅਨੁਸਾਰ ਐਸੇ ਸਜਣਾਂ ਨੂੰ ਮਸਤਾਨਾਂ ਆਖਦੇ ਹਨ। ਕਹਿੰਦੇ ਹਨ ਕਿ ਇਹ ਬਹੁਤ ਉਚੇਰੀ ਰੂਹਾਨੀ ਅਵਸਥਾ ਹੈ। ਕਈ ਕਈ ਦਿਨ "ਬਿਲਿਆਂ ਨੂੰ ਕਢੋ, ਬਿਲਿਆਂ ਨੂੰ ਭਜਾਉ" ਕਹਿੰਦੇ ਰਹਿੰਦੇ। ਕੂਕਿਆਂ, ਨਾਮਧਾਰੀਆਂ ਵਾਲੀਆਂ ਧਾਰਨਾਵਾਂ ਵਿਚ ਜਦ ਇਨਾਂ ਦੇ ਨਾਲ ਵਿਚਰਨ ਵਾਲੇ ਉਚੀ ਉਚੀ ਸ਼ਬਦ ਪੜਦੇ ਤਦ ਚੁਫੇਰੇ ਮਸਤੀ ਹੀ ਮਸਤੀ ਛਾ ਜਾਂਦੀ। ਅੰਗਰੇਜ਼ਾਂ ਦਾ ਨਾਂ ਲੈ ਲੈ ਕੇ ਪੇੜ੍ਹੂਆਂ ਵਾਲੀਆਂ ਜਟਕੀਆਂ ਕੜਾਕੇਦਾਰ ਗਾਲਾਂ ਕਢਦੇ ਤੇ ਕਹਿੰਦੇ ਕਿ ਸਾਡੇ ਗੁਰੂ ਰਾਮ ਸਿੰਘ ਨੂੰ ਫੜ ਕੇ ਕਾਲੇ ਪਾਣੀ ਲੈ ਗਏ ਹੋ। ਤੁਹਾਡਾ ਬੇੜਾ ਗਰਕ ਕਰਾਂਗਾ। ਤੁਹਾਡੀ ਐਸੀ ਦੀ ਤੈਸੀ। ਸਾਨੂੰ ਕੀ ਸਮਝਿਆ ਹੈ — ਜਥੇ ਸਮੇਤ ਭੈਣੀ ਸਾਹਿਬ ਹਰ ਦੂਸਰੇ ਤੀਸਰੇ ਮਹੀਨੇ ਗੁਰੂ ਹਰੀ ਸਿੰਘ ਮਹਾਰਾਜ ਨੂੰ ਆ ਕੇ ਮਿਲਦੇ। ਗੁਰੂ ਹਰੀ ਸਿੰਘ ਜੀ ਮਹਾਰਾਜ ਉਨਾਂ ਦਾ ਬੜਾ ਹੀ ਮਾਣ ਅਤੇ ਸਤਿਕਾਰ ਕਰਦੇ ਸਨ। ਕੇਸਰ ਜੀ ਜੋ ਦਿਲ ਆਉਦਾ ਕਹਿੰਦੇ ਅਤੇ ਹੁਕਮ ਦੇ ਦਿੰਦੇ। ਪਰ ਭਾਵਨਾ ਅਦਬ ਤੇ ਸਤਿਕਾਰ ਗੁਰੂ

Sri Satguru Jagjit Singh Ji Elibrary NamdhariElibrary@gmail.com

ਚੋਲੇ ਵਾਲੀ ਹੀ ਰਖਦੇ। ਇਕ ਵਾਰੀ ਭੈਣੀ ਸਾਹਿਬ ਸਾਥੀਆਂ ਸਮੇਤ ਖੁਲੇ ਟਿਬਿਆਂ ਤੇ ਵਿਚਰਦੇ ਫਿਰਦੇ ਸਨ ਕਿ ਕਿਸੇ ਸ਼ਰਈ ਕੂਕੇ ਨੇ ਕਛਹਿਰਾ ਪੌਣ ਬਾਬਤ ਕਹਿ ਦਿਤਾ। ਸੁਣਦਿਆਂ ਸਾਰ ਭਜੇ ਭਜੇ ਗੁਰੂ ਹਰੀ ਸਿੰਘ ਜੀ ਨੂੰ ਆ ਕਹਿਣ ਲਗੇ। ਝਟ ਪਟ ਮੈਨੂੰ ਆਪਣਾ ਕਛਹਿਰਾ ਲਾਹ ਕੇ ਦੇ ਦਿਓ। ਸੁਣਦਿਆਂ ਸਾਰ ਗੁਰੂ ਹਰੀ ਸਿੰਘ ਨੇ ਐਸਾ ਹੀ ਕੀਤਾ। ਕਛਹਿਰਾ ਲੈ ਕੇ ਉਚੀ ਉਚੀ ਹਸੇ ਤੇ ਕਹਿਣ ਲਗੇ"ਲਉ ਉਏ ਲੋਕੋ ਦੇਖੋ, ਹਰੀਏ ਤੋਂ ਖੋਹ ਲਈ!" ਹਸਦੇ ਹਸਦੇ ਖਿੜ ਖਿੜ ਕਰਦੇ ਕਛਹਿਰੇ ਨੂੰ ਡਾਂਗ ਤੇ ਟੰਗ ਕੇ ਭਜ ਨਿਕਲੇ। ਸੰਗੀ ਸਾਥੀ ਵੀ ਨਾਲ ਹੀ ਭਜਦੇ ਗਏ। ਕੋਈ ਪਹਿਰ ਕੁ ਪਿਛੋਂ ਦੀਵਾਨ ਵਿਚ ਆ ਕੇ ਕਹਿਣ ਲਗੇ। "ਲੈ ਗੁਰੂ ਦਾ ਕਛਹਿਰਾ ਹੈ ਮੈਂ ਡਾਂਗ ਤੇ ਰਖ ਕੇ ਝੰਡਾ ਬਣਾ ਕੇ ਫਹਿਰਾਉਦਾ ਰਿਹਾ ਹਾਂ। ਪਾਉਂਦਾ ਕਿਵੇਂ, ਤੂੰ ਤਾਂ ਗੁਰੂ ਹੈਂ, ਤੇਰੀ ਚੀਜ਼ ਤੂੰ ਹੀ ਸਾਂਭ।"ਕਛਹਿਰਾ ਦੇ ਕੇ ਮੁੜ ਭਜ ਨਿਕਲੇ। ਐਸੀ ਜੀਵਨ ਮੁਕਤ, ਬਦੇਹੀ, ਮੌਤ ਦੇ ਡਰ ਭੈ ਤੋਂ ਉਪਰ ਗ੍ਰਿਹਸਤੀ ਨਾਮਧਾਰੀ ਦੀ ਸੰਗਤ ਨੇ ਜਵਾਨ ਸੋਹਣ ਸਿੰਘ ਜੀ ਦੇ ਦਿਲ ਤੇ ਦੇਸ਼ ਭਗਤੀ, ਸਿਮਰਨ ਅਤੇ ਭਾਰਤ ਵਿਚੋਂ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਪੁਟਣ ਦੇ ਅਮਿਟ ਅੱਖਰ ਉਲੀਕੇ ਦਿਤੇ। ਸੋਹਣ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਦੇ, ਬਾਬਾ ਕੇਸਰ ਸਿੰਘ ਜੀ ਨਾਲ ਬਹੁਤ ਵਾਰ ਦਰਸ਼ਨ ਕੀਤੇ। ਉਸ ਸਮੇਂ ਨਾਮਧਾਰੀਏ ਅੰਗਰੇਜ਼ੀ ਸਾਮਰਾਜ ਦੀ ਜ਼ੁਲਮਾਂ ਦੀ ਚਕੀ ਵਿਚ ਪੀਸੇ ਜਾ ਰਹੇ ਸਨ। ਇਹ ਸਖਤੀਆਂ 1863 ਤੋਂ ਹੀ ਜਾਰੀ ਸਨ। 1872 ਵਿਚ 67 ਕੂਕਿਆਂ ਨੂੰ ਤੋਪਾਂ ਨਾਲ ਉਡਾਣ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ State Prisoner ਯਾ ਰਾਸ਼ਟਰ ਕੈਦੀ ਬਣਾ ਕੇ ਰੰਗੂਨ ਅਤੇ ਮਰਗੋਈ ਲੈ ਜਾਨ ਪਿਛੋਂ ਨਾਮਧਾਰੀਆਂ ਤੇ ਬਹੁਤ ਕਰੜਾਈਆਂ ਕਰ ਦਿਤੀਆਂ ਗਈਆਂ ਸਨ।

ਗੁਰੂ ਹਰੀ ਸਿੰਘ ਮਹਾਰਾਜ ਨੂੰ ਭੈਣੀ ਸਾਹਿਬ ਤੋਂ ਬਾਹਰ ਜਾਣ ਲਈ ਸਰਕਾਰ ਪਾਸੋਂ ਲਿਖਤੀ ਮਨਜ਼ੂਰੀ ਲੈਣੀ ਪੈਂਦੀ ਸੀ। ਪੰਜ ਤੋਂ ਵਧ ਕੂਕੇ ਕਿਧਰੇ 'ਕਠੇ ਨਹੀਂ ਹੋ ਸਕਦੇ ਸਨ। ਪੰਜ ਤੋਂ ਵਧ ਕੂਕੇ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਨੂੰ ਨਹੀਂ ਆ ਸਕਦੇ ਸਨ। ਬਾਹਰ ਤੋਂ ਆਏ ਕੂਕੇ ਭੈਣੀ ਸਾਹਿਬ ਰਾਤ ਨਹੀਂ ਰਹਿ ਸਕਦੇ ਸਨ।

ਪੁਲਿਸ ਦੇ 7 ਸਿਪਾਹੀ ਅਤੇ ਇਕ ਹਵਾਲਦਾਰ ਹਰ ਸਮੇਂ ਭੈਣੀ ਸਾਹਿਬ ਰਹਿੰਦੇ ਸਨ ਤੇ ਆਮ ਤੌਰ ਤੇ ਇਹ ਮੁਸਲਮਾਨ ਹੁੰਦੇ ਸਨ। ਗੁਰੂ ਹਰੀ ਸਿੰਘ ਜੀ ਦੇ ਰਿਹਾਇਸ਼ ਵਾਲੇ ਮਕਾਨ ਅੰਦਰ ਜਾਣ ਵਾਲਿਆਂ ਅਤੇ ਬਾਹਰ ਆਉਣ ਵਾਲਿਆਂ ਦੀਆਂ ਤਲਾਸ਼ੀਆਂ ਹੁੰਦੀਆਂ ਸਨ। ਮਦਾਨ ਮਾਰਨ ਜਾਣ ਲਗੇ ਗੁਰੂ ਜੀ ਦੇ ਹਥ ਦੇ ਗੜਵੇ ਦੀ ਵੀ ਤਲਾਸ਼ੀ ਹੁੰਦੀ ਸੀ, ਮਾਈਆਂ ਦੀਆਂ ਵੀ ਤਲਾਸ਼ੀਆਂ ਹੁੰਦੀਆਂ ਸਨ। ਪੁਲਿਸ ਦੀ ਇਹ ਚੌਕੀ ਸੰਨ 1872 ਤੋਂ 1922 ਤਕ ਪੂਰੇ 50 ਸਾਲ ਕਾਇਮ ਰਹੀ।

ਬਾਬਾ ਸੋਹਣ ਸਿੰਘ ਹੁਰਾਂ ਇਹ ਸਭ ਕੁਝ ਅਖੀ ਦੇਖਿਆ ਸੀ। ਇਸ ਲਈ ਜਦ ਅੰਗਰੇਜ਼ਾਂ ਵਿਰੁਧ ਹਥੋ ਹਥੀ ਸਿਝਣ ਅਤੇ ਮਾਰੋ ਅਤੇ ਮਾਰੋ ਬਿਲਿਆਂ ਨੂੰ ਕਢੋ ਇਹ ਲਹਿਰ ਅਮਰੀਕਾ ਵਿਚ ਰਹਿਣ ਵਾਲੇ ਹਿੰਦੁਸਤਾਨੀਆਂ ਨੇ ਚਲਾਈ ਤਦ ਉਹ ਇਸਦੇ ਪ੍ਰਧਾਨ ਬਣ ਗਏ। ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਖਾਤਰ ਤਨ, ਮਨ, ਧਨ ਕੁਰਬਾਨ ਕਰਨ ਦੀਆਂ ਕਸਮਾਂ ਚੁਕ ਲਈਆਂ।

ਗਦਰ ਪਾਰਟੀ ਨੇ ਜਦ ਹਿੰਦੁਸਤਾਨੀਆਂ ਨੂੰ ਜਗਾਉਣ ਖਾਤਰ ਲਿਖਤੀ ਪਰਚਾਰ ਮੁਹਿੰਮ ਸ਼ੁਰੂ ਕੀਤੀ ਤਦ ਪੰਜਾਬ ਦੇ ਸਿਖਾਂ ਵਿਚ ਪੰਜਾਬੀ ਜ਼ਬਾਨ ਵਿਚ ਪਰਚਾਰ ਕਰਨ ਵਲ ਬਹੁਤ ਜ਼ਿਆਦਾ ਧਿਆਨ ਦਿਤਾ ਗਿਆ। ਇਕ ਕਤਾਬੜੀ "ਨਵੇਂ ਜ਼ਮਾਨੇ ਦੇ ਨਵੇਂ ਆਦਰਸ਼ ਸਫੇ 48" 1 ਸਤੰਬਰ 1914 ਵਿਚ ਲਿਖਕੇ Lithograph ਛਾਪ ਕੇ ਵੰਡੀ ਗਈ। ਇਸ ਵਿਚੋਂ ਕੁਝ ਕੁ ਲਿਖਤਾਂ ਪਾਠਕਾਂ ਲਈ ਭੇਂਟ ਹਨ। ਜੇਕਰ ਪਾਠਕਾਂ ਨੇ ਇਸ ਲੜੀ ਨੂੰ ਪਸੰਦ ਕੀਤਾ ਤਦ ਇਸ ਪਟਿਆਰੇ ਵਿਚੋਂ ਬੜੀਆਂ ਬੜੀਆਂ ਸੁਆਦਲੀਆਂ ਮਠਿਆਈਆਂ ਕਢੀਆਂ ਜਾਣਗੀਆਂ।

Sri Satguru Jagjit Singh Ji Elibrary NamdhariElibrary@gmail.com

ਇਸ ਕਿਤਾਬਤੀ ਵਿਚ ਦਿਤੇ ਗਏ ਬਿਆਨਾਂ, ਸੋਚਾਂ, ਵਿਚਾਰਾਂ ਤੇ ਨਿਸਚਿਤ ਨਿਸ਼ਾਨਾ ਤੇ ਪਹੁਚਣ ਲਈ ਦਿਤੇ ਗਏ ਸੁਝਾਵਾ ਦੇ ਅਧਿਅਨ ਤੋਂ ਚੰਗੀ ਤਰਾਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਭਾਰਤ ਵਿਚੋਂ ਅੰਗਰੇਜ਼ੀ ਸਾਮਰਾਜ ਦੇ ਖਤਮ ਕਰਨ ਦੇ ਕਾਰਯ ਕਰਮ ਦੀਆਂ ਪਾਈਆਂ ਲੀਹਾਂ ਤੇ ਚਲਕੇ ਹੀ ਭਾਰਤ ਨੂੰ ਆਜ਼ਾਦੀ ਨਸੀਬ ਹੋ ਸਕਦੀ ਹੈ। ਇਨਾਂ ਲਿਖਤਾਂ ਤੇ ਹਿੰਦੁਸਤਾਨ ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਜੀ ਰਾਹੀਂ ਕੂਕਾ ਆਜ਼ਾਦੀ ਲਹਿਰ ਦੀਆਂ ਲੀਹਾਂ ਦੀ ਛਾਪ ਸਪਸ਼ਟ ਤੌਰ ਤੇ ਲਗੀ ਦਿਖਾਈ ਦਿੰਦੀ ਹੈ। ਰੂੰਗੇ ਵਜੋਂ ਲਿਖਤ ਪੰਨਾ ।੪ :—

"ਹਿੰਦੁਸਤਾਨ ਦੀ ਹਾਲਾਤ ਨੂੰ ਸੁਧਾਰਨ ਵਾਸਤੇ ਤਨ, ਮਨ, ਧਨ ਨਾਲ ਯਤਨ ਕਰਨਾ ਸਾਰੇ ਹਿੰਦੁਸਤਾਨੀਆਂ ਦਾ ਫਰਜ਼ ਹੈ। ਚੰਗੇ ਅਸੂਲਾਂ ਪਰ ਚਲਣਾਂ ਹੀ ਕਾਮਯਾਬੀ ਹੋਇਆ ਕਰਦੀ ਹੈ। ਹਰ ਇਕ ਗਲ ਨੂੰ ਸੋਚ ਸਮਝ ਕੇ ਉਸ ਪਰ ਅਮਲ ਕਰਨਾ ਚਾਹੀਦਾ ਹੈ।

ਇਸ ਵੇਲੇ ਸਾਡੇ ਦੇਸ਼ ਵਿਚ ਅਜਿਹੀਆਂ ਗਲਤ ਰਸਤੇ ਪਰ ਚਲਨ ਵਾਲੀਆਂ ਸਭਾਵਾਂ, ਸੁਸਾਇਟੀਆਂ ਅਤੇ ਜਥੇ ਬਹੁਤ ਗਿਣਤੀ ਵਿਚ ਪੈਦਾ ਹੋ ਰਹੇ ਹਨ ਜਿਨਾਂ ਤੋਂ ਦੇਸ਼ ਨੂੰ ਕੋਈ ਲਾਭ ਨਹੀਂ ਹੁੰਦਾ, ਸਗੋਂ ਲੋਕਾਂ ਦਾ ਰੁਪਿਆ, ਵਕਤ ਅਤੇ ਸਦਾਚਾਰਕ ਬਲ ਵੀ ਮੁਫਤ ਵਿਚ ਬਰਬਾਦ ਕਰ ਰਹੇ ਹਨ। ਅਜਿਹੀਆਂ ਮੰਡਲੀਆਂ ਦੇ ਪੈਦਾ ਕਰਨ ਵਾਲੇ ਬਾਨੀ ਅਤੇ ਉਹਨਾਂ ਪਰ ਚਲਨ ਵਾਲੇ ਦੁਸ਼ਟ ਲੋਕ ਬੇਵਕੂਫ ਹੋਣ ਕਰਕੇ ਗਲਤੀ ਕਰਦੇ ਹਨ। ਯਾ ਸਚ ਮੁਚ ਚਾਲਬਾਜ਼ ਖੁਦਗਰਜ਼ ਪੜੇ ਲਿਖੇ ਲੋਕ ਹਨ। ਜੋ ਸਰਕਾਰ ਪਾਸੋਂ ਖਿਤਾਬ ਜਾਗੀਰਾਂ ਲੈਣ ਦੀ ਧੁੰਨ ਵਿਚ ਮੁਲਕ ਦੀ ਸੇਵਾ ਕਰਨ ਵਾਲੇ ਦੇਸ਼ ਭਗਤ ਬਚਿਆਂ ਨੂੰ ਸਿਧੇ ਪਾਸੇ ਤੋਂ ਹਟਾ ਕੇ ਊਟ ਪਟਾਂਗ ਗਲਾਂ ਦੇ ਪਿਛੇ ਭੜਕਾਈ ਫਿਰਦੇ ਹਨ ਅਤੇ ਸਰਕਾਰੀ ਨੌਕਰੀਆਂ ਭਾਲਦੇ ਹਨ।

ਇਹ ਬਚੇ ਨਹੀਂ ਸਮਝਦੇ ਕਿ ਇਸ ਜ਼ਮਾਨੇ ਦੀਆਂ ਲੋੜਾਂ ਕੀ ਹਨ। ਸਿਧੇ ਸਾਧੇ ਨੌਜਵਾਨ ਕਿਸੇ ਬਗਲੇ ਭਗਤ ਦੇ ਫੰਧੇ ਵਿਚ ਜਾ ਫਸਦੇ ਹਨ ਜਾਂ ਵਿਦਿਆ ਨਾ ਹੋਣ ਕਰਕੇ ਕਿਸੇ ਗਲਤ ਰਸਤੇ ਜਾ ਪਏ ਹਨ। ਮੁਲਕ ਦੀ ਉਨਤੀ ਕਰਨ ਵਾਸਤੇ ਬੜੀ ਜ਼ਰੂਰਤ ਹੈ ਕਿ ਬਚਿਆਂ ਨੂੰ ਠੀਕ ਰਸਤੇ ਪਰ ਚਲਾਇਆ ਜਾਵੇ। ਕਾਬਲ ਦੀ ਸੜਕ ਪਰ ਚਲ ਕੇ ਕਾਂਸ਼ੀ ਕਿਸ ਤਰਾਂ ਪਹੁੰਚ ਜਾਣਗੇ। ਬੇਵਕੂਫੀ ਦਾ ਫਲ ਸਦਾ ਗੁਲਾਮੀ ਹੁੰਦਾ ਹੈ।

ਉਪਕਾਰ ਕਰਨ ਵਾਲੇ ਆਦਮੀ ਵੀ ਸਾਰੇ ਪੰਥਾਂ ਵਿਚ ਮੌਜੂਦ ਹਨ ਅਤੇ ਦੂਸਰੇ ਨੂੰ ਦੇਖ ਕੇ ਸੜਨ ਵਾਲੇ ਖੁਦਗਰਜ਼ ਕਮੀਨੇ ਲੀਡਰ (ਖੜਪੈਂਚ) ਵੀ ਸਾਰਿਆਂ ਮਤਾਂ ਵਿਚ ਰਹਿੰਦੇ ਹਨ। ਪ੍ਰੇਮੀ ਅਤੇ ਦਾਤਾ ਸਚ ਬੋਲਨ ਵਾਲੇ ਜਥੇਦਾਰ ਵੀ ਸਾਰੇ ਪੰਥਾਂ ਵਿਚ ਦਿਸਦੇ ਹਨ। ਬਾਬਾ ਰਾਮ ਸਿੰਘ ਜੀ, ਨਾਨਾ ਸਾਹਿਬ ਤਾਂਤੀਆ, ਝਾਂਸੀ ਦੀ ਬੀਰ ਰਾਣੀ, ਸਰਦਾਰ ਹਰੀ ਸਿੰਘ ਨਲੂਆ, ਆਰਬਿੰਦੂਘੋਸ਼, ਤਿਲਕ ਜੀ ਮਹਾਰਾਜ, ਸੂਫੀ ਅੰਬਾ ਪ੍ਰਸਾਦਿ, ਸ੍ਰਦਾਰ ਅਜੀਤ ਸਿੰਘ ਆਦਿਕ ਦੂਸਰੇ ਦੇਸ਼ ਭਗਤ। ਇਨਾਂ ਸਾਰਿਆਂ ਦੇ ਮਤ ਜੁਦਾ ਜੁਦਾ ਸਨ, ਅੰਤਮ ਗਲ ਇਹ ਹੈ ਕਿ ਸਾਰੇ ਮਹਾਤਮਾਂ ਧਰਮ ਅਤੇ ਸਦਾਚਾਰ ਵਿਚ ਬਰਾਬਰ ਹੁੰਦੇ ਹਨ, ਮਤ ਹਮੇਸ਼ਾਂ ਜੁਦਾ ਜੁਦਾ ਰਹਿੰਦੇ ਹਨ। ਇਹ ਸਾਰੇ ਬੀਰ ਭਾਰਤ ਵਰਸ਼ ਦੇ ਅਤੇ ਜਗਤ ਦੇ ਮੋਤੀ ਧਰਮ ਦੀ ਰਤਨ ਮਾਲਾ ਵਿਚ ਪਰੋਤੇ ਹੋਏ ਹਨ। ਮਤ ਭੇਦ ਅਲੱਗ ਅਲੱਗ ਹੀਰਿਆਂ ਦੇ ਰੰਗ ਹਨ। ਕੋਈ ਚਿਟਾ, ਕੋਈ ਲਾਲ, ਕੋਈ ਹਰਿਆ, ਕੋਈ ਊਦਾ, ਪਰ ਧਰਮੀ ਹੋਣ ਕਰਕੇ ਸਭ ਲਈ ਪਿਆਰੇ ਹਨ।"

****

"ਪੰਜਾਬ ਵਿਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ"

ਕੂਕਾ ਲਹਿਰ

ਸ਼ਹੀਦ ਭਗਤ ਸਿੰਘ

"ਸਭ ਤੋਂ ਪਹਿਲਾਂ ੧੯੨੮ ਵਿਚ ਦਿੱਲੀ ਤੋਂ ਛਪਣ ਵਾਲੇ ਮਾਸਕ ਪੱਤਰ 'ਮਹਾਰਥੀ' ਵਿਚ ਇਹ ਲੇਖ ਹਿੰਦੀ ਵਿਚ ਛਪਿਆ ਸੀ "

ਸਿੱਖਾਂ ਵਿਚ ਇਕ ਉਪ ਫਿਰਕਾ ਹੈ, ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਸਦਾ ਇਤਿਹਾਸ ਬਹੁਤ ਪੁਰਾਣਾ ਨਹੀਂ। ਪਿਛਲੀ ਸਦੀ ਦੇ ਅਧ ਤੋਂ ਬਾਅਦ ਇਸਦਾ ਆਰੰਭ ਹੋਇਆ ਸੀ। ਅਜ ਇਹ ਇਕ ਸੰਕੁਚਿਤ ਫਿਰਕਾ ਦਿਸਦਾ ਹੈ, ਪਰ ਇਸਦੇ ਬਾਨੀ ਸ੍ਰੀ ਗੁਰੂ ਰਾਮ ਸਿੰਘ ਜੀ ਇਕ ਕੱਟੜ ਇਨਕਲਾਬੀ ਸਨ। ਇਕ ਮਸ਼ਹੂਰ ਰਬ-ਭਗਤ ਸਮਾਜ ਦੇ ਦੋਸ਼ ਤਕ ਕੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਏ ਅਤੇ ਇਕ ਸਚੇ ਸਮਾਜ ਸੁਧਾਰਕ ਵਾਂਗ ਜਦੋਂ ਉਹ ਕਰਮ ਖੇਤਰ ਵਿਚ ਅਗਾਂਹ ਨਿਤਰੇ ਤਾਂ ਉਹਨਾਂ ਵੇਖਿਆ ਕਿ ਦੇਸ਼ ਦੀ ਉਨਤੀ ਲਈ ਗੁਲਾਮੀ ਦੀਆਂ ਬੇੜੀਆਂ ਨੂੰ ਕੱਟਣਾਂ ਸਭ ਤੋਂ ਜ਼ਰੂਰੀ ਹੈ। ਵਿਦੇਸ਼ੀ ਰਾਜ ਵਿਰੁਧ ਇਨਕਲਾਬ ਦੀ ਤਿਆਰੀ ਵਸੀਹ ਪੈਮਾਨੇ ਉਤੇ ਕੀਤੀ। ਉਸ ਦੀ ਤਿਆਰੀ ਦੇ ਦੌਰਾਨ ਹੀ ਜੇ ਕੁਝ ਝਗੜਾ ਫਸਾਦ ਹੋ ਗਿਆ, ਉਸ ਤੋਂ ਹਾਕਮਾਂ ਨੂੰ ਸਾਰੀ ਲਹਿਰ ਨੂੰ ਕੁਚਲਣ ਦਾ ਚੰਗਾ ਮੌਕਾ ਮਿਲ ਗਿਆ ਅਤੇ ਸਭ ਯਤਨਾਂ ਦਾ ਨਿਸਫਲਤਾ ਤੋਂ ਬਿਨਾਂ ਹੋਰ ਕੋਈ ਸਿੱਟਾ ਨਾ ਨਿਕਲ ਸਕਿਆ।

ਕੂਕਾ ਲਹਿਰ ਦਾ ਇਤਿਹਾਸ ਹਾਲੇ ਤਕ ਲੋਕਾਂ ਸਾਹਵੇਂ ਨਹੀਂ ਆਇਆ। ਕਿਸੇ ਨੇ ਇਸਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁਲੜ ਅਤੇ ਮੂਰਖ ਕਹਿਕੇ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਸਵਾਰਥ ਜਾਂ ਲੋਭ ਲਈ ਉਹਨਾਂ ਆਪਣੀਆਂ ਜਾਨਾਂ ਦਿਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ, ਪਰ ਉਹਨਾਂ ਦੀ "ਮੂਰਖਤਾ" ਵਿਚ ਵੀ ਦੇਸ਼ ਪਰੇਮ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਉਹ ਤਾਂ ਤੋਪ ਦੇ ਦਹਾਨੇ ਸਾਹਮਣੇ ਹੋਣ ਸਮੇਂ ਵੀ ਹੱਸ ਦਿੰਦੇ ਸਨ ਤੇ ਆਨੰਦ ਨਾਲ "ਸਤਿ ਸ੍ਰੀ ਅਕਾਲ" ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਅਕਾਸ਼ ਪਤਾਲ ਇੱਕ ਕਰ ਦਿੰਦੇ ਸਨ। ਉਨਾਂ ਦੇ ਮਥਿਆਂ ਉਤੇ ਦੁਖ ਫਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁਲ ਜਾਣ

Sri Satguru Jagjit Singh Ji Elibrary NamdhariElibrary@gmail.com

ਵਾਲੇ ਹਨ? ਉਹਨਾਂ ਦਾ ਅਪਰਾਧ ਸ਼ਾਇਦ ਅਸਫਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ। ਪਰ ਸਕਾਟਲੈਂਡ ਦਾ ਬਹਾਦਰ ਵਿਲੀਅਮ ਵਾਈਸ ਵੀ ਤਾਂ ਅਸਫਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਅਸਫਲ ਦੇਸ਼ ਭਗਤ ਹੀ ਇਸ ਤਰਾਂ ਕਿਉਂ ਭੁਲਾਕੇ ਘੁੱਪ ਹਨੇਰੇ ਵਿਚ ਸੁਟ ਦਿਤੇ ਜਾਣ?

ਅਸੀਂ ਸਮਝਦੇ ਹਾਂ ਕਿ ਸਾਡੇ ਲਈ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣੇ ਵਾਲੇ ਲੋਕਾਂ ਨੂੰ ਭੁਲਾ ਦੇਣਾ ਬੜੀ ਵਡੀ ਅਹਿਸਾਨ ਫਰਾਮੋਸ਼ੀ ਹੋਵੇਗੀ। ਅਸੀਂ ਉਹਨਾਂ ਦੀ ਯਾਦ ਵਿਚ ਕੋਈ ਵਡਾ ਥੰਮ ਨਹੀਂ ਖੜਾ ਕਰ ਸਕਦੇ, ਤਾਂ ਕੀ ਆਪਣੇ ਦਿਲ ਵਿਚ ਥੋੜੀ ਜਿਹੀ ਥਾਂ ਦੇਣੋਂ ਵੀ ਝਿਜਕੀਏ? ਇਸੇ ਵਿਚਾਰ ਤੋਂ ਪਰੇਰਿਤ ਹੋ ਕੇ ਅਜ ਉਹਨਾਂ "ਮੂਰਖ" ਅਤੇ "ਉਤਾਵਲੇ" ਆਸ਼ਵੰਦਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਇਹ ਕੋਸ਼ਿਸ਼ ਹੈ। ਇਸ ਨਾਲ ਜੇ ਲੋਕਾਂ ਨੂੰ ਉਹਨਾਂ ਦੇ ਸਬੰਧ ਵਿਚ ਠੀਕ ਠੀਕ ਗਲਾਂ ਦਾ ਗਿਆਨ ਹੋ ਜਾਏ ਅਤੇ ਵਧੇਰੇ ਜਾਨਣ ਦੀ ਇਛਾ ਪੈਦਾ ਹੋ ਜਾਏ ਤਾਂ ਇਹ ਕੋਸ਼ਿਸ਼ ਕਾਮਯਾਬ ਸਮਝਾਂਗਾਂ।

ਉਹਨਾਂ ਦੇ ਇਸੇ ਛੋਟੇ ਜਿਹੇ ਇਤਿਹਾਸ ਨੂੰ ਅਸੀਂ ਤਿੰਨ ਹਿਸਿਆਂ ਵਿਚ ਵੰਡ ਸਕਦੇ ਹਾਂ:—

1. ਗੁਰੂ ਜੀ ਦਾ ਸ਼ਖਸੀ ਚਰਿੱਤਰ
2. ਕੂਕਾ ਬਗਾਵਤ
3. ਬਗਾਵਤ ਦੇ ਬਾਅਦ

ਗੁਰੂ ਰਾਮ ਸਿੰਘ ਜੀ ਦਾ ਜਨਮ ਸੰਨ 1816 ਈ: ਵਿਚ ਭੈਣੀ ਨਾਮ ਦੇ ਪਿਡ ਜ਼ਿਲਾ ਲੁਧਿਆਣਾ (ਪੰਜਾਬ) ਵਿਚ ਇਕ ਤਰਖਾਨ ਦੇ ਘਰ ਹੋਇਆ ਸੀ। ਕਹਿੰਦੇ ਨੇ ਗੁਰੂ ਗੋਬਿੰਦ ਸਿੰਘ ਜੀ ਨੇ ਕਦੀ ਕਿਹਾ ਸੀ ਕਿ "ਮੈਂ ਬਾਹਰਵੇਂ ਵੇਸ ਵਿਚ ਰਾਮ ਸਿੰਘ ਨਾਂ ਨਾਲ ਮਸ਼ਹੂਰ ਅਤੇ ਪ੍ਰਗਟ ਹੋਵਾਂਗਾ।" ਇਸ ਲਈ ਉਨ੍ਹਾਂ ਦੇ ਚੇਲੇ ਉਹਨਾਂ ਨੂੰ ਦਸ ਗੁਰੂਆਂ ਦਾ ਅਵਤਾਰ ਮੰਨਦੇ ਹਨ। ਪਰ ਬਾਕੀ ਸਿਖ ਪੰਥ ਦਾ ਯਕੀਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦੇ ਸਭ ਅਧਿਕਾਰ ਗੁਰੂ ਗਰੰਥ ਸਾਹਿਬ ਨੂੰ ਦੇ ਦਿਤੇ ਸਨ ਅਤੇ ਗੁਰੂ ਡੰਮ੍ਹ ਬੰਦ ਕਰ ਦਿਤਾ ਸੀ ਇਸ ਲਈ ਗੁਰੂ ਰਾਮ ਸਿੰਘ ਗੁਰੂ ਨਹੀਂ ਹੋ ਸਕਦਾ।

ਸਾਨੂੰ ਇਹਨਾਂ ਝਗੜਿਆਂ ਨਾਲ ਕੋਈ ਸਰੋਕਾਰ ਨਹੀਂ। ਗੁਰੂ ਰਾਮ ਸਿੰਘ ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ। ਉਹ ਮੁਢੋਂ ਹੀ ਰੱਬ ਦੇ ਭਗਤ ਸਨ ਅਤੇ ਵਧੇਰੇ ਸਮਾਂ ਈਸ਼ਵਰ ਪੂਜਾ ਵਿਚ ਹੀ ਬਿਤਾਉਦੇ ਸਨ। ਇਸੇ ਕਾਰਣ ਜਲਦੀ ਹੀ ਫੌਜ ਵਿਚ ਉਹ ਹਰਮਨ ਪਿਆਰੇ ਹੋ ਗਏ। ਉਹ ਜ਼ਿਆਦਾ ਤਰ ਭਗਤੀ ਵਿਚ ਲਗੇ ਰਹਿਣ ਕਾਰਣ ਫੌਜੀ ਫਰਜ਼ਾਂ ਦੀ ਪਾਲਣਾਂ ਵਿਚ ਅਸਮਰਥ ਰਹਿੰਦੇ। ਪਰ ਉਹਨਾਂ ਨੂੰ ਸਭ ਅਜਿਹੇ ਫਰਜ਼ਾਂ ਤੋਂ ਲਾਂਭੇ ਕਰਕੇ ਵੀ ਫੌਜ ਵਿਚ ਰਖਿਆ ਗਿਆ। ਕਿਹਾ ਜਾਂਦਾ ਹੈ ਕਿ ਇਕ ਦਿਨ ਉਹਨਾਂ ਨੂੰ ਸੁਪਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿਤੇ ਅਤੇ ਉਹਨਾਂ ਨੇ ਹਜ਼ਾਰਾ (ਸਰਹਦੀ ਸੂਬਾ) ਨਿਵਾਸੀ ਬਾਬਾ ਬਾਲਕ ਨਾਥ ਤੋਂ ਗੁਰਗੱਦੀ ਦਾ ਹੱਕ ਲੈਣ ਲਈ ਆਖਿਆ। ਦੂਜੇ ਦਿਨ ਹੀ ਉਨਾਂ ਵੀਹ ਪੰਝੀ ਭਗਤਾਂ ਨਾਲ ਉਧਰ ਨੂੰ ਚਾਲੇ ਪਾ ਦਿਤੇ। ਬਾਬਾ ਬਾਲਕ ਨਾਥ ਨੇ ਉਹਨਾਂ ਨੂੰ ਜੀ ਆਇਆ ਆਖਿਆ ਅਤੇ ਸਿਖਿਆ ਦਿਤੀ। ਉਥੋਂ ਵਾਪਸ ਆ ਕੇ ਇਹਨਾਂ ਨੇ ਨੌਕਰੀ ਛਡ ਦਿਤੀ ਅਤੇ ਪਿਡ ਵਿਚ ਆ ਕੇ ਸ਼ਾਂਤ ਜੀਵਨ ਬਿਤਾਉਣ ਲਗੇ।

ਕਈ ਵਰ੍ਹੇ ਬੀਤ ਗਏ। ਕਈ ਤਬਦੀਲੀਆਂ ਹੋਈਆਂ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਗਦੀ ਲਈ ਲੈ ਦੇ ਹੋਈ। ਅੰਗਰੇਜ਼ਾਂ ਪੰਜਾਬ ਜਿੱਤ ਲਿਆ ਅਤੇ ਇਸ ਨੂੰ ਵੀ ਬਾਕੀ ਭਾਰਤ

Sri Satguru Jagjit Singh Ji Elibrary NamdhariElibrary@gmail.com

ਵਾਗ ਗੁਲਾਮੀ ਦੀਆਂ ਬੇੜੀਆ ਵਿਚ ਜਕੜ ਲਿਆ। ਇਹ ਸਭ ਕੁਝ ਹੋ ਗਿਆ ਅਤੇ ਨਾਲ ਹੀ 1857 ਦਾ ਗਦਰ ਵੀ ਹੋ ਗਿਆ ਅਤੇ ਅੰਗਰੇਜ਼ ਬੜੀ ਸ਼ਾਂਤੀ ਨਾਲ ਭਾਰਤ ਉਤੇ ਹਕੂਮਤ ਕਰਨ ਲਗੇ। ਪਰ ਗੁਰੂ ਰਾਮ ਸਿੰਘ ਜੀ ਓਹੀ ਆਪਣਾ ਸ਼ਾਂਤ ਜੀਵਨ ਬਤੀਤ ਕਰਦੇ ਰਹੇ। ਹਾਂ, ਈਸ਼ਵਰ ਭਗਤੀ ਕਾਰਣ ਆਪ ਦੂਰ ਦੂਰ ਤਕ ਪ੍ਰਸਿਧ ਹੋ ਗਏ। ਸੂਬੇ ਭਰ ਤੋਂ ਲੋਕ ਦਰਸ਼ਨਾਂ ਲਈ ਆਉਦੇ ਸਨ।

ਪਹਿਲਾਂ ਤਾਂ ਆਪ ਈਸ਼ਵਰ ਭਗਤੀ ਦਾ ਹੀ ਉਪਦੇਸ਼ ਦਿੰਦੇ ਸਨ ਪਰ ਬਾਅਦ ਵਿਚ ਕੁਝ ਸਮਾਜ ਸੁਧਾਰ ਸਬੰਧੀ ਉਪਦੇਸ਼ ਵੀ ਦੇਣ ਲਗੇ। ਇਹਨਾਂ ਕੰਨਿਆ ਖਰੀਦਣ-ਵੇਚਣ, ਸ਼ਰਾਬ ਮਾਸ ਆਦਿ ਬਹੁਤ ਸਾਰੀਆਂ ਕੁਰੀਤੀਆਂ ਦਾ ਬੜੇ ਜ਼ੋਰ ਨਾਲ ਵਿਰੋਧ ਕੀਤਾ। ਆਪ ਦੇ ਚੇਲੇ ਵੀ ਸਾਦਾ ਜ਼ਿੰਦਗੀ ਜੀਉਂਦੇ ਅਤੇ ਰੱਬ ਪੂਜਾ ਵਿਚ ਮਗਨ ਰਹਿੰਦੇ। ਆਪਣੇ ਪਿੰਡ ਵਿਚ "ਗੁਰੂ ਕਾ ਲੰਗਰ" ਖੋਲ੍ਹ ਰਖਿਆ ਸੀ। ਪਰ ਜਲਦੀ ਹੀ ਇਕ ਤਬਦੀਲੀ ਹੋਈ।

ਕਿਹਾ ਜਾਂਦਾ ਹੈ ਕਿ ਕਿਸੇ ਅਗਿਆਤ ਰਾਮ ਦਾਸ ਨਾਂ ਦੇ ਸਨਿਆਸੀ ਨੇ ਆ ਕੇ ਉਨਾਂ ਨੂੰ ਕਿਹਾ "ਇਸ ਵੇਲੇ ਦੇਸ਼ ਨੂੰ ਬਦੇਸ਼ੀ ਰਾਜ ਤੋਂ ਖਲਾਸੀ ਪਵਾਉਣੀ ਹੀ ਸਭ ਤੋਂ ਪਹਿਲਾ ਫਰਜ਼ ਹੈ।" ਉਸ ਵੇਲੇ ਤੋਂ ਇਹਨਾਂ ਆਪਣਾ ਸਿਆਸੀ ਪਰੋਗਰਾਮ ਬਣਾ ਲਿਆ। ਸਨਿਆਸੀ ਵਾਲੀ ਗਲ ਸੁਣੀ ਸੁਣਾਈ ਹੀ ਹੈ, ਹੋ ਸਕਦਾ ਹੈ ਇਹ ਗਲ ਹੋਈ ਹੀ ਨਾ ਹੋਵੇ। ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਇਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਬੁਰੀ ਤਰਾਂ ਰੜਕੀ। ਉਹ ਸਮਝ ਗਏ ਸਨ ਕਿ ਗੁਲਾਮੀ ਦੇ ਨਾਲ ਦੇਸ਼ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤਕ ਛਡ ਬੈਠੇ ਹਨ। ਅਜੇ ਕਲ ਦੀ ਹੀ ਗਲ ਸੀ, ਜਦ ਉਨਾਂ ਗਦਰ ਅਤੇ ਉਸਦੀ ਅਸਫਲਤਾ ਦੇ ਬਾਅਦ ਅਕਿਹ ਜ਼ੁਲਮ ਵੇਖੇ ਸੁਣੇ ਸਨ। ਉਸ ਤੋਂ ਵੀ ਉਨਾਂ ਨੂੰ ਜ਼ਰੂਰ ਠੇਸ ਲਗੀ ਹੋਵੇਗੀ। ਜੋ ਵੀ ਹੋਵੇ, ਉਨ੍ਹਾਂ ਵਿਦੇਸ਼ੀ ਹਕੂਮਤ ਦਾ ਖੋਖਲਾਪਣ ਖੂਬ ਚੰਗੀ ਤਰਾਂ ਵੇਖਕੇ ਇਕ ਪਰੋਗਰਾਮ ਬਣਾ ਕੇ ਕੰਮ ਆਰੰਭ ਦਿਤਾ। ਹੁਣ ਤਕ ਸਿਰਫ 'ਉਪਦੇਸ਼" ਹੀ ਹੁੰਦਾ ਸੀ, ਪਰ ਹੁਣ ਦੀਕਸ਼ਾ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ।

ਉਨ੍ਹਾਂ ਉਸ ਵੇਲੇ ਠੀਕ ਉਹੀ ਨਾ ਮਿਲਵਰਤਣ ਦਾ ਪਰਚਾਰ ਸ਼ੁਰੂ ਕੀਤਾ, ਜੋ 1920 ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨਾਂ ਦੀ ਨਾ ਮਿਲਵਰਤਣ ਮਹਾਤਮਾ ਦੇ ਨਾ ਮਿਲਵਰਤਣ ਤੋਂ ਵੀ ਕਈ ਗਲਾਂ ਵਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ, ਰੇਲ, ਤਾਰ, ਤੇ ਡਾਕ ਦੇ ਬਾਈਕਾਟ ਦਾ ਵੀ ਪਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾ ਸਾਹ-ਸੱਤ ਹੀਣ ਹੋ ਕੇ ਉਨਾਂ ਚੀਜ਼ਾਂ ਉਤੇ ਇਨਾਂ ਨਿਰਭਰ ਹੋ ਗਿਆ ਸੀ ਕਿ ਉਨਾਂ ਦੇ ਬਾਈਕਾਟ ਦੀ ਗਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰਾਂ ਉਨ੍ਹਾਂ ਡਾਕ ਦਾ ਪ੍ਰਬੰਧ ਆਪਣਾ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਨਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬਦੀ ਪਹੁੰਚਦੀ ਸੀ। ਇਨ੍ਹਾਂ ਗੱਲਾਂ ਦੇ ਨਾਲ ਸਾਦਾ ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਤੇ ਸਰਕਾਰ ਇਸ ਉਤੇ ਕਰੜੀ ਨਜ਼ਰ ਰਖਣ ਲੱਗੀ। ਉਸਨੂੰ ਇਸ ਪ੍ਰਚੰਡ-ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ।

ਟੀ.ਡੀ. ਫੋਰਸਥ ਜੋ ਸੰਨ 1863 ਵਿਚ ਪੰਜਾਬ ਸਰਕਾਰ ਦੇ ਚੀਫ ਸਕਤਰ ਸਨ ਅਤੇ ਬਾਅਦ ਵਿਚ 1872 ਵਿਚ ਕੂਕਾ ਵਿਦਰੋਹ ਸਮੇਂ ਅੰਬਾਲਾ ਡਿਵੀਜ਼ਨ ਦੇ ਉਚ ਅਹੁਦੇ ਉਤੇ ਕੰਮ ਕਰਦੇ ਸਨ, ਆਪਣੀ ਆਤਮ ਕਥਾ ਵਿਚ ਲਿਖਦੇ ਹਨ:—

Sri Satguru Jagjit Singh Ji Elibrary NamdhariElibrary@gmail.com

''1863 ਵਿਚ ਹੀ ਮੈਂ ਇਸ ਲਹਿਰ ਦੀ ਤਹਿ ਤੀਕ ਪਹੁੰਚ ਗਿਆ ਸੀ ਅਤੇ ਸਮਝ ਗਿਆ ਸੀ ਕਿ ਇਹ ਕਿਹੜੇ ਕਿਹੜੇ ਖਤਰਨਾਕ ਨਤੀਜੇ ਲਿਆ ਸਕਦੀ ਹੈ। ਇਸ ਲਈ ਮੈਂ ਉਹਨਾਂ ਦੇ ਪਰਚਾਰ ਉਤੇ ਬਹੁਤ ਸਾਰੀਆਂ ਪਾਬੰਦੀਆਂ ਲਾ ਦਿਤੀਆਂ, ਜਿਸ ਨਾਲ ਉਹਨਾਂ ਦੇ ਪਰਚਾਰ ਦੀ ਰਫਤਾਰ ਕੁਝ ਹਦ ਤਕ ਘਟ ਗਈ।''

ਜਦੋਂ ਹਕੂਮਤ ਨੇ ਲੋਕਾਂ ਦਾ ਵੱਡੀ ਗਿਣਤੀ ਵਿਚ ਭੈਣੀ ਆਉਣਾ ਜਾਣਾ ਅਤੇ ਉਹਨਾਂ ਦਾ ਉਥੇ ਦੇਰ ਤਕ ਠਹਿਰਨਾ ਵੀ ਬੰਦ ਕਰ ਦਿਤਾ ਤਾਂ ਗੁਰੂ ਰਾਮ ਸਿੰਘ ਨੇ ਆਪਣਾ ਕੰਮ ਜਾਰੀ ਰਖਣ ਦੀ ਇਕ ਤਦਬੀਰ ਸੋਚੀ। ਸਮੁਚੇ ਦੇਸ਼ ਨੂੰ 22 ਹਿਸਿਆਂ ਵਿਚ ਵੰਡ ਕੇ 22 ਯੋਗ ਬੰਦੇ ਉਹਨਾਂ ਦਾ ਸੰਗਠਨ ਕਰਨ ਲਈ ਮੁਕਰਰ ਕਰ ਦਿਤੇ। ਉਨਾਂ ਨੂੰ ''ਸੂਬੇ'' ਕਿਹਾ ਜਾਂਦਾ ਸੀ। ਕੰਮ ਬੜੀ ਚੰਗੀ ਤਰਾਂ ਚਲਦਾ ਰਿਹਾ। ਸਾਰੇ ਨਾਮਧਾਰੀ ਸਿੱਖ ਆਪਣੀ ਕਮਾਈ ਦਾ ਦਸਵੰਧ ਗੁਰੂ ਜੀ ਦੀ ਭੇਂਟ ਕਰਦੇ ਸਨ। ਇਹ ਸਭ ਭੈਣੀ ਭੇਜ ਦਿਤਾ ਜਾਂਦਾ ਸੀ। ਇਹ ਸਭ ਕੁਝ ਤਾਂ ਹੁੰਦਾ ਹੀ ਸੀ ਅਤੇ ਨਾਲ ਗੁਪਤ ਰੂਪ ਵਿਚ ਵਿਦਰੋਹ ਦਾ ਪਰਚਾਰ ਵੀ ਹੁੰਦਾ ਰਿਹਾ। ਬਾਹਰਲਾ ਜੋਸ਼ ਬਹੁਤ ਘੱਟ ਕਰ ਦਿਤਾ ਗਿਆ, ਇਥੋਂ ਤਕ ਕਿ ਸਰਕਾਰ ਦਾ ਸ਼ੱਕ ਕੁਝ ਹੱਦ ਤਕ ਦੂਰ ਹੋ ਗਿਆ ਅਤੇ ਸਾਰੀਆਂ ਪਾਬੰਦੀਆਂ 1869 ਈ: ਵਿਚ ਹਟਾ ਲਈਆਂ ਗਈਆਂ।

ਪਾਬੰਦੀਆਂ ਹਟਣ ਨਾਲ ਹੀ ਲੋਕਾਂ ਦਾ ਜੋਸ਼ ਵਧ ਗਿਆ, ਇੰਨਾਂਕਿ ਸੰਭਾਲਣਾ ਔਖਾ ਹੋ ਗਿਆ। ਇਸ ਨਾਲ 1872 ਤਕ ਬੇਮੌਕਾ ਬਗਾਵਤ ਉਠ ਖੜੀ ਹੋਈ। ਜਿਸ ਕਾਰਨ ਸਾਰਾ ਵਿਦਰੋਹ ਕੁਚਲਿਆ ਗਿਆ। ਪਰ ਉਸ ਮੁਖ ਘਟਨਾ ਬਾਰੇ ਲਿਖਣ ਤੋਂ ਪਹਿਲਾਂ ਗੁਰੂ ਜੀ ਦੇ ਸ਼ਖਸੀ ਚਰਿਤਰ ਬਾਰੇ ਕੁਝ ਦਿਲਚਸਪ ਗੱਲਾਂ ਦਾ ਜ਼ਿਕਰ ਕਰਨਾ ਗਲਤ ਨਹੀਂ ਹੋਵੇਗਾ।

ਗੁਰੂ ਰਾਮ ਸਿੰਘ ਜੀ ਬੜੇ ਪਰਤਾਪੀ ਅਤੇ ਪਰਭਾਵਸ਼ਾਲੀ ਵਿਅਕਤੀ ਸਨ। ਉਹਨਾਂ ਦੇ ਅਸਧਾਰਨ ਆਤਮਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਕਹਿੰਦੇ ਹਨ ਕਿ ਉਹ ਜਿਸਦੇ ਕੰਨ ਵਿਚ ਸਿਖਿਆ ਦਾ ਮੰਤਰ ਪੜ੍ਹ ਦਿੰਦੇ ਸਨ, ਉਹੀ ਉਨਾਂ ਦਾ ਪਰਮ ਭਗਤ ਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿੱਧ ਹੋਈ ਤਾਂ ਦੋ ਬਦਮਾਸ਼ ਅੰਗਰੇਜ਼ ਉਨਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣ ਗਏ। ਉਨ੍ਹਾਂ ਕਿਹਾ ਸੀ, ''ਵੇਖਾਂਗੇ ਸਾਡੇ ਉਤੇ ਕੀ ਅਸਰ ਪੈਂਦਾ ਹੈ?'' ਪਰ ਸਿਖਿਆ ਬਾਅਦ ਉਹ ਉਹਨਾਂ ਦੇ ਕਟੜ ਭਗਤ ਬਣ ਗਏ ਅਤੇ ਇੰਜ ਉਹਨਾਂ ਦੇ ਸ਼ਖਸੀ ਦੋਸ਼ ਵੀ ਦੂਰ ਹੋ ਗਏ। ਇਸ ਤਰਾਂ ਡਾਕਟਰ ਗੋਕਲ ਚੰਦ ਇਕ ਲੇਖ ਵਿਚ ਲਿਖਦੇ ਹਨ ਕਿ ਉਨ੍ਹਾਂ ਦੀ ਦਾਦੀ ਦਾ ਭਰਾ ਇਕ ਮਾੜੇ ਚਾਲ ਚਲਨ ਦਾ ਬੰਦਾ ਸੀ - ਅਤੇ ਉਸਨੂੰ ਹੁੱਕਾ ਪੀਣ ਦੀ ਆਦਤ ਸੀ। ਸਿਰਫ ਇਕ ਵਾਰ ਹੀ ਗੁਰੂ ਜੀ ਦੇ ਦਰਸ਼ਨਾਂ ਨੇ ਉਨ੍ਹਾਂ ਦਾ ਜੀਵਨ ਇਕ ਦਮ ਬਦਲ ਦਿਤਾ। ਇਸੇ ਤਰਾਂ ਇਕ ਹੋਰ ਆਦਮੀ ਜਿਸਨੇ ਕਿ ਕੋਈ ਕਦੇ ਕਤਲ ਕੀਤਾ ਸੀ ਗੁਰੂ ਜੀ ਤੋਂ ਸੁਧਰਿਆ। ਫਿਰ ਉਹਨੇ ਆਪਣੇ ਆਪ ਨੂੰ ਕਚੈਹਿਰੀ ਵਿਚ ਪੇਸ਼ ਕਰ ਦਿਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜੱਜ ਨੇ ਹੈਰਾਨਗੀ ਨਾਲ ਪੁਛਿਆ, ''ਤੈਨੂੰ ਤਾਂ ਕੋਈ ਜਾਣਦਾ ਤਕ ਵੀ ਨਹੀਂ, ਫਿਰ ਤੂੰ ਅਚਾਨਕ ਜੁਰਮ ਮੰਨਕੇ ਮੌਤ ਨੂੰ ਕਿਉਂ ਸੱਦਾ ਦਿਤਾ? ਤਾਂ ਉਹਨੇ ਕਿਹਾ, ''ਮੇਰੇ ਗੁਰੂ ਜੀ ਦੀ ਇਹੀ ਆਗਿਆ ਹੈ।''

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ ਇੰਸਪੈਕਟਰ ਭੇਜਿਆ। ਉਹ ਵੀ ਬੜਾ ਖੁਸ਼ ਸੀ। ਉਸਨੂੰ ਆਸ ਸੀ ਕਿ ਸਾਰੇ ਭੇਦ ਖੋਲ੍ਹ ਕੇ ਕੁਝ ਇਨਾਮ ਲਏਗਾ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਵਾਪਸ ਆ ਗਿਆ। ਆਉਂਦਿਆਂ ਹੀ ਅਸਤੀਫਾ ਦੇ ਦਿਤਾ। ਅਫਸਰਾਂ ਨੇ ਪੁਛਿਆ, ''ਅਸਤੀਫਾ ਕਿਉਂ ਦਿੰਦਾ

ਏਂ?'' ਉਤਰ ਦਿਤਾ, ''ਗੁਰੂ ਜੀ ਦਾ ਇਹੀ ਹੁਕਮ ਹੈ। ਉਹ ਕਹਿੰਦੇ ਹਨ ਕਿ ''ਬਦੇਸ਼ੀ ਹਾਕਮਾ ਨਾ ਨੰਕਰੀ ਬਿਲਕੁਲ ਨਾ ਕਰੋ।''

ਅਜੇਹੀਆਂ ਅਨੇਕਾਂ ਵਾਰਦਾਤਾਂ ਹਨ। ਕੁਝ ਵੀ ਹੋਵੇ, ਇਨਾਂ ਤਾਂ ਮੰਨਣਾ ਹੀ ਪਵੇਗਾ ਕਿ ਗੁਰੂ ਜੀ ਰੱਬ ਦੇ ਭੰਗਤ ਉਚੇ ਇਖਲਾਕ ਸਦਕਾ ਇਕ ਮਹਾਨ ਸ਼ਕਤੀਸ਼ਾਲੀ ਮਹਾਂਪੁਰਖ ਸਨ। ਸਰਕਾਰ ਇਹ ਗਲ ਦੇਖ ਕੇ ਘਬਰਾਈ ਅਤੇ ਉਸ ਨੂੰ ਸਾਰੇ ਅੰਦੋਲਨ ਨੂੰ ਦਬਾਉਣ ਦੀ ਚਿੰਤਾ ਹੋਈ, ਇਹ ਵੀ ਸੁਭਾਵਕ ਹੀ ਸੀ।

ਭਰ ਬਗ਼ਾਵਤ ਦਾ ਆਰੰਭ

1968-69 ਵਿਚ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਭੈਣੀ ਆਉਣ ਲਗੇ। ਸੰਨ 1871 ਵਿਚ ਕੁਝ ਕੂਕੇ ਵੀਰ ਅੰਮ੍ਰਿਤਸਰ ਵਿਚ ਦੀ ਗੁਜ਼ਰ ਰਹੇ ਸਨ। ਇਹ ਸੁਣਿਆ ਕਿ ਮੁਸਲਮਾਨ ਬੁਚੜ ਅਣਗਿਣਤ ਗਊਆਂ ਨੂੰ ਨਿਤ ਹਿੰਦੂਆਂ ਨੂੰ ਚਿੜਾਉਣ ਲਈ ਉਨਾਂ ਦੇ ਸਾਹਮਣੇ ਹਤਿਆ ਕਰਦੇ ਹਨ। ਹਿੰਦੂ ਸਮਾਜ ਨੂੰ ਬਹੁਤ ਦੁਖ ਹੁੰਦਾ ਹੈ। ਕਟੜ ਗਊ ਭਗਤ ਕੂਕੇ ਇਹ ਕੁਝ ਸਹਾਰ ਨਾ ਸਕੇ। ਉਨਾਂ ਬੁਚੜਖਾਨੇ ਉਤੇ ਹਮਲਾ ਕਰ ਦਿਤਾ ਅਤੇ ਸਾਰੇ ਬੁਚੜਾਂ ਨੂੰ ਥਾਏਂ ਢੇਰ ਕਰ ਦਿਤਾ ਅਤੇ ਆਪ ਭੈਣੀ ਵਲ ਨੂੰ ਹੋ ਪਏ। ਅੰਮ੍ਰਿਤਸਰ ਦੇ ਸਾਰੇ ਸਰਕਰਦਾ ਹਿੰਦੂ ਗਰਿਫਤਾਰ ਕਰ ਲਏ ਗਏ। ਗੁਰੂ ਜੀ ਨੂੰ ਇਹ ਖਬਰ ਪਹਿਲਾਂ ਹੀ ਮਿਲ ਚੁਕੀ ਸੀ ਅਤੇ ਉਨਾਂ ਕੂਕਿਆਂ ਨੇ ਜਾ ਸਾਰੀ ਵਿਥਿਆ ਸੁਣਾਈ। ਗੁਰੂ ਜੀ ਨੇ ਆਗਿਆ ਦਿਤੀ, ''ਜਾਓ ਜਾ ਕੇ ਆਪਣਾ ਜੁਰਮ ਮੰਨ ਲਓ ਅਤੇ ਉਨਾਂ ਨਿਰਦੋਸ਼ ਲੋਕਾਂ ਨੂੰ ਆਫਤ ਤੋਂ ਬਚਾਉ।'' ਹੁਕਮ ਦਾ ਪਾਲਨ ਕੀਤਾ ਗਿਆ। ਬੇਦੋਸ਼ੇ ਲੋਕ ਰਿਹਾ ਹੋ ਗਏ ਅਤੇ ਇਹ ਵੀਰ ਅਤਿਅੰਤ ਆਨੰਦ ਅਤੇ ਖੁਸ਼ੀ ਨਾਲ ਫਾਂਸੀ ਚੜ੍ਹ ਗਏ। ਅਜਿਹੀ ਘਟਨਾ ਰਾਇਕੋਟ ਵਿਚ ਵੀ ਹੋਈ । ਉਥੇ ਵੀ ਕਈਆਂ ਕੂਕਿਆਂ ਨੂੰ ਫਾਂਸੀ ਦਿਤੀ ਗਈ। ਕੁਝ ਹੋਰ ਸਿਖਾਂ ਨੇ ਮਹਿਸੂਸ ਕੀਤਾ ਕਿ ਬੇਦੋਸ਼ੇ ਸਾਥੀਆਂ ਨੂੰ ਫਾਂਸੀ ਚਾੜ ਦਿਤਾ ਗਿਆ। ਬਦਲੇ ਲਈ ਹਿੰਸਾ ਦੀ ਅਗਨ ਪ੍ਰਚੰਡ ਹੋਈ, ਪਰ ਕੋਈ ਖਾਸ ਘਟਨਾ ਨਾ ਵਾਪਰੀ।

13 ਜਨਵਰੀ 1872 ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣਾ ਸੀ। ਲੋਕ ਦੂਰ ਦੂਰ ਤੋਂ ਹਜ਼ਾਰਾ ਦੀ ਗਿਣਤੀ ਵਿਚ ਆਉਣ ਲਗੇ। ਇਕ ਕੂਕਾ ਨਾਮਧਾਰੀ ਵੀਰ ਰਿਆਸਤ ਮਲੇਰਕੋਟਲੇ ਦੇ ਇਸੇ ਨਾਂ ਦੇ ਸ਼ਹਿਰ ਥਾਣੀਂ ਲੰਘ ਰਿਹਾ ਸੀ। ਉਸਨੇ ਇਕ ਮੁਸਲਮਾਨ ਨੂੰ ਵੇਖਿਆ ਜੋ ਇਕ ਬੈਲਦ ਉਤੇ ਬੈਠਾ ਬੇਹੱਦ ਭਾਰ ਲੱਦੀ ਉਸਨੂੰ ਕੁਟੀ ਜਾ ਰਿਹਾ ਸੀ। ਕੂਕੇ ਨੇ ਮੁਸਲਮਾਨ ਨੂੰ ਕਿਹਾ ''ਭਾਈ ਏਨਾ ਜ਼ੁਲਮ ਨਾ ਕਰ। ਭਾਰ ਤਾਂ ਪਹਿਲਾਂ ਹੀ ਬਹੁਤ ਹੈ। ਤੂੰ ਥਲੇ ਉਤਰ ਆਵੇਂ ਤਾਂ ਕੀ ਹਰਜ਼ ਹੈ।'' ਪਰ ਜੁਆਬ ਵਿਚ ਝਟ ਪਟ ਦੋ ਚਾਰ ਗਾਲਾਂ ਮਿਲੀਆਂ। ਕੂਕਾ ਕੋਈ ਬੁਜ਼ਦਿਲ ਜਾਂ ਕਾਇਰ ਤਾਂ ਹੈ ਹੀ ਨਹੀਂ ਸੀ। ਇੱਟ ਦਾ ਜਵਾਬ ਪੱਥਰ ਨਾਲ ਦਿਤਾ। ਨੌਬਤ ਹਥੋਪਾਈ ਤਕ ਆ ਗਈ। ਰਿਆਸਤ ਦੇ ਬਦ-ਦਿਮਾਗ ਕਰਮਚਾਰੀ ਉਸਨੂੰ ਫੜ ਕੇ ਕੋਤਵਾਲੀ ਲੈ ਗਏ। ਉਥੇ ਉਸ ਗਰੀਬ ਨੂੰ ਅਣਗਿਣਤ ਦੁਖਾਂ ਤਕਲੀਫਾਂ ਅਤੇ ਬੇਇਜ਼ਤੀ ਸਹਾਰਨੀ ਪਈ। ਬਾਅਦ ਵਿਚ ਉਸਦੀਆਂ ਅਖਾਂ ਸਾਹਮਣੇ ਉਹੀ ਬੈਲਦ ਮਾਰ ਦਿਤਾ ਗਿਆ। ਇਹ ਅਸਿਹ ਸੀ। ਰਿਹਾ ਹੁੰਦਿਆਂ ਹੀ ਉਹ ਭੈਣੀ ਪਹੁੰਚਿਆ। ਉਸ ਨੇ ਭਰੇ ਦੀਵਾਨ ਵਿਚ ਭਿਆਨਕ ਜ਼ੁਲਮਾਂ ਦੀ ਵਿਥਿਆ ਸੁਣਾਈ। ਲੋਕ ਤਾਂ ਰਾਇਕੋਟ ਦੀ ਵਾਰਦਾਤ ਤੋਂ ਹੀ ਭੜਕੇ ਹੋਏ ਸਨ। ਬਲਦੀ ਉਤੇ ਤੇਲ ਪਿਆ ਅਤੇ ਮੱਚ ਉਠੀ। ਆਪਣੇ ਬਾਹੂ ਬਲ ਦੇ ਭਰੋਸੇ ਬਦਲਾ ਲੈਣ ਦਾ ਫੈਸਲਾ ਹੋ ਗਿਆ। ਜੋਸ਼ ਵਧਦਾ ਵੇਖਕੇ ਗੁਰੂ ਜੀ ਕੁਝ ਘਬਰਾਏ। ਗਲ ਵਿਚ ਪਲਾ ਪਾ ਕੇ ਬੇਨਤੀ ਕੀਤੀ ''ਖਾਲਸਾ ਜੀ! ਕੀ ਅਨਰਥ

Sri Satguru Jagjit Singh Ji Elibrary NamdhariElibrary@gmail.com

ਕਰਨ ਜਾ ਰਹੇ ਹੋ, ਜਰਾ ਸ਼ਾਂਤੀ ਅਤੇ ਸਹਿਨਸ਼ੀਲਤਾ ਤੋਂ ਕੰਮ ਲਓ। ਜਰਾ ਸੱਚੇ ਤਾ ਸ਼ਹੀ ਇਸ ਸ਼ਬ ਦਾ ਕੀ ਨਤੀਜਾ ਨਿਕਲੇਗਾ, ਸਾਰਾ ਬਣਿਆ ਬਣਾਇਆ ਕੰਮ ਵਿਗੜ ਜਾਏਗਾ। ਗੁਰੂ ਜੀ ਦੇ ਇਸ ਤਰਾ ਮਤ ਦੇਣ ਦੇ ਨਾਲ ਕੁਝ ਲੋਕਾਂ ਦਾ ਜੋਸ਼ ਮੱਠਾ ਤਾਂ ਪੈ ਗਿਆ ਪਰ ਹੋਰ ਆਦਮੀ ਪ੍ਰਤਿ ਹਿੰਸਾ ਦੀਆਂ ਸਖਤ ਮੂਰਤੀਆਂ ਬਣ ਬੈਠੇ। ਉਨਾਂ ਦਾ ਜੋਸ਼ ਥੰਮਿਆ ਨਾ ਗਿਆ। ਗੁਰੂ ਜੀ ਨੇ ਲੱਖ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਇਕ ਸਾਥੀ ਦੀ ਬੇਇਜ਼ਤੀ ਕਿਵੇਂ ਸਹਾਰ ਸਕਦੇ ਸਨ।

ਇਹ ਬੜੀ ਨਾਜ਼ਕ ਹਾਲਤ ਸੀ। ਕੰਮ ਅਧੂਰਾ ਹੀ ਸੀ ਅਤੇ ਕੋਈ ਤਿਆਰੀ ਵੀ ਨਹੀਂ ਕੀਤੀ ਹੋਈ ਸੀ। ਇਸ ਹਾਲਤ ਵਿਚ ਇਹਨਾਂ 150 ਉਤੇਜਿਤ ਲੋਕਾਂ ਦਾ ਸਾਥ ਦੇਣ ਨਾਲ ਸਾਰਾ ਅੰਦੋਲਨ ਕੁਚਲੇ ਜਾਣ ਦੀ ਸੰਭਾਵਨਾ ਸੀ। ਕੀ ਕੀਤਾ ਜਾਵੇ? ਫਰਜ਼ ਸ਼ਿਨਾਸ਼ਾਂ ਦੀ ਤਰਾਂ ਸਾਰੇ ਦੇਖ ਰਹੇ ਸਨ. ਦੇਖ ਗੁਰੂ ਜੀ ਵੀ ਰਹੇ ਸਨ। ਕੋਈ ਦੂਜਾ ਆਦਮੀ ਇਸ ਇਹੋ ਜਹੇ ਸਮੇਂ ਕੀ ਕਰਦਾ, ਅਥਵਾ ਇਸ ਸਮੇਂ ਲੋਕ ਕੀ ਕਰਨ ਦੀ ਸਲਾਹ ਦੇ ਸਕਦੇ ਹਨ? ਇਨਾਂ ਗੱਲਾਂ ਦਾ ਸਾਨੂੰ ਪਤਾ ਨਹੀਂ ਅਤੇ ਕੋਈ ਫਿਕਰ ਵੀ ਨਹੀਂ। ਦੂਰਦਰਸ਼ੀ ਗੁਰੂ ਜੀ ਨੇ ਉਸ ਵੇਲੇ ਇਹੀ ਸੋਚਿਆ ਕਿ ਉਤੇਜਿਤ ਲੋਕ ਤਾਂ ਸ਼ਾਂਤ ਹੋ ਨਹੀ ਰਹੇ। ਇਨਾਂ ਦੀ ਮਰਜ਼ੀ ਮੁਤਾਬਕ ਹੁਣੇ ਹੀ ਵਿਦਰੋਹ ਕਰਨ ਦੀ ਅਜੇ ਤਿਆਰੀ ਨਹੀਂ ਕੀਤੀ ਗਈ ਅਤੇ ਅਜੇ ਤਾਂ ਸਾਰਾ ਕੰਮ ਜਥੇਬੰਦ ਵੀ ਨਹੀਂ ਹੋਇਆ। ਇਸ ਵੇਲੇ ਜੇ ਇਹ ਚਲੇ ਜਾਣ ਅਤੇ ਅਸੀਂ ਸਰਕਾਰ ਨੂੰ ਇਹ ਦਸ ਦੇਈਏ ਕਿ ਸਾਡਾ ਇਨਾਂ ਨਾਲ ਕੋਈ ਵਾਸਤਾ ਨਹੀਂ ਤਾਂ ਬਾਕੀ ਅੰਦੋਲਨ ਬਚ ਜਾਵੇਗਾ. ਗੱਲ ਤਾਂ ਚੰਗੀ ਲਗਦੀ ਹੈ ਪਰ ਸਿਆਸੀ ਦਾਅ ਪੇਚਾਂ ਦੀ ਅਹਿਮੀਅਤ ਉਨਾਂ ਦੀ ਸਫਲਤਾ ਉਤੇ ਆਧਾਰਤ ਹੁੰਦੀ ਹੈ। ਗੁਰੂ ਜੀ ਨੇ ਇਹ ਦਾਅ ਪੇਚ ਵਰਤਿਆ। ਪਾਸਾ ਉਲਟ ਗਿਆ ਇਹ ਨਿਸਫਲ ਰਿਹਾ। ਇਹੀ ਉਹਨਾਂ ਦਾ ਸਭ ਤੋਂ ਵਡਾ ਅਪਰਾਧ ਸੀ। ਉਨਾਂ ਉਸੇ ਵੇਲੇ ਪੁਲਿਸ ਨੂੰ ਖਬਰ ਦੇ ਦਿਤੀ ਕਿ ਲੋਕ ਭੜਕ ਕੇ ਉਹਨਾਂ ਦੀਆਂ ਅਰਜ਼ਾਂ ਤੇ ਹੁਕਮਾਂ ਨੂੰ ਨਾ ਮੰਨਕੇ ਝਗੜੇ ਫਸਾਦ ਲਈ ਜਾ ਰਹੇ ਹਨ। ਮੈਂ ਹੁਣੇ ਹੀ ਪੁਲਿਸ ਨੂੰ ਖਬਰ ਦੇ ਕੇ ਖਬਰਦਾਰ ਕਰ ਦੇਣਾ ਚਾਹੁੰਦਾ ਹਾਂ ਕਿ ਉਹ ਇਨਾਂ ਨਾਲ ਨਿਬੜ ਲੈਣ — ਮੈਂ ਅਨਰਥ ਦਾ ਜ਼ਿੰਮੇਂਵਾਰ ਨਹੀਂ ਹਾ।

(ਚਲਦਾ)

Sri Satguru Jagjit Singh Ji Elibrary NamdhariElibrary@gmail.com

ਫਿਰ ਵੀ ਇਹ ਅਮਰ ਜੋਤ ਜਗਦੀ ਰਹੀ

ਡਾ. ਐਮ.ਐਮ. ਆਹਲੂਵਾਲੀਆ ਜੀ.ਐਮ.,ਏ.ਪੀ.ਐਚ ਡੀ

ਜਦੋਂ ਗੁਰੂ ਨਾਨਕ ਦੀ ਨਿਰੰਕਾਰੀ ਜੋਤ ਦਾ ਪ੍ਰਕਾਸ਼ ਹੋਇਆ, ਜਦੋਂ ਆਪਨੇ ਈਸ਼ਵਰੀ ਗਿਆਨ ਨਾਲ ਭਰਪੂਰ ਸੰਦੇਸ਼ ਮਨੁਖ ਜਾਤੀ ਦੀਆਂ ਗਲੀਆਂ ਵਿਚ ਸੁਣਾਏ ਤੇ ਇਹ ਰੱਬੀ ਨਗਮੇ ਛੇੜੇ. ਜਦੋਂ ਆਪ ਮਝੀਆਂ ਤੇ ਗਊਆਂ ਦੇ ਛੋੜੂ ਬਣੇ ਤੇ ਇਨਾਂ ਨੂੰ ਲਹਿਲਹਾਉਦੀਆਂ ਹਰਿਆਵਲੀਆਂ ਚਰਾਗਾਹਾਂ ਵਿਚ ਚਰਾਉਦੇ ਰਹੇ, ਜਦੋਂ ਇਹ ਪਵਿਤਰ ਅਵਤਾਰ (ਰਿਸ਼ੀ) ਨੇ ਸੁਲਤਾਨ ਪੁਰ ਲੋਧੀ ਵਿਚ ਸ਼ਾਹੀ ਮੋਦੀਖਾਨੇ ਵਿਚੋਂ ਗਰੀਬ ਗੁਰਬੇ ਨੂੰ ਮੁਫਤ ਅੰਨ ਦਾਣਾ ਦੇਣਾ ਸ਼ੁਰੂ ਕਰ ਦਿਤਾ, ਜਦੋਂ ਇਹ ਪਵਿਤਰ ਤੇ ਮਸਤਾਨਾ ਫਕੀਰ ਉਦਾਸੀਆਂ ਵਿਚ ਸੰਸਾਰ ਤੇ ਰਟਨ ਕਰਦਾ ਰਿਹਾ ਤੇ ਰੱਬੀ ਪ੍ਰੇਮ ਤੇ ਪਵਿਤਰਤਾ ਦੇ ਖਜ਼ਾਨੇ ਲੁਟਾਉਦਾ ਰਿਹਾ ਤਾਂ ਕੁਝ ਭੁਲੜ ਲੋਕਾਂ ਨੇ ਇਸ ਵਿਰੁਧ ਰਿਪੋਰਟਾਂ ਪਹੁੰਚਾਈਆਂ, ਇਸ ਦੀਆਂ ਸ਼ਿਕਾਇਤਾਂ ਕੀਤੀਆਂ, ਇਸ ਦੀ ਵਿਰੋਧਤਾ ਕੀਤੀ ਤੇ ਇਸ ਰੰਗ ਰਤੜੇ ਫਕੀਰ ਵਿਰੁਧ ਸਾਜ਼ਿਸ਼ਾਂ ਕੀਤੀਆਂ।

ਜਦੋਂ ਗੁਰੂ ਅਰਜਨ ਦੇਵ ਨੇ ਰੱਬੀ ਮਿਸ਼ਨ ਦੇ ਪਰਚਾਰ ਦਾ ਪਵਿਤਰ ਕੰਮ ਸੰਭਾਲਿਆ, ਜਦੋਂ ਆਪ ਰੂਹਾਨੀ ਸਚਾਈ ਦੇ ਅਖਾੜੇ ਵਿਚ ਕੁਦੇ, ਜਦੋਂ ਆਪਨੇ ਭਗਤਾਂ ਦੇ ਅਥਾਹ ਸਾਗਰ ਵਿਚ ਟੁਭੀਆਂ ਲਾਈਆਂ ਤੇ ਆਪ ਨੇ ਰੱਬੀ ਬਾਣੀ ਉਚਾਰੀ, ਤੇ ਫਿਰ ਦੂਜੇ ਸਿਖ ਗੁਰੂਆਂ ਤੇ ਭਗਤਾਂ ਸਾਈ ਲੋਕਾਂ ਦੀ ਰਚੀ ਬਾਣੀ ਦਾ ਸੰਗ੍ਰਹਿ ਕੀਤਾ, ਸੰਪਾਦਨ ਕਰਕੇ ਇਕ ਗ੍ਰੰਥ ਤਿਆਰ ਕੀਤਾ। ਆਪਨੇ ਧੁਰ ਕੀ ਬਾਣੀ ਦੀ ਇਕ ਬੀੜ ਬੰਨ੍ਹੀ। ਇਹ ਈਸ਼ਵਰੀ ਗਿਆਨ ਦਾ ਇਕ ਅਨਮੋਲ ਭੰਡਾਰ ਹੈ। ਓਦੋਂ ਵੀ ਕੁਝ ਈਰਖਾਲੂ ਲੋਕਾਂ ਨੇ ਆਪ ਵਿਰੁਧ ਸ਼ਿਕਾਇਤਾਂ ਕੀਤੀਆਂ। ਇਹਨਾਂ ਨੇ ਵਕਤ ਦੇ ਬਾਦਸ਼ਾਹ ਨੂੰ ਭੜਕਾਇਆ। ਫਲ ਸਰੂਪੀ ਸ਼ਾਹੀ ਕਹਿਰ ਨਾਜ਼ਲ ਹੋਇਆ। ਇਹਨਾਂ ਹੀ ਦੋਖੀਆਂ ਨੇ ਆਪਦੇ ਮਹਾਨ ਬਲੀਦਾਨ ਦੇ ਅਦੁਤੀ ਸ਼ਹੀਦੀ ਸਾਕੇ ਵਿਚ ਆਪ ਨੂੰ ਲਿਆਂਦਾ।

ਜਦੋਂ ਗੁਰੂ ਤੇਗ ਬਹਾਦਰ ਜੀ ਨੇ ਭਗਤੀ ਤੇ ਰੱਬੀ ਗਿਆਨ ਦੀ ਜੋਤੀ ਪਰਕਾਸ਼ਮਾਨ ਕਰਨ ਲਈ ਸਾਲਾਂ ਬਧੀ ਤਪਸਿਆ ਕੀਤੀ, ਜਦੋਂ ਆਪ ਦਰਿਆ ਬਰਹਮਪੁਤਰ ਦੇ ਕੰਢਿਆਂ ਉਤੇ ਰੱਬ ਨਾਲ ਇਕ ਮਿਕ ਹੋਏ ਤੇ ਬ੍ਰਹਿਮਣਾ (ਹਿੰਦੂ ਮਾਤਰ) ਦੀ ਰਖਿਆ ਲਈ ਪੰਜਾਬ ਵਿਚ ਵਾਪਸ ਆਏ. ਜਦੋਂ ਸਤਿਗੁਰਾਂ ਨੇ ਆਪਣੀ ਪਵਿਤਰਤਾ ਤੇ ਰਬੀ ਅਜ਼ਮਤ ਦੇ ਦੀਪ ਹਰ ਹਿਕੜੀ ਵਿਚ ਰੌਸ਼ਨ ਕੀਤੇ, ਜਦੋਂ ਗੁਰੂ ਸਾਹਿਬ ਹਰ ਪ੍ਰਾਣੀ ਮਾਤਰ ਨੂੰ ਦਲੇਰੀ, ਤਿਆਗ ਤੇ ਬਲੀਦਾਨ ਦੇ ਉਚੀ ਮੰਜ਼ਲਾਂ ਵਿਚ ਲੈ ਗਏ, ਜਦੋਂ ਆਪ ਨੇ ਇਹ ਨਾਅਰਾ ਲਾਇਆ "ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ।" ਭਾਵ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ ਤਾਂ ਵੀ ਕੁਝ ਲੋਕਾਂ ਨੇ ਆਪਦੇ ਵਿਰੁਧ ਸ਼ਿਕਾਇਤਾਂ ਕੀਤੀਆਂ। ਉਹਨਾਂ ਲੋਕਾਂ ਨੇ ਪਾਵਨ ਗੁਰੂ ਜੀ ਵਿਰੁਧ ਸਾਜ਼ਿਸ਼ਾਂ ਰਚੀਆਂ ਤੇ ਇਹਨਾਂ ਦੇ ਏਸ ਰਵਈਏ ਕਾਰਨ ਹੀ ਨਾਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਦੇਣੀ ਪਈ। ਪਰ ਇਹ ਜੋਤ ਜਗਦੀ ਰਹੀ।

Sri Satguru Jagjit Singh Ji Elibrary NamdhariElibrary@gmail.com

ਖਾਲਸੇ ਦੀ ਸਾਜਨਾਂ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਹਾਨ ਆਦਰਸ਼ਾਂ ਦੀ ਪਵਿਤਰ ਜੋਤ ਪਰਚੰਡ ਕੀਤੀ; ਜਦੋਂ ਆਪਨੇ ਧਰਮ ਗ੍ਰੰਥਾਂ ਨੂੰ ਪੜ੍ਹਿਆ ਤੇ ਆਪਣੇ ਸਰੀਰ ਨੂੰ ਅਭਿਆਸ ਤੇ ਕਠਨ ਘਾਲਣਾ ਰਾਹੀਂ ਤਿਆਰ ਕੀਤਾ, ਜਦੋਂ ਆਪਨੇ ਆਪਣੀ ਦਿਵ ਜੋਤੀ ਸਰਵ ਸਾਧਾਰਨ ਬੰਦਿਆਂ ਵਿਚ ਪ੍ਰਕਾਸ਼ਮਾਨ ਕੀਤੀ। ਅੰਮ੍ਰਿਤ ਛਕਣ ਨਾਲ ਪਰਜੁਅਲਤ ਸ਼ਕਤੀ ਹੋਂਦ ਵਿਚ ਆਈ, ਜਿਸ ਦਾ ਨਾਂ ਆਪਨੇ "ਖਾਲਸਾ" ਰਖਿਆ, ਜਦੋਂ ਆਪਨੇ ਮਹਾਂ ਕਾਲਕਾ ਅਰਾਧੀ, ਚੰਡੀ ਦੀ ਵਾਰ ਉਚਾਰੀ। ਹਰ ਮੈਦਾਨ ਵਿਚ ਫਤਹਿ ਪਾਉਣ ਵਾਲੀ ਭਗਵਤੀ ਦੇ ਅਮਰ ਸੰਦੇਸ਼ ਨੂੰ ਪਰਚਾਰਿਆ।

ਜਦੋਂ ਆਪਨੇ ਚੰਦ੍ਰਮਾ ਜਿਹੇ ਪਵਿਤਰ ਸਾਹਿਬਜ਼ਾਦਿਆਂ ਨੂੰ ਆਪਣੇ ਜਿਗਰ ਦੇ ਟੋਟਿਆਂ ਨੂੰ, ਜੰਗ ਦੀਆਂ ਬਲਦੀਆਂ ਲਾਟਾਂ ਵਿਚ ਸੁਟਿਆ, ਜਦੋਂ ਆਪਨੇ ਮੁਗਲ ਬਾਦਸ਼ਾਹ ਦੇ ਚੈਲੰਜ ਨੂੰ ਕਬੂਲਿਆ ਤੇ ਇਸ ਦੇ ਟਾਕਰੇ ਲਈ ਆਪ ਤਤਪਰ ਹੋ ਗਏ, ਓਦੋਂ ਵੀ ਕੁਝ ਲੋਕਾਂ ਨੇ ਆਪ ਵਿਰੁਧ ਸ਼ਿਕਾਇਤਾਂ ਕੀਤੀਆਂ। ਇਹਨਾਂ ਲੋਕਾਂ ਨੇ ਆਪ ਦੀ ਪਿੱਠ ਨੂੰ ਆਪਣੇ ਛੁਰਿਆਂ ਦਾ ਨਿਸ਼ਾਨਾ ਬਣਾਇਆ ਅਤੇ ਮੁਖਾਲਫਤ ਲਈ ਹੋਰ ਸਾਥੀਆਂ ਨੂੰ ਲੈ ਕੇ ਟੂਟ ਪਏ।

ਜਦੋਂ ਬੰਦਾ ਵੈਰਾਗੀ ਸ਼ਕਤੀਸ਼ਾਲੀ ਦਸਮੇਸ਼ ਜੀ ਦੇ ਹੁਕਮਨਾਮਿਆਂ ਅਤੇ ਸੋਨ ਜੜੇ ਤੀਰਾਂ ਨਾਲ ਪੰਜਾਬ ਆਇਆ, ਜਦੋਂ ਉਸਨੇ ਜਰਵਾਣਿਆਂ ਪਾਸੋਂ ਬਦਲਾ ਲੈਣ ਲਈ ਗੌਰਵਮਈ ਧਰਮ ਯੁਧ ਜਾਂ ਜਹਾਦ ਸ਼ੁਰੂ ਕੀਤਾ ਤਾਂ ਦਲ ਖਾਲਸਾ ਪਹਾੜੀ ਖੁੰਦਰਾਂ ਤੇ ਘਣੇ ਜੰਗਲਾਂ ਵਿਚੋਂ ਨਿਕਲ ਕੇ ਰਣ ਭੂਮੀ ਵਿਚ ਆਣ ਕੁਦਿਆ। ਫਿਰ ਐਸਾ ਸਮਾਂ ਵੀ ਆ ਗਿਆ ਜਦੋਂ ਜਲਾਦ ਅਗਨੀ ਵਿਚ ਲਾਲ ਕੀਤੇ ਹੋਏ ਜਮੂਰ ਲੈ ਕੇ ਬੰਦਾ ਬਹਾਦਰ ਦੇ ਸਰੀਰ ਨੂੰ ਬੋਟੀ ਬੋਟੀ ਕਰਦੇ ਰਹੇ। ਵੇਲੇ ਦੀ ਹਕੂਮਤ ਦੇ ਅਧਿਕਾਰੀਆਂ ਨੇ ਹੁਕਮ ਦੇ ਦਿਤਾ ਕਿ ਜਿਥੇ ਵੀ ਦਲ ਖਾਲਸਾ ਦਾ ਕੋਈ ਸੈਨਕ ਨਜ਼ਰ ਆਵੇ ਉਸਨੂੰ ਤੁਰੰਤ ਹੀ ਗੋਲੀ ਮਾਰ ਦਿਤੀ ਜਾਵੇ। ਉਹ ਸਮਾਂ ਵੀ ਆਇਆ ਜਦੋਂ ਸਿਰਾਂ ਦਾ ਮੁਲ ਪੈਂਦਾ ਸੀ। ਓਦੋਂ ਵੀ ਕੁਝ ਸ਼ਕਤੀਆਂ ਖਾਲਸੇ ਵਿਰੁਧ ਕੰਮ ਕਰਦੀਆਂ ਰਹੀਆਂ ਪਰ ਖਾਲਸਾ ਅਮਰ ਰਿਹਾ।

ਫਿਰ ਇਕ ਐਸਾ ਸਮਾਂ ਆਇਆ ਜਦੋਂ ਦੂਰਦਰਸ਼ੀ ਤੇ ਅਕਲ ਦੇ ਕੋਟ ਮਹਾਰਾਜਾ ਰਣਜੀਤ ਸਿੰਘ ਨੇ ਐਸੇ ਕਾਰਨਾਮੇ ਵਿਖਾਏ ਜਿਨਾਂ ਦੇ ਫਲ ਰੂਪ ਖਾਲਸਾ ਕਾਮਨ ਵੈਲਥ ਦੀ ਸਥਾਪਨਾ ਦਾ ਸੁਪਨਾ ਸਾਕਾਰ ਹੋ ਗਿਆ। ਇਹ ਉਹ ਸਮਾਂ ਸੀ ਜਦੋਂ ਗੁਰਮਤਿਆਂ ਉਤੇ ਅੱਖਰ ਅੱਖਰ ਅਮਲ ਹੁੰਦਾ ਸੀ ਤੇ ਖਾਲਸੇ ਦਾ ਰਾਜ ਭਾਗ ਸੀ। ਪਰ ਐਸਾ ਵਕਤ ਵੀ ਆਇਆ ਕਿ ਕੁਝ ਲੋਕਾਂ ਮਹਾਰਾਜੇ ਵਿਰੁਧ ਗੋਂਦਾਂ ਗੁੰਦੀਆਂ, ਇਨਾਂ ਨੇ ਇਕ ਵਿਦੇਸ਼ੀ ਤਾਕਤ ਅੰਗਰੇਜ਼ ਨਾਲ ਗਾਂਢਾ ਸਾਂਢਾ ਕੀਤਾ ਪਰ ਖਾਲਸਾ ਅਮਰ ਸੀ ਤੇ ਅਮਰ ਰਿਹਾ।

ਸਿਖਾਂ ਦੇ ਪਤਨ ਦਾ ਜ਼ਮਾਨਾ

ਜਦੋਂ ਪੰਜਾਬ ਦੀ ਰਾਜਧਾਨੀ ਲਾਹੌਰ ਉਤੇ ਮੁਸੀਬਤਾਂ ਦੇ ਬਦਲ ਛਾ ਗਏ, ਜਦੋਂ ਅੰਗਰੇਜ਼ਾਂ ਦੀਆਂ ਫੌਜਾਂ ਖਾਲਸਾ ਰਾਜ ਦੀ ਪ੍ਰਭੂ-ਸਤਾ ਖਤਮ ਕਰਨ ਲਈ ਅਗੇ ਵਧੀਆਂ, ਜਦੋਂ ਨਿਰਭੈ ਖਾਲਸਾ ਯੋਧਿਆਂ ਤੇ ਮਹਾਨ ਦੇਸ਼ ਭਗਤ ਸ੍ ਸ਼ਾਮ ਸਿੰਘ ਅਟਾਰੀ ਵਾਲਿਆਂ, ਸੰਤ ਸਰੂਪ ਮਹਾਰਾਜ ਸਿੰਘ ਤੇ ਪੰਜਾਬੀ ਦੀ ਗੌਰਵਮਈ ਮਹਾਰਾਣੀ ਜਿੰਦਾਂ ਨੇ ਕੌਮੀ ਰਾਜ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿਤਾ ਤਾਂ ਕੁਝ ਦੇਸ਼ ਧਰੋਹੀ ਅੰਗਰੇਜ਼ ਸਾਮਰਾਜੀਆਂ ਵਲ ਹੋ ਕੇ ਜਾਸੂਸੀ ਕਰਦੇ ਰਹੇ। ਇਹਨਾਂ ਨੇ ਪੰਜਾਬ ਦੀ ਰਖਵਾਲੀ ਕਰਨ ਵਾਲੀਆਂ ਫੌਜਾਂ ਨੂੰ ਪੁਠੇ ਰਸਤੇ ਪਾਇਆ। ਇਹਨਾਂ ਲੋਕਾਂ ਨੇ ਦੇਸ਼ ਨਾਲ ਧਰੋਹ

Sri Satguru Jagjit Singh Ji Elibrary NamdhariElibrary@gmail.com

ਕਮਾਇਆ। ਇਹਨਾਂ ਨੇ ਵਕਤ ਨਾਲ ਗਦਾਰੀ ਕੀਤੀ। (ਸੈਨਾਪਤੀ ਤੇਜਾ ਸਿੰਘ ਤੇ ਲਾਲ ਸਿੰਘ ਆਦਿ) ਇਸਦਾ ਸਿਟਾ ਓਹੀ ਨਿਕਲਿਆ ਜਿਸ ਦੀ ਆਸ ਕੀਤੀ ਜਾਂਦੀ ਸੀ। ਇਹਨਾਂ ਨੇ ਕੀਤੇ ਦਾ ਫਲ ਪਾਇਆ। ਇਹਨਾਂ ਗ਼ਦਾਰਾਂ ਨੇ ਸਿੱਖਾਂ ਦਾ ਨਾ ਕਲੰਕਤ ਕੀਤਾ ਤੇ ਅਪਯਸ਼ ਖਟਿਆ।

ਜਦੋਂ 1857 ਦੀ ਅਗਨੀ ਪ੍ਰਚੰਡ ਹੋਈ। ਜਦੋਂ ਦੇਸ਼ ਦੀ ਆਜ਼ਾਦੀ ਲਈ ਸੁਤੰਤਰਤਾ ਸੰਗਰਾਮੀਏ ਮੈਦਾਨ ਵਿਚ ਕੁਦੇ ਜਦੋਂ ਸਾਰਾ ਦੇਸ਼ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਵਿਦੇਸ਼ੀ ਰਾਜ ਵਿਰੁੱਧ ਉਠ ਖਲੋਤਾ, ਜਦੋਂ ਧਰਮ ਤੇ ਸੁਤੰਤਰਤਾ ਦੇ ਨਾਹਰੇ ਹਰ ਘੜੀ ਹਰ ਪਾਸਿਓਂ ਬੁਲੰਦ ਹੋ ਰਹੇ ਸਨ, ਜਦੋਂ ਲਖਾਂ ਦੇਸ਼ ਵਾਸੀ ਆਜ਼ਾਦੀ ਦੀ ਇਹ ਖਤਰਨਾਕ ਲੜਾਈ ਲੜ ਰਹੇ ਸਨ, ਜਦੋਂ ਹਜ਼ਾਰਾਂ ਦੇਸ਼ ਭਗਤ ਆਜ਼ਾਦੀ ਦੀ ਇਸ ਜੰਗ ਵਿਚ ਆਪਣੀਆਂ ਜਾਨਾਂ ਦੀ ਅਹੂਤੀ ਪਾ ਰਹੇ ਸਨ — ਓਦੋਂ ਵੀ ਕੁਝ ਲੋਕ ਹਮਲਾਆਵਰ ਕਾਰਵਾਈ ਕਰਨ ਵਾਲੇ ਅੰਗਰੇਜ਼ਾਂ ਦੀ ਸਰਗਰਮ ਇਮਦਾਦ ਕਰ ਰਹੇ ਸਨ। ਇਹਨਾਂ ਲੋਕਾਂ ਨੇ ਆਪਣੇ ਨਵੇਂ ਮਾਲਕਾਂ (ਅੰਗਰੇਜ਼ ਹੁਕਮਰਾਨਾਂ) ਦੀਆਂ ਬਸਤੀਆਂ, ਫੌਜਾਂ ਦੇ ਰਸਤਿਆਂ ਦੀ ਰਖਵਾਲੀ ਕੀਤੀ। ਇਨ੍ਹਾਂ ਲੋਕਾਂ ਨੇ ਆਪਣੇ ਭਾੜੇ ਦੇ ਟੱਟੂ ਸਿਪਾਹੀਆਂ, ਆਪਣੀਆਂ ਸੈਨਾਵਾਂ ਦੀਆਂ ਸੇਵਾਵਾਂ ਪੇਸ਼ ਕੀਤੀਆਂ। ਇਹ ਫੌਜਾਂ ਅੰਗਰੇਜ਼ਾਂ ਵਲੋਂ ਲੜੀਆਂ। ਇਨ੍ਹਾਂ ਲੋਕਾਂ ਨੇ ਇਸ ਗਲ ਤੋਂ ਵੀ ਪਰਵਾਹ ਨਾ ਕੀਤੀ ਕਿ ਇਨਾਂ ਨੂੰ ਇਕ ਇਤਿਹਾਸਕ ਵੰਗਾਰ ਕੀ ਕਹਿ ਰਹੀ ਹੈ। ਇਹਨਾਂ ਇਤਿਹਾਸ ਦੇ ਤਕਾਜ਼ਿਆਂ ਨੂੰ ਪੂਰਾ ਨਾ ਕੀਤਾ ਸਗੋਂ ਇਹਨਾਂ ਨੇ ਆਪਣੇ ਦੂਸ਼ਿਤ ਰੋਲ ਤੇ ਆਪਣੇ ਕਸੂਰ ਨੂੰ ਲੁਕਾਉਣ ਲਈ ਇਤਿਹਾਸ ਨੂੰ ਵੀ ਵਿਗਾੜਿਆ ਓਦੋਂ ਵੀ ਅਮਰ ਜੋਤੀ ਜਗਦੀ ਰਹੀ।

ਸਤਿਗੁਰੂ ਰਾਮ ਸਿੰਘ ਜੀ ਦੇ ਉਪਕਾਰ

ਫਿਰ ਇਕ ਐਸਾ ਸਮਾਂ ਆ ਗਿਆ ਜਦੋਂ ਨਾਮਧਾਰੀ ਗੁਰੂ ਨੇ ਇਕ ਨਵਾਂ ਝੰਡਾ ਝੁਲਾਇਆ। ਉਹ ਸਮਾਂ ਆਇਆ ਜਦੋਂ ਸਤਿਗੁਰੂ ਰਾਮ ਸਿੰਘ ਨੇ ਗਰੀਬ ਤੇ ਸਰਵ ਸਾਧਾਰਨ ਕਿਰਤੀਆਂ ਨੂੰ ਆਤਮ ਵਿਸ਼ਵਾਸ਼ ਤੇ ਪਵਿਤਰਤਾ ਦਾ ਇਕ ਉਚ ਸੰਦੇਸ਼ ਦੇ ਕੇ ਇਨਾਂ ਵਿਚ ਨਵੀਂ ਰੂਹ ਫੂਕ ਦਿਤੀ; ਜਦੋਂ ਆਪ ਨੇ ਲੋਕਾਂ ਨੂੰ ਨਵ ਜੀਵਨ ਦਿਤਾ ਤਾਂ ਧਰਮੀ ਦੇ ਖਾਮੋਸ਼ ਕਿਣਕਿਆਂ ਵਿਚੋਂ ਬਬਰ ਸ਼ੇਰਾਂ ਦੀ ਭਬਕ ਦੀਆਂ ਆਵਾਜ਼ਾਂ ਗੂੰਜਣ ਲਗ ਪਈਆਂ। ਇਸ ਅਮਰ ਨਾਦ ਨੇ ਆਕਾਸ਼ ਗੂੰਜਾ ਦਿਤਾ।

ਸਤਿਗੁਰੂ ਰਾਮ ਸਿੰਘ ਨੇ ਸੁਦੇਸ਼ੀ ਤੇ ਨਾ ਮਿਲਵਰਤਨ ਲਹਿਰਾਂ ਦੇ ਰੂਪ ਵਿਚ ਸਾਨੂੰ ਅਜਿੱਤ ਸ਼ਸਤਰ ਬਖਸ਼ਸ਼ ਕੀਤੇ ਤਾਂ ਜੋ ਅਸੀਂ ਇਨਾਂ ਰਾਹੀਂ ਆਜ਼ਾਦੀ ਪ੍ਰਾਪਤ ਕਰ ਸਕੀਏ। ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ਾਂ ਦੇ ਮੁਕਾਬਲੇ ਤੇ ਆਪਣੀ ਗੌਰਮਿੰਟ ਕਾਇਮ ਕਰਨ ਜਾਂ ਸਵਰਾਜ ਦੀ ਨੀਂਹ ਰਖਣ ਲਈ ਅਗੇ ਵਧੇ। ਆਪ ਨੇ ਸਾਰੀਆਂ ਸਮਾਜਕ ਬੁਰਾਈਆਂ ਤੇ ਕੁਰਹਿਤਾਂ ਤੋਂ ਬਚਾਉਣ ਲਈ ਤੇ ਆਪਣੇ ਪੈਰੋਕਾਰਾਂ ਨੂੰ ਵਿਦੇਸ਼ੀ ਪ੍ਰਭਾਵਾਂ ਤੋਂ ਮੁਕਤ ਕਰਨ ਲਈ ਕੌਮ ਨੂੰ ਇਕ ਹਲੂਣਾ ਦਿਤਾ। ਆਪ ਨੇ ਖਿੜੇ ਮਥੇ ਚੌਦਾਂ ਸਾਲ ਤੋਂ ਵਧ ਅਰਸੇ ਲਈ ਜਲਾਵਤਨੀ ਦੇ ਤਸੀਹੇ ਸਹੇ। ਆਪ ਨੇ ਧਰਮ ਤੇ ਆਜ਼ਾਦੀ ਦੇ ਪਵਿਤਰ ਕਾਜ਼ ਲਈ ਅਣਗਿਣਤ ਕੁਰਬਾਨੀਆਂ ਕੀਤੀਆਂ। ਆਪ ਨੇ ਕਾਲ ਕੋਠੜੀ ਵਿਚ ਰਹਿ ਕੇ ਵੀ ਹਸਦਿਆਂ ਹਸਦਿਆਂ ਅੰਗਰੇਜ਼ ਸਰਕਾਰ ਦੇ ਤਸੀਹੇ ਸਹੇ ਤਾਂ ਜੋ ਆਪ ਦੇ ਦੂਜੇ ਕਰੋੜਾਂ ਦੇਸ਼ ਵਾਸੀਆਂ ਨੂੰ ਰੌਸ਼ਨੀ ਤੇ ਖੁਲ੍ਹੀ ਹਵਾ ਮਿਲੇ। ਆਪ ਨੇ ਜਲਾਵਤਨੀ ਦੇ ਜ਼ਮਾਨੇ ਵਿਚ ਅੰਗਰੇਜ਼ ਦੀ ਬੰਦੀ ਵਿਚ ਰਹਿੰਦਿਆਂ ਹੋਇਆਂ ਵੀ ਆਪਣੀ ਬਖਸ਼ਸ਼ ਦੇ ਦਰ ਖੁਲ੍ਹੇ ਰਖੇ। ਆਪ ਜੇਲ ਦੀ ਕਾਲ ਕੋਠੜੀ ਵਿਚੋਂ ਵੀ ਹਿਰਦੇ ਸਪਰਸ਼ੀ ਰੂਹਾਨੀ ਹੁਕਮਨਾਮੇ ਆਪਣੇ ਦੇਸ਼ਵਾਸੀਆਂ ਨੂੰ ਭੇਜਦੇ ਰਹੇ। ਓਦੋਂ ਵੀ ਦੋਖੀਆਂ ਤੇ ਨਿੰਦਕਾਂ ਨੇ ਅੰਗਰੇਜ਼ਾਂ ਪਾਸ ਚੁਗਲੀਆਂ ਖਾਧੀਆਂ। ਅੰਗਰੇਜ਼ ਸਾਮਰਾਜੀਆਂ ਦੇ ਇਨਾ ਪਿਠੂਆਂ ਨੇ

ਆਪਣੀਆਂ ਤੋਪਾਂ ਦੀ ਪੇਸ਼ ਕਸ਼ ਕੀਤੀ ਤਾਂ ਜੋ ਇਨਾਂ ਨਾਲ ਨਾਮਧਾਰੀ ਸਿਖਾਂ — ਆਪਦੇ ਪੈਰੋਕਾਰਾਂ ਨੂੰ ਉਡਾ ਦਿਤਾ ਜਾਵੇ। ਇਨਾਂ ਦੋਖੀਆਂ ਤੇ ਨਿੰਦਕਾਂ ਨੇ ਅੰਗਰੇਜ਼ ਹੁਕਮਰਾਨਾਂ ਨੂੰ ਚਿੱਠੀਆਂ ਲਿਖੀਆਂ ਤਾਂ ਜੋ ਆਪ ਦੀ ਬਰਮਾਂ ਵਿਚ ਜਲਾਵਤਨੀ ਸਦੀਵੀ ਹੋ ਜਾਵੇ। ਇਨਾਂ ਲੋਕਾਂ ਇਤਿਹਾਸਕ ਸਚਾਈਆਂ ਤੇ ਅਸਲ ਘਟਨਾਵਾਂ ਨੂੰ ਤੋੜ ਮਰੋੜ ਕੇ ਲਿਖਵਾਇਆ। ਇਹਨਾਂ ਲੋਕਾਂ ਨੇ ਆਪਣੇ ਸੁਨਹਿਰੀ ਮਿਸ਼ਨ ਦੀ ਤਵਾਰੀਖ ਤੇ ਇਤਿਹਾਸਕ ਘਟਨਾਵਾਂ ਦੀ ਰੂਪ ਰੇਖਾ ਹੀ ਵਿਗਾੜ ਦਿਤੀ ਤੇ ਕਈ ਇਤਿਹਾਸਕ ਘਟਨਾਵਾਂ ਨੂੰ ਏਸ ਲਈ ਗਲਤ ਰੰਗ ਵਿਚ ਪੇਸ਼ ਕੀਤਾ ਕਿ ਆਪ ਨੂੰ ਇਤਿਹਾਸ ਵਿਚ ਜਿਹੜਾ ਸਤਿਕਾਰ ਤੇ ਮਹਾਨ ਉਚਾ ਅਸਥਾਨ ਮਿਲਣਾ ਚਾਹੀਦਾ ਸੀ, ਉਹ ਨਾ ਮਿਲ ਸਕੇ।

ਤਾਂ ਵੀ ਉਹ ਅਸਫਲ ਰਹੇ। ਸੂਰਜ ਚੜ੍ਹਿਆ ਤੇ ਮੁੜ ਚੜ੍ਹਿਆ। ਅਮਰ ਜੋਤੀ ਜਗਦੀ ਰਹੀ ਤੇ ਜਗਦੀ ਰਹੀ!

Sri Satguru Jagjit Singh Ji Elibrary NamdhariElibrary@gmail.com

ਭਾਰਤੀ ਸਵਤੰਤਰਤਾ ਸੰਗਰਾਮ ਵਿਚ ਕੂਕਾ ਲਹਿਰ ਦਾ ਯੋਗਦਾਨ

ਡਾ. ਕਾਲਾ ਸਿੰਘ ਬੇਦੀ

ਸ੍ਰੀ ਗੁਰੂ ਨਾਨਕ ਦੇਵ ਦੀ ਪੈਦਾਇਸ਼ ਸਮੇਂ ਭਾਰਤ ਦੀ ਹਾਲਤ ਬਹੁਤ ਹੀ ਨਾਜ਼ਕ ਹੋ ਚੁਕੀ ਸੀ ਸ਼ਾਸਕ ਵਰਗ ਆਪਣੇ ਸੁਖਾਂ ਦੀ ਪੂਰਤੀ ਲਈ ਗਰੀਬ ਜਨਤਾ ਦਾ ਲਹੂ ਜੋਕਾਂ ਵਾਂਗ ਚੂਸ ਰਹੇ ਸਨ। ਪ੍ਰਜਾ ਨਾਲ ਔਲਾਦ ਵਰਗਾ ਸਲੂਕ ਨਹੀਂ ਸੀ ਕੀਤਾ ਜਾਂਦਾ। ਜ਼ਾਤ ਪਾਤ, ਊਚ-ਨੀਚ, ਛੂਤ-ਛਾਤ. ਵਡੇ-ਛੋਟੇ ਅਤੇ ਅਮੀਰ ਗਰੀਬ ਦੇ ਵਿਤਕਰੇ ਹਿਮਾਲੇ ਪਰਬਤ ਨਾਲੋਂ ਵੀ ਉਚੇ ਸਨ। ਇਸਤਰੀ ਜਾਤੀ ਦਾ ਕੋਈ ਸਨਮਾਨ ਨਹੀਂ ਕੀਤਾ ਜਾਂਦਾ ਸੀ। ਇਸਤਰੀ ਸਮਾਜ ਨੂੰ ਨਫਰਤ ਨਾਲ ਦੇਖਿਆ ਜਾਂਦਾ ਸੀ। ਦੇਸ਼ ਦੀ ਆਰਥਕ ਤੇ ਨੈਤਿਕ ਅਵਸਥਾ ਡਾਵਾਂ ਡੋਲ ਸੀ। ਭਾਰਤੀ ਸਮਾਜ ਦਾ ਧੁਰਾ,ਧਰਮ ਸੀ ਜੋ ਇਸ ਵੇਲੇ ਵਿਕ੍ਰਤ ਹੋ ਚੁਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਾਰੀ ਸਥਿਤੀ ਦਾ ਜਾਇਜ਼ਾ ਬਚਪਨ ਵਿਚ ਹੀ ਲੈ ਲਿਆ ਸੀ। ਆਪ ਦਾ ਪਵਿਤਰ ਮਨ ਜਗਤ-ਜਲੰਦੇ ਨੂੰ ਦੇਖ ਕੇ ਪਿਘਲ ਗਿਆ ਤੇ ਆਪ ਨੇ ਇਨਾਂ ਕਰੜਿਆਂ ਸਮਿਆਂ ਵਿਚ ਰਾਜ ਨੀਤੀ ਦੇ ਵਿਰੁਧ ਆਵਾਜ਼ ਉਠਾਈ ਤੇ ਸ਼ਾਸਕ ਵਰਗ ਦੀਆਂ ਸਖਤੀਆਂ ਦਾ ਪਰਦਾ ਫਾਸ਼ ਕੀਤਾ। ਪਰਮਾਤਮਾ ਦੀ ਏਕਤਾ ਉਪਰ ਬਲ ਦਿਤਾ ਤੇ ਸਦਾਚਾਰ ਅਤੇ ਭਾਈਚਾਰੇ ਦੀ ਪਰੇਰਨਾ ਦਿਤੀ। ਇਸਤਰੀ ਸਮਾਜ ਲਈ ਆਵਾਜ਼ ਬੁਲੰਦ ਕੀਤੀ। ਹਿੰਦੂ ਧਰਮ ਦੀ ਕਿਸ਼ਤੀ ਜੋ ਘੁੰਮਣ ਘੇਰੀਆਂ ਵਿਚ ਫਸੀ ਹੋਈ ਸੀ ਤੇ ਗਰਕ (ਡੁਬਣ) ਹੋਣ ਵਾਲੀ ਸੀ ਉਸ ਨੂੰ ਸਹਾਰਾ ਦਿਤਾ ਤੇ ਇਕ ਅਮੀਰੁਲ ਬਹਿਰ ਦੀ ਹਸਤੀ ਵਿਚ ਕਿਨਾਰੇ ਤੇ ਲੈ ਆਏ। ਇਸਤਰੀ ਸਮਾਜ ਨੂੰ ਮਨੁਖ-ਸਮਾਜ ਦੀ ਬਰਾਬਰੀ ਪਰਦਾਨ ਕੀਤੀ। ਗੁਰਮਤ ਦੀ ਇਹ ਲਹਿਰ ਜਦ ਕਲਗੀਧਰ (ਦਸਮ-ਨਾਨਕ) ਤਕ ਪਹੁੰਚੀ, ਆਪ ਨੇ (ਗੁਰੂ ਗੋਬਿੰਦ ਸਿੰਘ) ਭਾਰਤ ਵਾਸੀਆਂ ਦੀ ਹਾਲਤ ਦਾ ਜਾਇਜ਼ਾ ਐਕਸਰੇ ਨਜ਼ਰਾਂ ਨਾਲ ਕੀਤਾ ਅਤੇ "ਖਾਲਸਾ ਪੰਥ" ਦੀ ਸਥਾਪਨਾ ਕੀਤੀ ਅਤੇ ਇਸ ਪੰਥ ਨੂੰ ਵਾਹਿਗੁਰੂ ਨੂੰ ਸਮਰਪਤ ਕਰ ਦਿਤਾ — ਵਾਹਿਗੁਰੂ ਜੀ ਕਾ ਖਾਲਸਾ .....। ਇਨ੍ਹਾਂ ਵੀਰ ਬਹਾਦਰਾਂ ਨੂੰ ਅੰਮ੍ਰਿਤ ਛਕਾ ਕੇ ਭਾਰਤੀ ਸੰਸਕ੍ਰਿਤੀ ਦੀ ਰਖਿਆ ਦਾ ਆਦੇਸ਼ ਦਿਤਾ। ਗਊ, ਗਰੀਬ, ਅਪਾਹਜ, ਤੇ ਮਜ਼ਲੂਮਾਂ ਦੀ ਸਹਾਇਤਾ ਕਰਨ ਦਾ ਹੁਕਮ ਦਿਤਾ। ਖਾਲਸਾ ਆਪਣੇ ਦਸਾਂ ਗੁਰੂਆਂ ਦੀ ਨੀਤੀ ਉਪਰ ਚਲਦੇ ਹੋਏ ਦੇਸ਼ ਸਵਤੰਤਰਤਾ ਲਈ ਅਗੇ ਵਧੇ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਪੰਜਾਬੀ ਸੁਤੰਤਰ ਰਾਜ ਕਾਇਮ ਕੀਤਾ। ਮਹਾਰਾਜਾ ਦਾ ਇਹ ਰਾਜ ਲੋਕ-ਤੰਤਰੀ ਸੀ ਜਿਸ ਵਿਚ ਪੰਜਾਬੀਅਤ ਦਾ ਬੂਟਾ ਵਧ ਫੁਲ ਕੇ ਸਾਇਆਦਾਰ ਬਣ ਗਿਆ। ਜਿਸ ਦੀਆਂ ਮਾਵਾਂ ਵਰਗੀਆਂ ਠੰਡੀਆਂ ਛਾਵਾਂ ਹੇਠ ਪੰਜਾਬੀਆਂ ਨੇ ਸੁਖ ਦਾ ਸਾਹ ਲਿਆ। ਰਜਵੀਂ ਰੋਟੀ ਖਾਧੀ, ਤੇ ਭਾਈਚਾਰੇ ਤੇ ਪ੍ਰੇਮ ਦੀ ਬੁਕਲ ਵਿਚ ਇਕ ਮਿਕ ਹੋ ਗਏ, ਵਿਤਕਰਿਆਂ ਦੇ ਨਾਮ ਨਿਸ਼ਾਨ ਮਿਟ ਗਏ। ਪਰ ਇਹ ਹਾਲਤ ਜ਼ਿਆਦਾ ਦੇਰ ਤਕ ਨਹੀਂ ਰਹੀ ਕਿਉਂ ਕਿ ਮਹਾਰਾਜਾ ਰਣਜੀਤ ਸਿੰਘ, ਸ਼ੇਰੇ ਪੰਜਾਬ, ਦੇ ਅਕਾਲ ਚਲਾਣੇ ਮਗਰੋਂ ਖਾਲਸਾ ਫੌਜਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਫੁਟ ਪੈ ਗਈ ਜਿਸਦਾ ਲਾਭ ਅੰਗਰੇਜ਼ਾਂ ਨੇ ਉਠਾਇਆ। ਪੰਜਾਬ ਵਿਚ ਲੋਕ ਤੰਤਰੀ ਰਾਜ ਖਤਮ ਹੋਇਆ ਤੇ ਉਸ ਦੀ ਜਗ੍ਹਾ ਅੰਗਰੇਜ਼ੀ ਰਾਜ ਨੇ ਸੰਭਾਲ ਲਈ।

ਪੰਜਾਬ ਵਿਚ ਖਾਲਸਾ ਰਾਜ ਦੀ ਪੁਨਰ ਸਥਾਪਨਾ ਲਈ ਇਕ ਮਹਾਨ ਲਹਿਰ ਦਾ ਵਜੂਦ ਕਾਇਮ ਹੋਇਆ, ਇਹ ਸੀ ਨਾਮਧਾਰੀ (ਕੂਕਾ) ਲਹਿਰ, ਜਿਸ ਦੇ ਸੰਸਥਾਪਕ ਤੇ ਮਹਾਨ ਆਗੂ ਸਨ ਬਾਬਾ ਰਾਮ ਸਿੰਘ। ਆਪ (ਬਾਬਾ ਰਾਮ ਸਿੰਘ) ਖਾਲਸਾ ਫੌਜ ਵਿਚ ਮੁਲਾਜ਼ਮ ਰਹਿ ਚੁਕੇ ਸਨ, ਉਨਾਂ ਨੇ ਸਿਖ ਰਾਜ ਦੀ ਪ੍ਰਫੁਲਤਾ, ਪ੍ਰਭੁਤਾ ਤੇ ਚੜਿੰਦੀ ਕਲਾ ਨੂੰ ਆਪਣੀਆਂ ਅਖਾਂ ਨਾਲ ਤਕਿਆ ਸੀ। ਉਹ ਖਾਲਸਾ ਰਾਜ ਦੇ ਪਤਨ ਦੇ ਅਸਲੀ ਧਾਰਮਿਕ ਕਾਰਣਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਆਪ ਜੀ ਨੇ ਅਨੁਭਵ ਕੀਤਾ ਕਿ ਸਿਖਾਂ ਵਿਚ ਬੀਰਤਾ, ਦਲੇਰੀ ਤੇ ਚੜ੍ਹਦੀ ਕਲਾ ਦੀ ਭਾਵਨਾ ਜਾਗ੍ਰਤ ਤੇ ਸੁਦ੍ਰਿੜ ਕਰਨ ਲਈ, ਨਾਮ ਸਿਮਰਨ, ਕਿਰਤ ਕਰਨ, ਵੰਡ ਛਕਣ ਤੇ ਗੁਰਬਾਣੀ ਦੇ ਪ੍ਰਚਾਰ ਅਤੇ ਪਰਸਾਰ ਅਤੇ ਸਦਾਚਾਰਕ ਮਿਆਰ ਦੀ ਡਾਢੀ ਲੋੜ ਹੈ, ਕਿਉਂ ਕਿ ਅੰਗਰੇਜ਼ਾਂ ਦੀ ਛਤ੍ਰ ਛਾਇਆ ਹੇਠਾਂ ਗੁਰਬਾਣੀ ਤੇ ਭਾਰਤੀ ਸੰਸਕ੍ਰਿਤੀ ਨੂੰ ਜ਼ਬਰਦਸਤ ਧਕਾ ਲਗਾ ਸੀ। ਕੁਝ ਸਾਲਾਂ ਵਿਚ ਹੀ ਆਪਦੀ ਚਲਾਈ ਲਹਿਰ (ਕੂਕਾ ਲਹਿਰ) ਸਿਖ ਸ਼ਕਤੀ ਦਾ ਮਜ਼ਬੂਤ ਸੰਗਠਨ ਬਣ ਗਿਆ ਤੇ ਲਖਾਂ ਦੀ ਸੰਖਿਆ ਵਿਚ ਲੋਕ ਇਸ ਲਹਿਰ ਦੇ ਪੈਰੋਕਾਰ ਬਣ ਗਏ ਕਿਉਂ ਕਿ ਇਸ ਲਹਿਰ ਦਾ ਆਧਾਰ ਹੀ ਮਾਨਵਤਾ ਸੀ। ਇਸ ਵਧਦੀ ਹੋਈ ਸ਼ਕਤੀ ਨੂੰ ਵੇਖਕੇ ਅੰਗਰੇਜ਼ ਸਰਕਾਰ ਚਿੰਤਾਤੁਰ ਹੋਈ ਅਤੇ ਫਲ ਸਰੂਪ ਕੂਕਿਆਂ ਦੇ ਜਲਸਿਆਂ ਤੇ ਉਤਸਵਾਂ ਉਪਰ ਪਾਬੰਦੀਆਂ ਲਾਈਆਂ ਜਾਣ ਲਗ ਪਈਆਂ। ਸੰਨ 1857 ਦੀ ਪਹਿਲੀ ਜੰਗਿਆਜ਼ਾਦੀ ਲਹਿਰ ਵਿਚ ਈਸਟ ਇੰਡੀਆ ਕੰਪਨੀ ਅਸਫਲ ਰਹੀ ਤੇ ਪੰਜਾਬ ਉਪਰ ਅੰਗਰੇਜ਼ੀ ਤਾਜ ਦਾ ਅਧਿਕਾਰ ਹੋ ਗਿਆ। ਚੂੰਕਿ ਅੰਗਰੇਜ਼ ਨਾ ਤਾਂ ਮੁਸਲਮਾਨ ਸਨ ਤੇ ਨਾ ਹੀ ਹਿੰਦੂ, ਇਸ ਲਈ ਆਪਣੇ ਰਾਜ ਨੂੰ ਪਕਾ ਤੇ ਸੁਦ੍ਰਿੜ ਬਨਾਉਣ ਲਈ ਉਨਾਂ ਨੇ ਰਾਜਨੀਤੀ ਦੀਆਂ ਕਈ ਚਾਲਾਂ ਖੇਡਣੀਆਂ ਸ਼ੁਰੂ ਕਰ ਦਿਤੀਆ। ਉਨਾਂ ਚਾਲਾਂ ਵਿਚੋਂ ਇਕ ਚਾਲ ਸੀ ਕਿ ਪੰਜਾਬ ਵਿਚ ਬੁਚੜਖਾਨੇ ਖੋਲੇ ਗਏ ਤੇ ਗੌ-ਹਤਿਆ ਦੀ ਸਮਸਿਆ ਪੈਦਾ ਹੋ ਗਈ। ਕੂਕਾ ਲਹਿਰ ਤੇ ਗੌ-ਗਰੀਬ ਦੀ ਰਖਿਆ ਲਈ ਹੀ ਵਜੂਦ ਵਿਚ ਆਈ ਸੀ, ਇਸ ਲਈ ਬਾਬਾ ਰਾਮ ਸਿੰਘ ਜੀ ਦੇ ਸਚੇ ਸੇਵਕਾਂ ਨੇ ਬੁਚੜਾਂ ਨੂੰ ਅੰਮ੍ਰਿਤਸਰ ਤੇ ਰਾਏਕੋਟ ਤੇ ਅਖੀਰ ਮਲੇਰ ਕੋਟਲੇ ਵਿਚ ਕਤਲ ਕਰ ਦਿਤਾ। ਸੰਨ 1872 ਈ: ਵਿਚ ਮਾਘੀ ਨੂੰ ਭੈਣੀ ਸਾਹਿਬ ਵਿਚ ਇਕ ਬਹੁਤ ਵਡਾ ਇਕਠ ਬੁਲਾਇਆ ਗਿਆ। ਇਸ ਅਵਸਰ ਦੇ ਛੇਤੀ ਹੀ ਪਿਛੋਂ ਮਲੇਰ ਕੋਟਲੇ ਦਾ ਸਾਕਾ ਵਰਤਿਆ। ਜਿਸ ਵਿਚ ਲਗ ਪਗ 66 ਦੇ ਕਰੀਬ ਕੂਕੇ ਤੋਪਾਂ ਅਗੇ ਉਡਾ ਦਿਤੇ ਗਏ। ਅੰਗਰੇਜ਼ੀ ਸਰਕਾਰ ਹੁਣ ਕੂਕਾ ਲਹਿਰ ਤੋਂ ਬੇਜ਼ਾਰ ਹੋ ਗਈ ਤੇ ਇਸ ਲਹਿਰ ਨੂੰ ਦਬਾਉਣ ਲਈ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਗਿਆ ਅਤੇ ਇਸ ਘਟਨਾ ਪਿਛੋਂ ਬਾਬਾ ਰਾਮ ਸਿੰਘ ਜੀ ਦੇ ਛੋਟੇ ਭਾਈ ਬੁਧ ਸਿੰਘ ਜੋ ਮਗਰੋਂ ਹਰੀ ਸਿੰਘ ਦੇ ਨਾਮ ਨਾਲ ਪ੍ਰਸਿਧ ਹੋਏ, ਕੂਕਾ ਲਹਿਰ ਦੇ ਆਗੂ ਥਾਪੇ ਗਏ। ਅੰਗਰੇਜ਼ਾਂ ਇਸ ਮਹਾਨ ਕਰੂਮਲ ਨੂੰ ਤਹਿਸ ਨਹਿਸ ਕਰਨ ਲਈ ਕੂਕਿਆਂ ਦੇ ਗੁਰਧਾਮਾਂ ਤੇ ਪਾਬੰਦੀਆਂ ਲਾ ਦਿਤੀਆਂ, ਤੇ ਸਖਤੀ, ਤਸ਼ਦਦ ਦਾ ਦੌਰ ਚਲਦਾ ਰਿਹਾ। ਇਹ ਠੀਕ ਹੈ ਕਿ ਨਾਮਧਾਰੀ ਲਹਿਰ ਭਾਵੇਂ ਧਾਰਮਿਕ ਭਾਵਨਾਵਾਂ ਵਿਚੋਂ ਉਪਜੀ ਸੀ ਪਰ ਅਗੇ ਚਲਕੇ ਇਸ ਨੇ ਬਹੁਤ ਹੀ ਮਹਤਵ ਪੂਰਣ ਕਾਰਨਾਮਿਆਂ ਦੀ ਸ਼ਿਲਾਧਾਰ ਰਖੀ। ਸ਼ੁਰੂ ਸ਼ੁਰੂ ਵਿਚ ਇਹ ਲਹਿਰ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਨਹੀਂ ਸੀ। ਪਰ ਆਪਣੀ ਹੋਂਦ ਨੂੰ ਕਾਇਮ ਰਖਣ ਤੇ ਗੁਰਮਤ ਦਾ ਪਰਚਾਰ, ਵਤਨ-ਪ੍ਰਸਤੀ ਦੇ ਜਜ਼ਬੇ ਨੂੰ ਉਭਾਰਨ ਲਈ ਆਪਣੇ ਗੁਰੂ ਦੀ ਅਗਵਾਈ ਹੇਠ 22 ਸੂਬੇ ਸਥਾਪਤ ਕੀਤੇ ਤੇ ਆਪਣਾ ਹੀ ਡਾਕ ਤੇ ਅਦਾਲਤੀ ਪ੍ਰਬੰਧ -ਢਾਚਾ ਕਾਇਮ ਕੀਤਾ। ਇਸ ਦੇ ਨਾਲ ਨਾਲ ਸੁਦੇਸ਼ੀ (ਭਾਰਤੀ) ਵਸਤਾਂ ਨੂੰ

Sri Satguru Jagjit Singh Ji Elibrary NamdhariElibrary@gmail.com

ਅਪਨਾਉਣ ਤੇ ਵਿਦੇਸ਼ੀ ਚੀਜ਼ਾਂ ਦਾ ਬਾਈਕਾਟ ਕੀਤਾ। ਅੰਗਰੇਜ਼ੀ ਵਿਦਿਆ ਤੇ ਆਲਮਦਾਰੀ ਨਾਲ ਪੂਰਨ ਨਾ-ਮਿਲਵਰਤਨ ਦਾ ਮਾਰਗ ਅਪਨਾਇਆ। ਜੋ ਪਿਛੋਂ ਕਾਂਗਰਸ ਵਲੋਂ ਚਲਾਏ ਗਏ ਮਹਾਤਮਾ ਗਾਂਧੀ ਦੇ ਸ਼ਾਤਮਈ ਅੰਦੋਲਨ (ਤਹਿਰੀਕੇ ਅਦਮ ਤਸ਼ਦਦ) ਦਾ ਇਕ ਵਡਾ ਭਾਗ ਤੇ ਅਨਿਖੜਵਾਂ ਅੰਗ ਬਣ ਗਿਆ। ਅੰਗਰੇਜ਼ੀ ਜਾਂ ਵਿਦੇਸ਼ੀ ਮਾਲ ਦਾ ਬਾਈਕਾਟ ਕੀਤਾ ਗਿਆ। ਅੰਗਰੇਜ਼ੀ ਰੰਗ ਢੰਗ ਦੀ ਵਿਦਿਅਕ ਪ੍ਰਣਾਲੀ ਦੇ ਟਾਕਰੇ ਵਿਚ ਬਾਬਾ ਰਾਮ ਸਿੰਘ ਦੇ ਹੁਕਨਾਮਿਆਂ ਅਨੁਸਾਰ ਗੁਰਮੁਖੀ ਅਖਰਾਂ ਤੇ ਪੰਜਾਬੀ ਬੋਲੀ ਨੂੰ ਗ੍ਰਹਿਣ ਕਰਨ ਉਤੇ ਬਹੁਤ ਬਲ ਦਿਤਾ ਗਿਆ। ਇਹ ਹਕੀਕਤ ਸਿਧ ਕਰਦੀ ਹੈ ਕਿ ਕੂਕਾ-ਲਹਿਰ ਦਾ ਮਨੋਰਥ ਵਕਤੀ ਸੰਘਰਸ਼ਾਂ ਤੋਂ ਕਿਤੇ ਉਚੇਰਾ, ਵਡੇਰਾ ਤੇ ਡੂੰਘੇਰਾ ਸੀ। ਇਸ ਲਹਿਰ ਨੇ ਅਨੇਕਾਂ ਦੇਸ਼ ਭਗਤ ਪੈਦਾ ਕੀਤੇ ਜਿਨਾਂ ਵਿਚੋਂ ਵਿਸ਼ੇਸ਼ ਤੌਰ ਤੇ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ (ਸਦਰ) ਬਾਬਾ ਸੋਹਣ ਸਿੰਘ ਭਕਨਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਵਿਸਤ੍ਰਿਤ ਚਰਚਾ ਤੋਂ ਸਾਡਾ ਇਹ ਮਤਲਬ ਹੈ ਕਿ ਪੰਜਾਬ ਦੇ ਰਾਜਸੀ ਸਮਾਚਾਰਾਂ ਨੂੰ ਘੜਨ ਤੇ ਬਦਲਣ ਵਿਚ ਕੂਕਾ ਲਹਿਰ ਨੇ ਸਾਰਥਕ ਯੋਗਦਾਨ ਦਿਤਾ ਹੈ ਅਤੇ ਅੰਗਰੇਜ਼ ਸਾਮਰਾਜ ਵਿਰੁਧ ਚਲਾਏ ਗਏ ਸੰਗਰਾਮਾਂ ਤੇ ਅੰਦੋਲਨਾਂ ਵਿਚੋਂ ਇਸ ਲਹਿਰ ਨੂੰ ਵੀ ਮੁਖੀ ਮੰਨਿਆ ਜਾ ਸਕਦਾ ਹੈ ਜਿਸ ਨੇ ਆਪਣੇ ਕਾਰਨਾਮਿਆਂ ਰਾਹੀ ਦੇਸ਼ ਭਗਤੀ, ਕੌਮੀ ਏਕਤਾ ਤੇ ਪਿਆਰ ਜਜ਼ਬੇ ਨੂੰ ਲੋਕ ਸਮੂਹ ਵਿਚ ਜਾਗ੍ਰਤ ਕੀਤਾ।

ਉਪਰ ਅਸੀਂ ਕੂਕਾ ਲਹਿਰ ਦੀਆਂ ਰਾਜਸੀ ਸੇਵਾਵਾਂ ਦਾ ਜ਼ਿਕਰ ਕੀਤਾ ਹੈ। ਇਸ ਲਈ ਜੇ ਅਸੀਂ ਇਸ ਲਹਿਰ ਦੇ ਸਦਾਚਾਰਕ (ਇਖਲਾਕੀ) ਪਹਿਲੂਆਂ ਬਾਰੇ ਸੰਖੇਪ ਜਿਹੀ ਚਰਚਾ ਨਹੀਂ ਕਰਾਂਗੇ, ਤਦ ਇਹ ਬੇਇਨਸਾਫੀ ਹੋਵੇਗੀ। ਸਤਿਗੁਰੂ ਨਾਨਕ ਦੇਵ ਨੇ ਸਭ ਤੋਂ ਉਚਾ ਸਚ ਨੂੰ ਮੰਨਿਆ ਹੈ ਤੇ ਆਚਾਰ ਨੂੰ ਸੱਚ ਤੋਂ ਵੀ ਵਡਾ ਕਿਹਾ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਸਤੋਗੁਣੀ ਆਹਾਰ ਨੂੰ ਪ੍ਰਥਾਮਿਕਤਾ ਦਿਤੀ ਹੈ। ਕੂਕਾ ਲਹਿਰ ਦੇ ਪੈਰੋਕਾਰਾਂ ਦੇ ਰੋਜ਼ਾਨਾ ਜੀਵਨ ਉਪਰ ਜੇ ਝਾਤ ਮਾਰੀਏ ਤਦ ਪਤਾ ਚਲਦਾ ਹੈ ਕਿ ਇਹ ਲੋਕ ਮਾਸ, ਸ਼ਰਾਬ, ਚੋਰੀ, ਯਾਰੀ, ਠੱਗੀ ਅਤੇ ਝੂਠ ਤੋਂ ਪਰਹੇਜ਼ ਕਰਦੇ ਹਨ। ਬਿਆਜ ਨਾ ਲੈਣਾ, ਜਿਣਸ ਦੇ ਕੇ ਸਵਾਈ ਡਿਉੜੀ ਨਹੀਂ ਲੈਣੀ, ਕਰਜ਼ਾ ਲੈ ਕੇ ਵਾਪਸ ਕਰਨਾ, ਕਿਸੇ ਨੂੰ ਧੋਖੇ ਤੇ ਫਰੇਬ ਦੇ ਜਾਲਾਂ ਵਿਚ ਨਹੀਂ ਫਸਾਉਣਾ ਇਹ ਇਨਾਂ ਦੀ ਜੀਵਨੀ ਦੇ ਨਿਯਮ ਹਨ।

ਮੁਕਦੀ ਗਲ ਇਹ ਕਿ ਇਹ ਲੋਕ ਸ਼ੁਭ ਕਰਮਾਂ ਤੇ ਨੇਕੀਆਂ ਦੇ ਭੰਡਾਰ ਹਨ, ਜੋ ਆਮ ਲੋਕਾਂ ਦਾ ਪਰੇਰਣਾ ਸਰੋਤ ਬਣ ਸਕਦੇ ਹਨ। ਸਾਦਗੀ - ਪਸੰਦ ਤੇ ਇਲਮ ਦੋਸਤ ਹਨ ਇਹ ਲੋਕ। ਅਸਾਂ ਜ਼ਾਤੀ ਤੌਰ ਤੇ ਇਨਾਂ ਲੋਕਾਂ ਦਾ ਨੇੜ ਪ੍ਰਾਪਤ ਕਰਕੇ ਦੇਖਿਆ ਹੈ ਕਿ ਕੂਕਾ ਲਹਿਰ ਦੇ ਪੈਰੋਕਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਚੇ ਸੁਚੇ ਉਪਾਸ਼ਕ ਹਨ। ਇਕ ਐਸਾ ਸਮਾਂ ਆਇਆ ਕਿ ਆਮ ਸਿਖ ਅੰਗਰੇਜ਼ੀ ਹਕੂਮਤ ਦੇ ਅਸਰ ਅਧੀਨ ਗੁਰਮਤ ਵਿਚਾਰਧਾਰਾ ਜਾਂ ਸਿਖੀ ਤੋਂ ਕੁਝ ਦੂਰੇਡੇ ਹੋ ਗਏ ਤਦ ਵੀ ਕੂਕੇ ਆਪਣੇ ਉਚੇ ਗੁਰਮਤ ਸਿਧਾਤਾਂ ਤੇ ਪੂਰਨ ਤੌਰ ਤੇ ਦ੍ਰਿੜ ਰਹੇ, ਅਟੱਲ ਰਹੇ, ਅਚੱਲ ਰਹੇ। ਮਹਾਰਾਜਾ ਰਣਜੀਤ ਸਿੰਘ ਦੇ ਗੁਰਧਾਮ ਜਾਣ ਮਗਰੋਂ ਪੰਜਾਬ ਉਪਰ ਨਿਰਾਸ਼ਤਾ ਤੇ ਉਦਾਸੀਨਤਾ ਦੀਆਂ ਕਾਲੀਆਂ ਬੋਲੀਆਂ ਘਟਾਵਾਂ ਛਾ ਗਈਆਂ ਸਨ, ਪਰ ਕੋਈ ਵੀਹ ਕੁ ਸਾਲ ਮਗਰੋਂ ਕੂਕਾ ਲਹਿਰ ਦੇ ਰੂਪ ਵਿਚ ਆਸ਼ਾ ਦੀ ਕਿਰਣ ਚਮਕੀ। ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਦੇਖ ਬਾਬਾ ਰਾਮ ਸਿੰਘ ਨੇ ਸਵਤੰਤਰਤਾ ਸੰਗਰਾਮ ਦਾ ਮਾਰਗ ਦਰਸ਼ਨ ਕੀਤਾ। ਆਪ ਨੇ ਵੀ ਇਕ ਬੁਲੰਦ ਪਾਇਆ ਨੇਤਾ (ਆਗੂ) ਵਾਂਗ ਆਪਣੇ ਸਮੇਂ ਵਿਚ ਉਸ ਵੇਲੇ ਦੀਆਂ ਲੋੜਾਂ ਦੀ ਪੂਰਤੀ ਲਈ ਪਰ ਅਧੀਨ ਹੋ ਚੁਕੇ ਦੇਸ਼ ਵਾਸੀਆਂ ਨੂੰ 1857 ਈ: ਦੀ ਪਹਿਲੀ ਆਜ਼ਾਦੀ ਦੀ ਲੜਾਈ ਮਗਰੋਂ ਦੂਸਰੀ ਜੰਗੇ

Sri Satguru Jagjit Singh Ji Elibrary NamdhariElibrary@gmail.com

ਆਜ਼ਾਦੀ ਲਈ ਪਰੇਰਨਾ ਦਿਤੀ।

ਸ੍ਰੀ ਗੁਰੂ ਹਰਿਗੰਬਿਦ ਦੇ ਸਮੇਂ ਇਕ ਫਾਰਸੀ ਦਾ ਇਤਿਹਾਸਕਾਰ ਮੁਹਸਨ ਫਾਨੀ ਸੀ ਜਿਸ ਨੇ ਦਬਸਤਾਨੇ ਮਜ਼ਾਹਬ ਨਾਮੀ ਫ਼ਾਰਸੀ ਵਿਚ ਕਿਤਾਬ ਲਿਖੀ। ਇਸ ਸਖਸ਼ ਨੂੰ ਗੁਰੂ ਘਰ ਨਾਲ ਬਹੁਤ ਪਿਆਰ ਸੀ ਤੇ ਨੇੜ ਵੀ। ਇਸ ਨੇ ਲਿਖਿਆ ਹੈ ਕਿ ਸਤਿਗੁਰੂ ਨਾਨਕ ਤੋਂ ਲੈ ਕੇ ਹਰਿ ਗੋਬਿੰਦ ਸਾਹਿਬ ਤਕ ਗੁਰੂ ਕੋਈ ਨਸ਼ਾ ਨਹੀਂ ਕਰਦੇ ਸਨ ਤੇ ਨਾ ਹੀ ਉਨਾਂ ਦੇ ਲੰਗਰ ਵਿਚ ਮਾਸ ਪਕਾਇਆ ਜਾਂਦਾ ਸੀ। ਗੁਰੂ ਸਾਹਿਬਾਨ ਦਾ ਇਸ਼ਟ ਦੇਵ ਇਕ ਪਰਮਾਤਮਾ (ੴ) ਹੀ ਸੀ। ਪਰ ਆਪ ਹਿੰਦੂਆਂ ਦੇ ਅਵਤਾਰਾਂ ਦੇਵੀ ਦੇਵਤਿਆਂ ਮੁਸਲਮਾਨਾਂ ਦੇ ਪੀਰ ਪੈਗੰਬਰਾਂ ਦਾ ਨਾਮ ਬੜੇ ਪਿਆਰ ਤੇ ਸਤਿਕਾਰ ਨਾਲ ਲੈਂਦੇ ਸਨ। ਕੂਕਾ ਲਹਿਰ ਦੇ ਪੈਰੋਕਾਰ ਗੁਰੂ ਸਾਹਿਬਾਨ ਦੇ ਇਨਾਂ ਸਿਧਾਂਤਾਂ ਨਾਲ ਪੂਰਾ ਪੂਰਾ ਇਤਫਾਕ ਰਖਦੇ ਹਨ ਤੇ ਇਨਾਂ ਸਿਧਾਤਾਂ ਦੇ ਅਮਲ ਵੀ ਹਨ।

ਇਸ ਵੇਲੇ ਮਾਨਵਤਾ ਖਤਰੇ ਵਿਚ ਪੈ ਗਈ ਹੈ। ਸੰਸਾਰ ਭਰ ਵਿਚ ਆਤੰਕਵਾਦੀਆਂ ਨੇ ਊਧਮ ਮਚਾਇਆ ਹੋਇਆ ਹੈ। ਖਾਸ ਕਰ ਪੰਜਾਬ ਵਿਚ ਤੇ ਇਖਲਾਕੀ ਤੇ ਧਾਰਮਿਕ ਸੀਮਾਵਾਂ ਟੁਟ ਚੁਕੀਆਂ ਹਨ। ਗੁਰੂ ਨਾਨਕ ਵਿਚਾਰਧਾਰਾ ਵਲੋਂ ਮੂੰਹ ਮੋੜ ਕੇ ਉਗਰਵਾਦੀ ਬੇਗੁਨਾਹਾਂ ਦੇ ਕਤਲ ਕਰ ਰਹੇ ਹਨ ਤੇ ਮਾਨਵਤਾ ਨੂੰ ਆਪਣੇ ਕਾਲੇ ਕਾਰਨਾਮਿਆਂ ਨਾਲ ਦਾਗੀ ਕਰ ਰਹੇ ਹਨ। ਸੋ ਸਾਡੀ ਕੂਕਾ ਲਹਿਰ ਅਗੇ ਬੇਨਤੀ ਹੈ ਕਿ ਆਪਣੇ ਸ਼ੁਧ ਆਚਰਣ ਅਤੇ ਅਮਲੀ ਜੀਵਨ ਦੇ ਸਹਾਰੇ ਗੁਰਮਤ ਵਿਚਾਰਧਾਰਾ ਦਾ ਸਹੀ ਢੰਗ ਨਾਲ ਪਰਚਾਰ ਤੇ ਪਾਸਾਰ ਕਰਨ ਤਾ ਕਿ ਮੁੜ ਲੋਕ ਇਨਸਾਨੀ ਜੀਵਨ ਨੂੰ ਅਪਣਾ ਸਕਣ।

----------o----------

Sri Satguru Jagjit Singh Ji Elibrary NamdhariElibrary@gmail.com

ਸ਼੍ਰੀਮਾਨ ਬਾਬਾ ਰਾਮ ਸਿੰਘ ਜੀ ਦਾ ਮਿਸ਼ਨ ਤੇ ਸਾਡਾ ਹੁਣ ਫਰਜ਼

ਸ੍ਰ ਗੰਡਾ ਸਿੰਘ ਜੀ

ਖਾਲਸਾ ਰਾਜ ਦੇ ਖੁਸ ਜਾਣ ਦੇ ਪਿਛੋਂ ਜੋ ਹਾਲ ਸਿੱਖਾਂ ਤੇ ਸਿੱਖੀ ਦੀ ਹੋਈ ਸੀ, ਉਸਨੂੰ ਹਰ ਕੋਈ ਇਤਿਹਾਸ ਦਾ ਜਾਣੂ ਪੂਰੀ ਤਰਹ ਜਾਣਦਾ ਹੈ। ਭਾਵੇਂ ਉਸ ਤੋਂ ਕੁਛ ਚਿਰ ਪਹਿਲਾਂ ਭੀ ਸਿੱਖੀ ਮਿਲਗੋਭਾ ਜੇਹੀ ਬਣੀ ਜਾ ਰਹੀ ਸੀ ਪਰ ਪਿਛਲੇ ਦਸ ਪੰਦਰਾਂ ਸਾਲ ਵਿਚ ਤਾਂ ਹਾਲਤ ਬਿਲਕੁਲ ਹੀ ਨਿਘਰ ਗਈ ਸੀ। ਇਸਦੇ ਕਈ ਕਾਰਣ ਸਨ। ਪਰ ਜ਼ਿਆਦਾ ਪਰਤੱਖ ਇਹ ਸਨ ਕਿ ਖਾਲਸਾ ਰਾਜ ਦੇ ਪਲਟਾ ਖਾ ਚੁਕਣ ਕਰਕੇ ਸਿੱਖੀ ਵਲੋਂ ਆਮ ਲੋਕਾਂ ਦੀ ਰੁਚੀ ਘਟਦੀ ਜਾ ਰਹੀ ਸੀ ਤੇ ਆਪਣੇ ਨਵੇਂ ਹਾਕਮਾਂ ਦੇ ਸੁਭਾਅ ਦੇ ਵਾਕਿਫ ਨਾ ਹੋਏ ਹੋਣ ਕਰਕੇ ਸਹਿਜਧਾਰੀ ਲੋਕ ਆਪਣੇ ਬਚਿਆਂ ਨੂੰ ਕੇਸਧਾਰੀ ਬਨੌਣੋਂ ਡਰਦੇ ਸਨ। ਇਸਦੇ ਨਾਲ ਹੀ ਚੂੰਕਿ ਅੰਗਰੇਜ਼ਾਂ ਨੂੰ ਸਿੱਖੀ ਦੀ ਤਾਕਤ ਦੀ ਉੱਕੀ ਹੀ ਤਬਾਹੀ ਹੋ ਚੁਕਣ ਦਾ ਪੂਰਾ ਪੂਰਾ ਯਕੀਨ ਨਹੀਂ ਹੋਇਆ ਸੀ ਇਸ ਲਈ ਉਨ੍ਹਾਂ ਦੀ ਸ਼ੱਕ ਦੀ ਨਜ਼ਰ ਭੀ ਇਸ ਰਾਹ ਵਿਚ ਰੁਕਾਵਟ ਪੌਂਦੀ ਸੀ। ਇਸ ਹਾਲਤ ਵਿਚ ਲੋੜ ਸੀ ਇਕ ਐਸੇ ਮਹਾਨ ਆਤਮਾ ਆਗੂ ਦੀ ਜੋ ਲੋਕਾਂ ਨੂੰ ਮੁੜ ਸਿੱਖੀ ਵਲ ਪਰੇਰਨਾ ਕਰਦਾ। ਸਤਿਗੁਰਾਂ ਲਈ ਇਜ਼ਤ ਤੇ ਉਹਨਾਂ ਦੇ ਪੂਰਨਿਆਂ ਦੇ "ਗਾਡੀਰਾਹ" ਪਰ ਚਲਣ ਲਈ ਉਤਸ਼ਾਹ ਪੈਦਾ ਕਰਦਾ ਤੇ ਕੌਮ ਨੂੰ ਢੈਂਦੀ ਹਾਲਤ ਵਿਚੋਂ ਉਠਾਕੇ ਚੜ੍ਹਦੀਆਂ ਗੱਲਾਂ ਵਲ ਲੈ ਜਾਂਦਾ। ਏਹ ਕੰਮ ਅੱਜ ਕਲ ਦੇ ਫੋਕੇ ਦਿਖਾਵੇ ਦੇ ਲੀਡਰਾਂ ਵਰਗੇ ਨਹੀਂ ਕਰ ਸਕਿਆ ਕਰਦੇ ਬਲਕਿ ਆਪਾ ਵਾਰੂ ਗੁਰੂ ਚਰਨਾਂ ਦੇ ਭੌਰੇ ਸਤਿਨਾਮ ਵਿਚ ਲਿਵਲੀਨ ਮਹਾਤਮਾ ਹੀ ਕੁਝ ਸਵਾਰ ਸਕਦੇ ਹਨ।

ਬੱਸ, ਸਤਿਗੁਰੂ ਨਾਨਕ - ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਰਾਮ ਸਿੰਘ ਜੀ ਇੱਕ ਸਚੇ ਮਲਾਹ ਬਣਕੇ ਪੰਥ ਦੀ ਠਾਠਾਂ ਮਾਰਦੇ ਸਮੁੰਦਰ ਵਿਚ ਲੈਹਰਾਂ ਦੇ ਕਰਾਰੇ ਥਪੜਾਂ ਨਾਲ ਠੋਲ ਕੇ ਘੁੰਮਣ ਘੇਰ ਵਿਚ ਸੁੱਟੀ ਡਕੋਂ ਡੋਲੇ ਖਾ ਰਹੀ ਬੇੜੀ ਨੂੰ ਚਪੂ ਲਾ ਕੇ ਇਕ ਬੰਨੇ ਲੌਣ ਲਈ ਮੈਦਾਨ ਵਿਚ ਨਿਤਰੇ ਤੇ ਇਕ ਬੜਾ ਸ਼ਲਾਘਾਯੋਗ ਕੰਮ ਕਰ ਵਿਖਾਇਆ। ਜਿਸ ਦਾ ਅੰਦਾਜ਼ਾ ਅਜ ਕਲ ਦੇ ਬਹਿਣ ਵਿਚ ਰੁੜ੍ਹ ਰਹੇ ਲੋਕੀ ਕੀ ਲਾ ਸਕਦੇ ਹਨ? ਉਨਾਂ ਨੇ ਪੰਥ ਦੀ ਬਿਖਰੀ ਹੋਈ ਜਥੇਬੰਦੀ ਨੂੰ ਮੁੜ ਇਕ ਮੁੱਠ ਕੀਤਾ ਤੇ ਸਿੱਖੀ ਦੇ ਪਰਚਾਰ ਨੂੰ ਬੜੇ ਉਚੇ ਤੇ ਵਧੀਆ ਪੈਮਾਨੇ ਤੇ ਅਰੰਭ ਕੀਤਾ। ਉਨਾਂ ਦੀਆਂ ਅਣਥਕ ਕੋਸ਼ਿਸ਼ਾਂ ਨਾਲ, ਨਾਮ ਰੰਗਣ ਵਿਚ ਰੱਤੇ ਉਨਾਂ ਪਰੇਮੀ ਸੇਵਾਦਾਰਾਂ ਦਾ ਇਕ ਬੜਾ ਖਾਸ ਜਥਾ ਕਾਇਮ ਹੋ ਗਿਆ ਜੋ ਸਤਿਗੁਰਾਂ ਦੇ ਸਚੇ ਭਗਤ ਹੋਣ ਦੇ ਅਧਿਕਾਰੀ ਕਹੇ ਜਾ ਸਕਦੇ ਹਨ। ਉਨਾਂ ਨੇ ਸਤਿਨਾਮ ਨੂੰ ਆਪਣੇ ਜੀਵਨ ਵਿਚ ਅਸਲੀ ਅਰਥਾਂ ਵਿਚ ਧਾਰਨ ਕਰ ਵਿਖਾਇਆ ਤੇ ਸਿੱਖੀ ਵਿਚ ਇੱਕ ਨਵੀ ਜਾਨ ਪਾ ਦਿੱਤੀ। ਏਹ ਉਹਨਾਂ ਦੀਆਂ ਘਾਲਾਂ ਦਾ ਹੀ ਨਤੀਜਾ ਸੀ ਕਿ ਸਿੱਖਾਂ ਵਿੱਚ ਇੱਕ ਜਾਗਰਤ ਪੈਦਾ ਹੋ ਗਈ ਤੇ ਉਨਾਂ ਨੂੰ ਆਪਣੀ ਹਸਤੀ ਨੂੰ ਕਾਇਮ ਰਖਣ ਲਈ ਉਪਰਾਲੇ ਕਰਨ ਦੀ ਲਗਨ ਲੱਗੀ।

Sri Satguru Jagjit Singh Ji Elibrary NamdhariElibrary@gmail.com

ਪਰ ਬਦ-ਕਿਸਮਤੀ ਨੂੰ ਥੋੜ੍ਹਾ ਚਿਰ ਹੀ ਉਨਾਂ ਨੇ ਆਪਣਾ ਕੰਮ ਕੀਤਾ ਸੀ ਕਿ ਕੁਝ ਸਜਣਾਂ ਦਾ ਥੋੜਾ ਜੇਹਾ ਕੁਰਾਹੇ ਪੈ ਜਾਣ ਕਰਕੇ ਹਕੂਮਤ ਨੂੰ ਉਨ੍ਹਾਂ ਨੂੰ ਤੰਗ ਕਰਨ ਤੇ ਉਨਾਂ ਦੀ ਲਹਿਰ ਨੂੰ ਤਬਾਹ ਕਰਨ ਦੇ ਯਤਨ ਕਰਨ ਦਾ ਬਹਾਨਾ ਮਿਲ ਗਿਆ. ਜਿਸ ਲਈ ਉਨ੍ਹਾਂ ਨੇ ਆਪਣਾ ਪੂਰਾ ਜ਼ੋਰ ਲਾਇਆ। ਕੁਝ ਤਾਂ ਸਿੱਖਾਂ ਪਰ ਉੱਜ ਹੀ ਗੁਲਾਮੀ ਆਪਣਾ ਅਸਰ ਪਾ ਚੁਕੀ ਸੀ ਤੇ ਕੁਝ ਹਕੂਮਤ ਨੇ ਆਪਣਾ ਮਤਲਬ ਕਢਣ ਲਈ ਸਿੱਖਾਂ ਨੂੰ ਨਾਮਧਾਰੀਆਂ ਨੂੰ ਪਾੜਨ ਵਾਸਤੇ ਹੋਰ ਦੀਆਂ ਹੋਰ ਸੁਣਾ ਕੇ ਆਪਣੇ ਅੰਡੇ ਲਾ ਲਿਆ। ਸਿੱਖ ਅਗੇ ਓਹੋ ਜੇਹੇ, ਜਿੱਦਾਂ ਕਿਸੇ ਚਾਰ ਮਿਠੀਆਂ ਗੱਲਾਂ ਸੁਣਾ ਕੇ ਭਰਮਾਇਆ ਉਸੇ ਤਰਾਂ ਭੂਹੇ ਹੋ ਚੜੇ ਤੇ ਆਪਣੇ ਹੀ ਭਰਾਵਾਂ ਦੇ ਲਹੂ ਪੀਣ ਦੇ ਤਿਹਾਏ ਹੋ ਗਏ।

ਹਕੂਮਤ ਦੇ ਇਸ਼ਾਰੇ ਤੇ ਲੱਗ ਕੇ ਸਿੱਖਾਂ ਨੇ ਨਾਮਧਾਰੀਆਂ ਨੂੰ ਛੇਕ ਦਿਤਾ ਤੇ ਵਧਦੇ ਵਧਦੇ ਅਜ ਏਹ ਹਾਲਾਤ ਹੈ ਕਿ ਇਕ ਦੂਏ ਨੂੰ ਔਂਉ ਦੇਖਦੇ ਹਨ ਜਿਉਂ ਕਾਣੀ ਮੈਂਹ ਕਸਾਈ ਵਲ ਤਕਦੀ ਹੈ। ਓਹ! ਕਿਤਨੇ ਦੁਖ ਅਤੇ ਅਫਸੋਸ ਦੀ ਗਲ ਹੈ ਕਿ ਇੱਕ ਹੀ ਇਸ਼ਟ ਦੇ ਉਪਾਸ਼ਕਾਂ ਤੇ ਇੱਕ ਹੀ ਗੁਰੂ ਨੂੰ ਮੰਨਣ ਵਾਲਿਆਂ ਵਿਚ ਕਿਤਨੀ ਨਫਰਤ ਹੈ। ਕੀ ਇਹ ਸ਼ਰਮ ਦੀ ਗਲ ਨਹੀਂ? ਅਸੀਂ ਟਾਹਰਾਂ ਤਾਂ ਮਾਰਦੇ ਹਾਂ ਸਾਰੇ ਜਗਤ ਸਾਂਝਾ ਸਿੱਖ ਭਾਈਚਾਰਾ ਕਾਇਮ ਕਰਨ ਦੀਆਂ ਤੇ ਕਰਤੂਤਾਂ ਸਾਡੀਆਂ ਏਹ ਹਨ ਕਿ ਅਕਾਲੀਆਂ ਤੇ ਨਾਮਧਾਰੀਆਂ — ਨਿਰੰਕਾਰੀਆਂ ਤੇ ਸਨਾਤਨੀ — ਸਹਿਜਧਾਰੀ ਤੇ ਨਾਨਕ ਪੰਥੀ ਨਿਰਮਲੇ ਤੇ ਉਦਾਸੀ ਅਰ ਅੰਡਣ ਸ਼ਾਹੀ ਤੇ ਸੁਥਰੇ ਸ਼ਾਹੀਏ ਸਾਰੇ ਹੀ ਇਕ ਦੂਸਰੇ ਨਾਲੋਂ ਵਿਟਰੇ ਬੈਠੇ ਆਪਣੀ ਆਪਣੀ ਵਲ ਤਣਾਵਾਂ ਖਿਚਦੇ ਹਨ।

ਛੋਟੇ ਮੋਟੇ ਫਿਰਕੇ ਹਰ ਸੋਸਾਇਟੀ ਤੇ ਕੌਮ ਵਿਚ ਹੋਇਆ ਕਰਦੇ ਹਨ ਜਿਨਾਂ ਦਾ ਕਾਰਣ ਉਨਾਂ ਦੀ ਇਕ ਅੱਧੀ ਗੱਲ ਪਰ ਮਤ ਭੇਦ ਹੋਣਾ ਹੁੰਦਾ ਹੈ ਪਰ ਇਸਦਾ ਏਹ ਮਤਲਬ ਕਦੀ ਨਹੀਂ ਹੋਇਆ ਕਿ ਉਹ ਉਸ ਕੌਮ ਦਾ ਅੰਗ ਹੀ ਨਾ ਸਮਝੇ ਜਾਣ! ਭਾਵੇਂ ਕਈ ਇੱਕ ਚਲਾਕ ਲੋਕ ਆਪਣਾ ਮਤਲਬ ਕਢਣ ਲਈ ਪਾੜਨ ਦੀਆਂ ਚਾਲਾਂ ਚਲਿਆ ਕਰਦੇ ਹਨ ਪਰ ਘੱਟ ਕਸੂਰ ਉਨਾਂ ਦਾ ਭੀ ਨਹੀਂ ਜਿਹੜੇ ਲੋਕਾਂ ਦੇ ਢਹੇ ਚੜ ਜਾਂਦੇ ਹਨ। ਅਕਲ ਮੰਦਾਂ ਦਾ ਕੰਮ ਏਹੋ ਹੁੰਦਾ ਹੈ ਕਿ ਟੁਟੀਆਂ ਗੰਢਣ ਨਾਂ ਕਿ ਜੁੜੀਆਂ ਨੂੰ ਨਖੇੜਨ। ਮਤ-ਭੇਦ ਹਰ ਜਗ੍ਹਾ ਹੁੰਦੇ ਹਨ ਜਿਨਾਂ ਪਰ ਵਿਚਾਰ ਕਰਕੇ ਸਿੱਧਾ ਰਸਤਾ ਢੂੰਢਿਆ ਜਾ ਸਕਦਾ ਹੈ। ਆਪਣੇ ਅੰਦਰ ਧੀਰਜ ਨਾਲ ਵਿਚਾਰ ਕਰਨ, ਦੂਸਰੇ ਦੀ ਰਾਇ ਨੂੰ ਜਰਨ ਤੇ ਉਸਨੂੰ ਰਖਣ ਦੀ ਆਗਿਆ ਦੇਣ ਨਾਲ ਪਰੇਮ ਵਧਦਾ ਹੈ ਤੇ ਵਧਣ ਦਾ ਸਾਧਨ ਬਨਾਇਆ ਜਾ ਸਕਦਾ ਹੈ ਪਰ ਜਦ ਕੋਈ ਦੂਸਰੇ ਦੀ ਰਾਇ ਨੂੰ ਕੇਵਲ ਇਸ ਲਈ ਨਿੰਦਦੇ ਹਨ ਕਿ ਉਹ ਉਨਾਂ ਦੀ ਆਪਣੀ ਰਾਇ ਨਾਲ ਨਹੀਂ ਮਿਲਦੀ ਯਾਂ ਉਸਦੇ ਵਿਰੁਧ ਹੈ ਤੇ ਇਸਦੇ ਨਾਲ ਹੀ ਉਸ ਰਾਏ ਦੇ ਰਖਣ ਵਾਲਿਆਂ ਨੂੰ ਭੀ ਭੰਡਿਆ ਜਾਣ ਲਗ ਪੈਂਦਾ ਹੈ ਤਾਂ ਫੇਰ ਕਲਜੋਗਨ ਫੁਟ ਪ੍ਰੇਮ ਨੂੰ ਧਕੇ ਮਾਰ ਮਾਰ ਕੇ ਬਾਹਰ ਕਰਦੀ ਤੇ ਆਪਣਾ ਅਡਾ ਜਮੌਂਦੀ ਹੈ। ਏਹ ਹੀ ਗਲਾਂ ਹਨ ਜਿਨ੍ਹਾਂ ਸਾਡਾ ਝੁੱਗਾ ਚੌੜ ਕੀਤਾ ਹੈ ਪਰ ਅਸੀਂ ਹੀ ਹਾਂ ਕਿ ਪੰਥ ਦੀ ਦਿਨੋ ਦਿਨ ਨਿਘਰ ਦੀ ਜਾ ਰਹੀ ਦਸ਼ਾ ਨੂੰ ਸਾਹਮਣੇ ਦੇਖਦੇ ਹੋਇਆਂ ਭੀ ਸਾਡੇ ਕੰਨਾਂ ਤੇ ਜੂੰ ਤਕ ਨਹੀਂ ਸਰਕਦੀ।

ਹੁਣ ਇਸ ਬਿਮਾਰੀ ਦਾ ਕੇਵਲ ਇਕ ਇਲਾਜ ਹੈ ਕਿ ਮੁੜ ਬਾਬਾ ਰਾਮ ਸਿੰਘ ਜੀ ਵਾਲੀ ਸਪਿਰਟ ਸਾਡੇ ਵਿਚ ਪੈਦਾ ਹੋਵੇ ਤੇ ਅਸੀਂ ਪੰਥ ਨੂੰ ਨਿਰੋਲ ਸਿੱਖੀ ਦੀ ਪਾਹ ਨਾਲ ਸੁਰਜੀਤ ਕਰੀਏ।

ਲੋਕੀਂ ਆਖਦੇ ਹਨ ਕਿ ਧਰਮ ਆਜ਼ਾਦੀ ਦੇ ਰਾਹ ਵਿਚ ਰੁਕਾਵਟ ਹੈ ਤੇ ਮਨੁਖ ਨੂੰ ਆਪਣੀਆਂ ਉਲਝਣਾਂ ਵਿਚ ਫਸਾ ਕੇ ਸਾਂਝੀ ਤਰੱਕੀ ਨੂੰ ਵਧਣ ਨਹੀਂ ਦਿੰਦਾ। ਸਾਡੀ ਜਾਚੇ ਏਹ ਮਤ ਕੇਵਲ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਲੋਕਾਂ ਦਾ ਹੈ ਜਿਨ੍ਹਾਂ ਨੂੰ ਧਰਮ ਦਾ ਰਾਹ ਹੀ ਨਹੀਂ ਲਭਾ। ਉਹ ਪਰੇ ਹੀ ਪਰੇ ਭੰਬਲ ਭੂਸੇ ਖਾਂਦੇ ਰਹੇ ਹਨ।

ਧਰਮ ਵਾਸਤਵ ਵਿਚ ਮਨੁਖੀ ਜੀਵਨ ਵਿਚ ਮਨੁੱਖ ਪੁਣਾ ਹੈ — ਏਹ ਆਦਮੀ ਨੂੰ ਪਰਮਾਤਮਾ ਨਾਲ ਆਪਣਾ ਸੰਬੰਧ, ਦੂਸਰੇ ਮਨੁਖਾਂ ਨਾਲ ਆਪਣਾ ਭਾਈਆਂ ਵਾਲਾ ਜੋੜ ਤੇ ਉਨ੍ਹਾਂ ਨਾਲ ਵਰਤਾਓ ਦਾ ਢੰਗ ਦਸਦਾ ਹੈ ਤੇ ਸੰਸਾਰ ਵਿਚ ਅਸਲੀ ਅਰਥਾਂ ਵਿਚ ਸੁਖੀ ਜੀਵਨ ਬਿਤਾਨ ਲਈ ਗਾਡੀ ਰਾਹੇ ਪੌਂਦਾ ਹੈ। ਜੇ ਲੋਕੀ ਉਸ ਧਰਮ ਦੇ ਦਸੇ ਹੋਏ ਰਾਹ ਤੇ ਨਾ ਚਲਣ ਯਾ ਆਪਣੀ ਸ੍ਵਾਰਥ ਸਿਧੀਆਂ ਲਈ ਇਸਨੂੰ ਵਪਾਰ ਬਣਾ ਲੈਣ ਤਾਂ ਇਸ ਵਿਚ ਵਿਚਾਰੇ ਧਰਮ ਦਾ ਕੀ ਕਸੂਰ ਹੈ? ਕਸੂਰ ਓਨ੍ਹਾਂ ਦਾ,ਜੋ ਉਸ ਸਿਧੇ ਰਾਹ ਨੂੰ ਛਡ ਕੇ ਕੁਰਾਹੇ ਹੋ ਲਗਣ। ਧਰਮ ਹੀ ਮਨੁਖ ਬਨੌਂਦਾ ਹੈ ਨਹੀਂ ਤਾਂ ਇਸ ਤੋਂ ਬਿਨਾਂ ਪਸ਼ੂ ਤੇ ਮਨੁਖ ਵਿਚ ਫਰਕ ਹੀ ਕੀ। ਜਿਸ ਤਰਹ ਕਿ ਇਕ ਸੰਸਕ੍ਰਿਤ ਕਵੀ ਨੇ ਕਿਹਾ ਹੈ :—

ਆਹਾਰ ਨਿਦਰਾ ਭੈ ਮੈਥੁਨੰਚ, ਸਾਮਾਨਯ ਮੇਤਤ ਪਸ਼ੂ ਭਿਰ ਨਰਾਣਾਂ।।
ਧਰਮੋ ਹੀ ਤੇਸ਼ਾ ਅਧਿਕੋ ਵਿਸੇਸ਼ੋ, ਧਰਮੇਨ ਹੀਣਃ ਪਸ਼ੂ ਭਿ ਸਮਾਨਾਃ

ਦੂਰ ਜਾਣ ਦੀ ਕੋਈ ਲੋੜ ਨਹੀਂ , ਸਿੱਖਾਂ ਵਲ ਹੀ ਦੇਖ ਲਓ। ਇਨ੍ਹਾਂ ਨੂੰ ਜੋਕਰ ਜੀਉਂਦੀ ਜਾਗਦੀ ਕੌਮ ਬਣਾਇਆ ਤਾਂ ਧਰਮ ਨੇ,ਹਕੂਮਤ ਦੇ ਕਹਿਰ ਤੇ ਤੱਦੀਆਂ ਵਿਚ ਚੜਦੀਆਂ ਕਲਾਂ ਵਿਚ ਰਖਿਆ ਤਾ ਸਿਖੀ ਸਪਿਰਟ ਨੇ ਤੇ ਹੁਣ ਜਦ ਬੇੜੀ ਭੰਵਰੇ ਪਈ ਥਿੜਕ ਰਹੀ ਹੈ, ਤਾਂ ਸਿਖੀ ਤੋਂ ਦੂਰ ਹੋਈ ਜਾਣ ਦੇ ਕਾਰਣ।

ਤਾਂ ਫਿਰ ਸਿੱਟਾ ਏਹ ਨਿਕਲਿਆ ਕਿ ਸਿਖ ਕੇਵਲ ਸਿਖੀ ਨਾਲ ਜੀਉਂਦੇ ਰਹਿ ਸਕਦੇ ਹਨ ਤੇ ਸਿੱਖੀ ਧਾਰਣ ਕਰਨ ਨਾਲ,ਗੱਲੀਂ ਨਹੀਂ ਅਮਲੀਂ। ਹਰ ਇਕ ਸਿੰਘ ਫਿਰਕੇ ਦੇ ਪੈਰੋਕਾਰ ਨੂੰ ਜੋ ਦਸਾਂ ਗੁਰੂ ਨੂੰ ਆਪਣਾ ਰਹਿਬਰ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਧਰਮ ਪੁਸਤਕ ਤੇ ਸਿਖੀ ਤੋਂ ਬਿਨਾਂ ਹੋਰ ਆਪਣਾ ਕੋਈ ਧਰਮ ਨਹੀਂ ਮੰਨਦਾ। ਆਪਣਾ ਸਕਾ ਭਾਈ ਸਮਝਦੇ ਹੋਏ ਪ੍ਰੇਮ ਕਰਨ ਤੇ ਆਪਣੇ ਸਿਖੀ ਜੀਵਨ ਤੇ ਗੁਰਭਾਈਆਂ ਵਾਲੇ ਪ੍ਰੇਮ ਕਰਨ ਤੇ ਵਰਤਾਉ ਨਾਲ ਆਪਣੀ ਵਲ ਲਿਆਵਨ ਤਦ ਹੀ ਓਨਾਂ ਸਿਖ ਮਹਾਂਪੁਰਸ਼ਾਂ ਦੀ ਜਿਨ੍ਹਾਂ ਵਿਚ ਬਾਬਾ ਰਾਮ ਸਿੰਘ ਜੀ ਇਕ ਉਘੇ ਮਹਾਤਮਾਂ ਸਨ, ਘਾਲ ਥਾਂਇ ਪੈ ਸਕਦੀ ਤੇ ਸਾਡਾ ਕੁਝ ਬਚਾਉ ਹੋ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਇਤਿਹਾਸਕ ਪੱਖ ਤੋਂ

ਬਾਬਾ ਰਾਮ ਸਿੰਘ ਤੇ ਨਾਮਧਾਰੀ ਲਹਿਰ ਦਾ ਮੁਢ

ਸ਼ਮਸ਼ੇਰ ਸਿੰਘ ਅਸ਼ੋਕ

ਪੁਰਸ਼ ਤਾਂ ਏਸ ਦੁਨੀਆਂ ਵਿਚ ਹਮੇਸ਼ਾਂ ਆਉਂਦੇ ਹੀ ਰਹਿੰਦੇ ਹਨ, ਪਰ ਸਦੀ ਪੁਰਸ਼ (Century men) ਉਹੋ ਹੁੰਦੇ ਹਨ, ਜੋ ਕਿਸੇ ਕੌਮ, ਜਨ-ਸਮਾਜ ਜਾਂ ਦੇਸ਼ ਦਾ ਮੁਹਾਂਦਰਾ ਬਦਲ ਦੇਣ। ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ ਸੱਚ ਮੁੱਚ ਇਕ ਅਜਿਹੇ ਹੀ ਸਦੀ ਪੁਰਸ਼ ਸਨ।

ਬਾਬਾ ਰਾਮ ਸਿੰਘ ਜੀ ਦਾ ਜਨਮ ਮਾਘ ਸੁਦੀ 5, ਬਸੰਤ ਪੰਚਮੀ ਸੰਮਤ 1872 ਬਿ: (ਮੁਤਾਬਕ ਸੰਨ 1816 ਈ:) ਨੂੰ ਪਿੰਡ ਭੈਣੀ ਅਰਾਈਆਂ ਜ਼ਿਲਾ ਲੁਧਿਆਣਾ (ਪੰਜਾਬ) ਵਿਚ ਬਾਬਾ ਜੱਸਾ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਦੀ ਕੁਖੋਂ ਹੋਇਆ। ਸਿਖ ਰਾਜ ਸਬੰਧੀ ਪੁਰਾਤਨ ਹੱਥ ਲਿਖਤ ਕਾਗਜ਼ਾਤ ਦੇ ਅਨੁਸਾਰ ਆਪ ਲਗ ਪਗ 19 ਵਰ੍ਹਿਆਂ ਦੀ ਉਮਰੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੌਰ ਨੌ ਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਹੋ ਕੇ ਲਾਹੌਰ ਚਲੇ ਗਏ। ਸੰਨ 1840 ਈ: ਵਿਚ ਜਦ ਉਹ ਫੌਜ ਪਹਿਲੇ ਅਫਗਾਨ ਯੁਧ ਵਿਚ ਪਠਾਨੀ ਇਲਾਕੇ ਦਾ ਵਿਦਰੋਹ ਦਬਾਉਣ ਵਾਸਤੇ ਪਿਸ਼ਾਵਰ ਗਈ ਤਾਂ ਨੌਜਵਾਨ ਬਾਬਾ ਰਾਮ ਸਿੰਘ ਜੀ ਦਾ ਮਿਲਾਪ ਬ੍ਰਹਮ ਗਿਆਨੀ ਬਾਬਾ ਬਾਲਕ ਸਿੰਘ ਜੀ ਦੇ ਨਾਲ ਹੋਇਆ, ਜੋ ਉਨੀਂ ਦਿਨੀ ਹੱਟੀ ਪਾ ਕੇ ਹਜਰੋਂ (ਅਟਕ) ਦੇ ਸਥਾਨ, ਪਰ ਰਹਿੰਦੇ ਤੇ ਲੋਕਾਂ ਵਿਚ ਨਾਮ ਬਾਣੀ ਦਾ ਪਰਚਾਰ ਕਰਦੇ ਸਨ.ਬਸ, ਫੇਰ ਕੀ ਸੀ,ਬਾਬਾ ਰਾਮ ਸਿੰਘ ਜੀ ਉਨਾਂ ਤੋਂ ਨਾਮ ਦਾਨ ਲੈ ਕੇ ਹਮੇਸ਼ਾਂ ਵਾਸਤੇ ਸਿਰਜਨਹਾਰ ਕਰਤਾਰ ਦੀ ਪ੍ਰੇਮਾ ਭਗਤੀ ਦੇ ਰੰਗ ਵਿਚ ਰੰਗੇ ਗਏ।

ਸਭ ਤੋਂ ਪਹਿਲੇ ਨਾਮਧਾਰੀ ਇਤਿਹਾਸਕਾਰ ਡਾਕਟਰ ਇੰਦਰ ਸਿੰਘ ਜੀ ਅਸਿਸਟੈਂਟ ਸਰਜਨ ਮੈਡੀਕਲ ਵਾਰੰਟ ਔਫੀਸਰ ਮੁਲਤਾਨ ਛਾਵਣੀ ਦੀ ਇਤਿਹਾਸਕ ਪੁਸਤਕ "ਜਗਦਾ ਦੀਵਾ" ਅਥਵਾ "ਲੀਲਾ ਬਾਬਾ ਰਾਮ ਸਿੰਘ ਗੁਰੂ ਨਾਮਧਾਰੀ ਸਿੰਘਾਂ (ਭਾਗ ਪਹਿਲਾ) ਦੇ ਕਥਨ ਅਨੁਸਾਰ, ਜੋ ਸੰਨ 1912 ਈ: (ਪੰਜਾਬ ਕਮਰਸ਼ਲ ਪ੍ਰੈਸ, ਅੰਮ੍ਰਿਤਸਰ) ਦੀ ਪ੍ਰਕਾਸ਼ਨ ਹੈ, ਬਾਬਾ ਰਾਮ ਸਿੰਘ ਜੀ ਦੇ ਜਨਮ, ਬਾਲਪਨ, ਅੰਮ੍ਰਿਤਸਰ ਦਰਸ਼ਨ, ਲਾਹੌਰ ਦੀ ਫੌਜੀ ਨੌਕਰੀ, ਅਤੇ ਉਥੋਂ ਹਜਰੋਂ ਜਾਣ ਦਾ ਬ੍ਰਿਤਾਂਤ (ਸਫੇ 11 — 20), ਹਜ਼ਰੋਂ ਵਿਚ ਪਹੁੰਚ ਕੇ ਬਾਬੇ ਜੀ ਦਾ ਗੁਰਮਤਿ ਦੇ ਪ੍ਰਚਾਰ ਸੰਬੰਧੀ ਵਿਚਾਰ ਕਰਨਾ। ਬਾਬਾ ਰਾਮ ਸਿੰਘ ਜੀ ਦੇ ਬਾਬਾ ਬਾਲਕ ਸਿੰਘ ਜੀ ਦੀ ਸ਼ਰਨ ਵਿਚ ਜਾਣ ਦੀ ਅਭਿਲਾਖਾ ਫੁਰਨੀ (ਸਫਾ 22) ਫੇਰ ਬਾਬਾ ਬਾਲਕ ਸਿੰਘ ਜੀ ਤੋਂ ਗੁਰਮੰਤਰ ਲੈ ਕੇ ਬਾਬਾ ਰਾਮ ਸਿੰਘ ਜੀ ਦਾ ਵੈਰਾਗੀ ਹੋ ਜਾਣਾ ਅਤੇ ਭਗਤੀ ਵਿਚ ਲੀਨ ਹੋਣਾ (ਸਫਾ 33) ਇਸ ਤੋਂ ਉਪਰੰਤ ਬਾਬਾ ਰਾਮ ਸਿੰਘ ਜੀ ਦਾ ਫੌਜੀ ਨੌਕਰੀ ਤੋਂ ਅਸਤੀਫਾ ਦੇਣਾ (ਸਫਾ 34) ਅਸਤੀਫਾ ਦੇਣ ਤੇ ਬਾਬਾ ਜੀ ਦੇ ਅਫਸਰ ਤੇ ਹੋਰ ਸਾਥੀਆਂ ਦੀ ਬਾਬਾ ਜੀ

Sri Satguru Jagjit Singh Ji Elibrary NamdhariElibrary@gmail.com

ਨਾਲ ਆਪਸ ਵਿਚ ਗੋਸ਼ਟਿ (ਸਫਾ 34 - 35) ਬਾਬਾ ਜੀ ਦਾ ਅਸਤੀਫਾ ਦੇਣ ਦਾ ਅਸਲ ਭਾਵ (ਸਫਾ 39) ਫੌਜੀ ਅਫਸਰਾਂ ਨੇ ਬਾਬਾ ਜੀ ਦਾ ਅਸਤੀਫਾ ਮੰਨਜ਼ੂਰ ਕਰਨਾ, ਅਤੇ ਬਾਬਾ ਜੀ ਦਾ ਛਾਵਨੀ ਨੂੰ ਛਡਣਾ (ਸਫਾ 40-41) ਫੇਰ ਭੈਣੀ ਸਾਹਿਬ ਵਿਚ ਵਾਪਸ ਆ ਕੇ ਬਾਬਾ ਜੀ ਦਾ ਬੀਸ ਬਰਸ ਭਗਤੀ ਵਿਚ ਮਗਨ ਰਹਿਣਾ (ਸਫਾ 43) ਆਦਿ ਸਿਰਲੇਖਾਂ ਤੋਂ ਪਤਾ ਲਗਦਾ ਹੈ ਕਿ ਬਾਬਾ ਰਾਮ ਸਿੰਘ ਜੀ ਦਾ ਮੁਢਲਾ ਜੀਵਨ ਕਿਵੇਂ ਤੇ ਕਿਥੇ ਗੁਜ਼ਰਿਆ, ਉਨਾਂ ਨੇ ਸਿਖ ਰਾਜ ਦੀ ਫੌਜੀ ਨੌਕਰੀ ਕਦੋਂ, ਕਿਥੇ ਤੇ ਕਿਵੇਂ ਛਡੀ ਤੇ ਫੇਰ ਭੈਣੀ ਪਹੁੰਚਕੇ ਪੂਰੇ ਵੀਹ ਸਾਲ ਭਗਤੀ ਕਰਕੇ ਕਿਵੇਂ ਨਾਮਧਾਰੀ ਲਹਿਰ ਚਲਾਈ।

ਪੁਸਤਕ "ਜਗਦਾ ਦੀਵਾ" (ਭਾਗ ਪਹਿਲਾ) ਦੇ ਕਥਨ ਅਨੁਸਾਰ ਬਾਬਾ ਰਾਮ ਸਿੰਘ ਜੀ ਨੇ ਸੰਮਤ 1891 ਬਿ: (ਮੁਤਾਬਕ ਸੰਨ 1833 ਈ:) ਵਿਚ ਲਾਹੌਰ ਪਹੁੰਚਕੇ ਸਿਖ ਰਾਜ ਦੀ ਫੌਜੀ ਸਰਵਿਸ ਕੀਤੀ ਅਤੇ ਫੇਰ ਸੰਨ 1898 ਬਿ: ਮੁਤਾਬਕ ਸੰਨ 1841 ਈ: ਵਿਚ ਹਜਰੋਂ ਪਹੁੰਚਕੇ ਉਸ ਸਰਵਿਸ ਤੋਂ ਅਸਤੀਫਾ ਦੇ ਦਿਤਾ, ਜਿਵੇਂ ਕਿ ਸਭ ਤੋਂ ਪਹਿਲੇ ਨਾਮਧਾਰੀ ਇਤਿਹਾਸਕਾਰ ਡਾਕਟਰ ਇੰਦਰ ਸਿੰਘ ਜੀ ਮੁਲਤਾਨੀ ਲਿਖਦੇ ਹਨ:—

ਫੌਜੀ ਸਰਵਿਸ:

ਇਕ ਹਜ਼ਾਰ ਅੱਠ ਸਦੀ ਅਠਾਵਨ।।
ਸੰਮਤ ਬਿਕ੍ਰਮੀ ਬਾਤ ਚਲਾਵਨ।
ਹਜਰੋਂ ਦੀ ਹੈ ਬਦਲੀ ਆਈ।
ਫੌਜ ਸਾਰੀ ਨੂੰ ਗਈ ਸੁਨਾਈ।
ਸਤਿਗੁਰ ਜੀ ਵੀ ਤਯਾਰੀ ਕੀਤੀ।
ਖਬਰ ਕਪੜੇ ਬਸਤ੍ਰ ਲੀਤੀ।
ਤੜਕੇ ਬਿਗਲਰ ਬਿਗਲ ਬਜਾਇਆ।
ਅਫਸਰ ਨੇ ਆ ਕੂਚ ਕਰਾਇਆ।
ਤੇਰਾਂ ਚੌਦਾ ਰੋਜ ਗੁਜ਼ਾਰੇ।
ਹਜਰੋਂ ਦੇ ਵਿਚ ਪਹੁੰਚੇ ਸਾਰੇ।
ਕਰੀ ਮੁਸਾਫਤ ਹਜਰੋਂ ਆਵਨ।
ਡੇਰੇ ਆ ਕਰ ਖੂਬ ਜਮਾਵਨ।। (ਜਗਦਾ ਦੀਵਾ ਸਫਾ 21)

ਬਾਬਾ ਬਾਲਕ ਸਿੰਘ ਦਾ ਬਾਬਾ ਰਾਮ ਸਿੰਘ ਜੀ ਨੂੰ ਗੁਰਮੰਤਰ ਤੇ ਖਾਸ ਹਦਾਇਤ:

ਸੁੱਖ ਸਾਂਦ ਦੀਆਂ ਖਬਰਾਂ ਪੁਛਨ, ਸਤਿਗੁਰ ਈਸ਼ ਅਵਤਾਰੀ।
ਹੁਨ ਦੇਖੋ ਸਭ ਭੇਦ ਖੁਲ੍ਹਦੇ, ਜਿਸ ਦੀ ਪਵੇ ਕਹਾਰੀ।
ਬਾਬਾ ਬਾਲਕ ਸਿੰਘ ਮੁਖਾਤਬ ਹੋ, ਕਰ ਬਚਨ ਸੁਨਾਵੇਂ।
'ਸੁਨੋ ਰਾਮ ਸਿੰਘ! ਹੁਨ ਨਹੀਂ ਵੇਲਾ, ਆਪਨਾ ਆਪ ਲੁਕਾਵੇਂ।
ਜਿਸ ਕੰਮ ਆਏ, ਕਿਆ ਕਿਆ ਕਰਨਾ, ਕੀ ਕੰਮ ਪਰ ਹੈ ਫੜਿਆ?
ਅਸਲੀ ਕੰਮ ਭੁਲਾ ਕਿਉਂ ਬੈਠੇ, ਕੀ ਕਾਰਜ ਆ ਵੜਿਆ?
ਪਰਮੇਸ਼ਰ ਨੇ ਘਲਿਆ ਤੁਹਾਨੂੰ, ਜਾ ਕਰ ਜਗਤ ਤਰਾਓ।

ਮਨਮੁਖ ਮੁਗਧ ਹੰਕਾਰੀ ਲੋਕਾਂ, ਸਚਾ ਰਾਹ ਬਤਾਓ।
ਕੰਮ ਸੰਭਾਲੋ ਛੇਤੀ ਆਪਨਾ, ਜੋ ਭਗਤਾਂ ਦਾ ਗਹਿਨਾ।
ਕੀ ਜ਼ਰੂਰਤ ਭਗਤ ਈਸ਼ ਨੂੰ, ਨੌਕਰ ਹੋ ਕੇ ਰਹਿਣਾ?
ਕਰ ਉਪਦੇਸ਼ ਦੀਆ ਗੁਰਮੰਤਰ, ਸਾਰੀ ਕਲਾ ਦਿਖਾਈ।
ਕੀਆ ਸਪੁਰਦ ਕੰਮ ਜੋ ਕਰਨਾ, ਧੰਨ ਹੈ ਭਗਤ ਕਮਾਈ।।

(ਜਗਦਾ ਦੀਵਾ - ਸਫਾ 30)

ਬਾਬਾ ਰਾਮ ਸਿੰਘ ਜੀ ਦਾ ਫੌਜੀ ਨੌਕਰੀ ਤੋਂ ਅਸਤੀਫਾ:

ਫੌਜੀ ਸੀ ਆਦਤ ਅਗੇ, ਮੰਤ੍ਰ ਲੀਆ ਹੁਨ ਆਇ।
ਮਸਤ ਵੈਰਾਗੀ ਹੋ ਗਏ, ਸਤਿਗੁਰ ਛੌਨੀ ਜਾਇ।
ਗੁਰ ਮੰਤ੍ਰ ਲੈ ਕੇ ਭਲਾ, ਫਿਰ ਨੌਕਰੀ ਕੀ ਆਖ।
ਡੇਰੇ ਸਤਿਗੁਰ ਪਹੁੰਚ ਕੇ, ਕੀ ਮਨ ਆਈ ਭਾਸ।
ਅਫਸਰ ਨੂੰ ਜਾ ਆਖਦੇ, "ਮੈਂ ਮਨ ਹੋਇਆ ਉਦਾਸ।
ਅਸਤੀਫਾ ਮੇਰਾ ਲਵੋ, ਕਰ ਅਜ ਕ੍ਰਿਪਾ ਖਾਸ।"
ਸੱਜਨ ਮਿਤ੍ਰ ਆਇ ਕੇ ਸੁਨਦੇ, ਸਤਿਗੁਰ ਹਾਲ।
ਇੰਦਰ ਸਿੰਘ ਕੀ ਬਾਤ ਚੀਤ, ਹੁਵੇ ਸਤਿਗੁਰ ਨਾਲ।

(ਜਗਦਾ ਦੀਵਾ ਸਫਾ 34)

ਪਿਛੋਂ ਭੈਣੀ ਸਾਹਿਬ ਵਿਚ ਵਾਪਸ ਆ ਕੇ ਬਾਬਾ (ਰਾਮ ਸਿੰਘ) ਜੀ ਦਾ ਬੀਸ ਬਰਸ ਭਗਤੀ ਵਿਚ ਮਗਨ ਰਹਿਣਾ — ਬੈਂਤ:

ਛੌਨੀ ਛਡ ਸਿਮਰਨ ਕਰਨ ਮੰਤ੍ਰ ਗੁਰ ਦਾ, ਕੋੜ੍ਹੀ ਜਗਾ ਇਕਾਂਤ ਨੂੰ ਜਾਂਵਦੇ ਹਨ।
ਕੰਢੇ ਬੈਠ ਦਰਿਆਇ ਆਰੰਭ ਕਰਦੇ, ਭਗਤੀ ਕਰਨ ਗੁਨ ਪ੍ਰਭੂ ਦੇ ਗਾਂਵਦੇ ਹਨ।
ਲੌਕੀ ਕ੍ਰਿਤ ਕਰਦੇ ਦੇਖੋ ਖਾਨ ਦੂਨਾ, ਭਗਤ ਭਗਤੀ ਵਿਚ ਦੂਨਾ ਕਮਾਵਦੇ ਹਨ।
ਨਿਰਾ ਭਗਤੀ ਤੇ ਕਰਨ ਅਹਾਰ ਸਤਿਗੁਰ, ਕਈ ਰੋਜ਼ ਨਹੀਂ ਓ ਭੌਜਨ ਪਾਂਵਦੇ ਹਨ।
ਦੁਨੀਆਂ ਵਿਚ ਨਾ ਬਹੁਤ ਗਲਤਾਨ ਹੋਵੰਨ, ਜੋੜੇ ਪ੍ਰੀਤਿ ਈਸ਼ਵਰ ਨਾਲ ਲਾਂਵਦੇ ਹਨ।
ਦਿਨੇ ਰਾਤ ਸਤਿਗੁਰ ਭਗਤੀ ਲੀਨ ਰਹਿੰਦੇ, ਇਛਾ ਦੁਨੀਆਂ ਦੀ ਸਭ ਮਿਟਾਂਵਦੇ ਹਨ।
ਕਈ ਬਰਸ ਹੋ ਗਏ ਭਗਤੀ ਕਰਦਿਆਂ ਨੂੰ, ਦਸਵੇਂ ਦਵਾਰ ਨੂੰ ਸੀਸ ਚੜਾਵਦੇ ਹਨ।
ਮਨ ਨੂੰ ਸੁਧ ਕਰਕੇ ਚੈਤਨ ਆਪਨੇ ਨੂੰ, ਸਚੀ ਬਾਰਗਾਹ ਪਾਸ ਪਹੁੰਚਾਵਦੇ ਹਨ।
ਇੰਦਰ ਸਿੰਘ ਭਗਤੀ ਬੀਸ ਬਰਸ ਕਰਕੇ, ਸਤਿਗੁਰ ਸ੍ਰਿਸ਼ਟੀ ਦੇ ਭਾਗ ਜਗਾਵਦੇ ਹਨ।

ਦੋਹਰਾ

ਸਤਿਗੁਰ ਭਗਤੀ ਕਰਦਿਆਂ, ਬੀਸ ਬਰਸ ਬੀਤ ਗਏ।
ਗੁਰ ਮੰਤ੍ਰ ਦੇ ਰਟਨ ਤੇ, ਨਿਰਮਲ ਕਰਦੇ ਚੀਤ।
ਪਰਭਾਤੇ ਉਠ ਬੈਠਦੇ, ਸਤਿਗੁਰ ਜੀ ਮਹਾਰਾਜ।
ਈਸ਼ਵਰ ਹੁਕਮ ਚੜ੍ਹਾਂਵਦਾ, ਇੰਦਰ ਸਿੰਘ ਕੀ ਆਜ।

Sri Satguru Jagjit Singh Ji Elibrary NamdhariElibrary@gmail.com

ਸਿਰ ਮਥੇ ਤੇ ਹੁਕਮ ਨੂੰ, ਮੰਨ ਕੇ ਹੋਨ ਤਜਾਰ।
ਸਤਿਗੁਰ ਹੋਨ ਹੁਨ, ਇੰਦਰ ਸਿਘ ਬਲਿਹਾਰ।

(ਜਗਦਾ ਦੀਵਾ ਸਫੇ 43-44)

ਇਸ ਤੋਂ ਬਾਦ ਸੰਨ 1860 ਈ: ਵਿਚ ਬਾਬਾ ਰਾਮ ਸਿਘ ਜੀ ਨੇ ਨਾਮ-ਉਪਦੇਸ਼ ਰਾਹੀਂ ਨਾਮਧਾਰੀ ਲਹਿਰ ਦਾ ਮੁਢ ਤੋਰਿਆ। ਡਾਕਟਰ ਇੰਦਰ ਸਿਘ ਜੀ ਮੁਲਤਾਨੀ ਜਿਨਾਂ ਨੇ ਜਗਦਾ ਦੀਵਾ (ਭਾਗ ਪਹਿਲਾ) ਨਾਂ ਥਲੇ ਇਤਿਹਾਸਕ ਕਿਸਾ ਲਿਖਿਆ, ਆਪਣੇ ਸਮੇਂ ਦੇ ਸਭ ਤੋਂ ਕਟੜ ਨਾਮਧਾਰੀ ਕਵੀ ਸਨ।

ਡਾਕਟਰ ਇੰਦਰ ਸਿਘ ਮੁਲਤਾਨੀ ਦੇ "ਜਗਦਾ ਦੀਵਾ" ਵਿਚ ਦਿਤੇ ਗਏ ਇਤਿਹਾਸਕ ਕਥਨ ਦੀ ਪੁਸ਼ਟੀ ਸਵਰਗੀ ਭਾਈ ਸਾਹਿਬ ਭਾਈ ਕਾਹਨ ਸਿਘ ਜੀ ਨਾਭਾ ਨੇ ਆਪਣੀ ਪ੍ਰਸਿਧ ਪੁਸਤਕ "ਗੁਰ ਸ਼ਬਦ ਰਤਨਾਕਰ ਮਹਾਨ ਕੋਸ਼" ਵਿਚ ਇਨਾਂ ਸ਼ਬਦਾਂ ਵਿਚ ਬਾਬਾ ਰਾਮ ਸਿਘ ਜੀ ਦੇ ਫੌਜੀ ਨੌਕਰੀ ਛਡਣ ਤੇ ਸ੍ਰੀ ਭੈਣੀ ਸਾਹਿਬ ਦੇ ਨਿਵਾਸ ਦਾ ਜ਼ਿਕਰ ਕਰਦਿਆਂ ਕੀਤੀ ਹੈ।

"..... ਮਾਘ ਸੁਦੀ 5 ਸੰਮਤ 1872 ਨੂੰ ਬਾਬਾ ਰਾਮ ਸਿਘ ਜੀ ਦਾ ਜਨਮ ਹੋਇਆ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਵਾਹਿਗੁਰੂ ਨਾਮ ਦੇ ਅਭਜਾਸ ਦਾ ਪ੍ਰੇਮ ਸੀ। ਪਹਿਲਾਂ ਇਨ੍ਹਾਂ ਨੇ ਲਾਹੌਰ ਦਰਬਾਰ ਦੀ ਸਿਖ ਸੈਨਾ ਵਿਚ ਭਰਤੀ ਹੋ ਕੇ ਕੁਝ ਸਾਲ ਫੌਜੀ ਸੇਵਾ ਕੀਤੀ। ਫੇਰ ਸੰਨ 1841 (ਸੰਮਤ 1899) ਵਿਚ ਨੌਕਰੀ ਛਡ ਕੇ ਛੋਦੀ ਪਿਡ (ਜ਼ਿਲਾ ਅਟਕ) ਦੇ ਵਸਨੀਕ ਬਾਬਾ ਬਾਲਕ ਸਿਘ ਜੀ ਦੇ (ਜਿਨਾਂ ਨੇ ਹਜ਼ਾਰੋਂ ਵਿਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ) ਚਾਟੜੇ ਹੋ ਕੇ ਨਾਮ ਉਪਦੇਸ਼ ਲੀਤਾ ਅਤੇ ਭੈਣੀ ਵਿਚ ਨਿਵਾਸ ਕਰ ਕੇ ਸਿਖੀ ਦਾ ਬਹੁਤਾ ਪ੍ਰਚਾਰ ਕੀਤਾ।" (ਦੇਖੋ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਸਫਾ 774)

ਨਾਮਧਾਰੀ ਲਹਿਰ ਦਾ ਮੁਢ ਬਾਬਾ ਰਾਮ ਸਿਘ ਜੀ ਨੇ ਪਹਿਲੇ ਪਹਿਲ ਕਿਵੇਂ ਤੋਰਿਆ? ਉਨਾਂ ਸਿਖ ਰਾਜ (ਲਾਹੌਰ) ਦੀ ਫੌਜੀ ਨੌਕਰੀ ਕਦੋਂ ਤੇ ਕਿਵੇਂ ਛਡੀ? ਇਸ ਬਾਰੇ ਪੰਜਾਬ ਸਰਕਾਰ ਦੇ ਕਾਨਫੀਡੈਂਸ਼ਲ ਰੀਕਾਰਡਾਂ ਦੇ ਮੁਤਾਬਿਕ ਇਤਿਹਾਸਕ ਨੁਕਤਾ ਨਿਗਾਹ ਤੋਂ ਜੋ ਸਚਾਈਆਂ ਦ੍ਰਿਸ਼ਟੀਗਤ ਹੁੰਦੀਆਂ ਹਨ ਉਹ ਕਿਸੇ ਤਰਾਂ ਅਖੋਂ ਉਹਲਿਆਂ ਨਹੀਂ ਕੀਤੀਆਂ ਜਾ ਸਕਦੀਆਂ। ਇਹ ਰਿਕਾਰਡ ਮੈਂ ਸੰਨ 1943 ਤੋਂ 1946 ਤਕ ਲਾਹੌਰ ਸਿਖ ਨੈਸ਼ਨਲ ਕਾਲਜ ਦੀ ਸਰਵਿਸ ਸਮੇਂ ਪੰਜਾਬ ਗਵਰਨਮੈਂਟ ਦੇ ਰੀਕਾਰਡ ਆਫਿਸ (ਮਕਬਰਾ ਅਨਾਰਕਲੀ, ਸਿਵਲ ਸਕਰੇਤ) ਲਾਹੌਰ ਵਿਚੋਂ ਦੇਖੇ ਤੇ ਉਨ੍ਹਾਂ ਬਾਰੇ ਨੋਟ ਲਏ ਸਨ। ਪੰਜਾਬ ਰੀਕਾਰਡ ਆਫਿਸ ਦੀਆਂ ਕੁਝ ਹਥ ਲਿਖਤਾਂ ਦੇ ਅਨੁਸਾਰ ਰਾਜਾ ਹੀਰਾ ਸਿਘ ਡੋਗਰਾ (ਵਜ਼ੀਰ) ਤੇ ਉਸਦੇ ਸਹਾਇਕ ਪੰਡਿਤ ਜਲ੍ਹੇ ਦੇ ਮਾਰੇ ਜਾਣ ਤੇ ਜਦ ਸੰਨ 1844 ਈ: ਵਿਚ ਮਹਾਰਾਣੀ ਜਿੰਦ ਕੌਰ ਦੇ ਭਾਈ ਸ੍ਰਦਾਰ ਜਵਾਹਰ ਸਿਘ ਨੇ ਦਰਬਾਰ ਲਾਹੌਰ ਦੀ ਵਜ਼ਾਰਤ ਸਾਂਭੀ ਤਾਂ ਰਾਜਾ ਗੁਲਾਬ ਸਿਘ ਡੋਗਰੇ ਤੋਂ ਪੌਣੇ ਚਾਰ ਕਰੋੜ ਦੇ ਲਗ ਪਗ ਰਾਜ-ਕਰ, ਸਮੇਤ ਰਾਜਾ ਸੁਚੇਤ ਸਿਘ ਤੇ ਰਾਜਾ ਹੀਰਾ ਸਿਘ ਦਾ ਮਾਲ ਧਨ, ਜੋ ਉਹ ਦਬੀ ਬੈਠਾ ਸੀ, ਵਸੂਲਣ ਵਾਸਤੇ ਜੰਮੂ ਉਤੇ ਚੜ੍ਹਾਈ ਕੀਤੀ ਤਾਂ ਇਸ ਫੌਜ ਕਸ਼ੀ ਵਿਚ ਸਰਦਾਰ ਸ਼ਾਮ ਸਿਘ ਅਟਾਰੀ, ਜਨਰਲ ਮੇਵਾ ਸਿਘ ਮਜੀਠੀਆ, ਸੁਲਤਾਨ ਮਹਮੂਦ ਖਾਨ ਤੇ ਸਰਦਾਰ ਫਤਿਹ ਸਿਘ ਮਾਨ ਖਾਲਸਾ ਫੌਜ ਦੇ ਮੋਢੀ ਸਨ। ਇਸ ਮੁਹਿਮ ਵਿਚ ਰਾਜਾ ਗੁਲਾਬ ਸਿਘ ਉਪਰਲੇ ਦਿਲੋਂ ਤਾਂ ਸਿਖਾਂ ਦੇ ਅਧੀਨ ਹੋ ਗਿਆ ਪਰ ਅੰਦਰਖਾਨਿਓਂ ਖੋਟ ਰਖ ਕੇ ਉਸ ਨੇ ਇਕ ਮੀਟਿੰਗ ਦੇ ਬਹਾਨੇ ਸਰਦਾਰ ਫਤਿਹ ਸਿਘ ਮਾਨ ਨੂੰ ਜੋ ਸ਼ੇਰਿ ਪੰਜਾਬ ਦਾ

Sri Satguru Jagjit Singh Ji Elibrary NamdhariElibrary@gmail.com

ਬਹਾਦਰ ਤੇ ਭਰੱਸੇਯੋਗ ਅਹਿਲਕਾਰ ਸੀ, ਕਈ ਚੌਣਵੇਂ ਸਾਥੀਆਂ ਸਮੇਤ ਮਰਵਾ ਦਿਤਾ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੋਂ ਬਿਨਾਂ ਬਾਕੀ ਸਰਦਾਰ ਰਿਸ਼ਵਤ ਦੇ ਕੇ ਖਰੀਦ ਲਏ। ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ, ਜੋ ਇਸ ਚੜਾਈ ਸਮੇਂ ਇਕ ਸਿਖ ਸਿਪਾਹੀ ਵਜੋਂ ਇਸ ਫੌਜ ਦੇ ਹਮਰਾਹ ਸਨ, ਖਾਲਸੇ ਦੀ ਇਹ ਗਿਰਾਵਟ ਦੇਖ ਕੇ ਡਾਢੇ ਦੁਖੀ ਹੋਏ ਤੇ ਉਹਨਾਂ ਨੇ ਇਸ ਘਟਨਾ ਦੇ ਨਾਲ ਸਿਖ ਰਾਜ ਦਾ ਅੰਤ ਆਉਦਾ ਦੇਖ ਕੇ ਉਸੇ ਸਮੇਂ ਹਥਿਆਰ ਸੁਟ ਦਿਤੇ ਤੇ ਸਿਖਾਂ ਦੀ ਫੌਜੀ ਸਰਵਿਸ ਤੋਂ ਅਸਤੀਫਾ ਦੇ ਦਿਤਾ। ਫੇਰ ਆਪ ਲਾਹੌਰ ਥੀ ਹੁੰਦੇ ਹੋਏ ਦਰਿਆ ਸਤਲੁਜ ਲੰਘ ਕੇ ਫਿਰੋਜ਼ਪੁਰ ਪਹੁੰਚੇ ਤੇ ਉਥੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣਾ ਗੁਜ਼ਾਰਾ ਕਰਨ ਲਗ ਪਏ।

ਏਥੇ ਬਾਬਾ ਜੀ ਬਾਰੇ ਇਹ ਗਲ ਦਸਣੀ ਵੀ ਯੋਗ ਹੈ ਕਿ ਬਾਬਾ ਰਾਮ ਸਿੰਘ ਦੀ ਇਸ ਘਟਨਾ ਸਬੰਧੀ ਪੰਜਾਬ ਗਵਰਨਮੈਂਟ ਦੇ ਕੁਝ ਮੋਸਟ ਕੰਨਫੀਡੈਂਸ਼ਲ ਰੀਕਾਰਡ, ਸੰਨ 1945 ਵਿਚ ਅਚਾਨਕ ਭੁਲੇਖੇ ਨਾਲ ਸ਼ੈ-ਕੇਸਾਂ ਵਿਚ ਰਖੇ ਹੋਣ ਕਰਕੇ ਮੇਰੇ ਹਥ ਆ ਗਏ ਪਰ ਪਿਛੋਂ ਪਤਾ ਲਗਣ ਤੇ ਪੰਜਾਬ ਸਰਕਾਰ ਦੇ ਅਸਿਸਟੈਂਟ ਰੀਕਾਰਡ ਕੀਪਰ ਮੀਆਂ ਸਾਦੁਲਾ ਐਮ ਏ ਨੇ ਉਹ ਸਾਰੇ ਰੀਕਾਰਡ ਅਤੇ ਨੋਟ ਮੈਥੋਂ ਖੋਹ ਲਏ ਤੇ ਇਸ ਬਾਰੇ ਮੇਰੀ ਜ਼ਿਆਦਤੀ ਦਸਕੇ ਪੰਜਾਬ ਸਰਕਾਰ ਪਾਸ ਮੇਰੇ ਵਿਰੁਧ ਰਿਪੋਰਟ ਕਰ ਦਿਤੀ, ਜਿਸ ਕਾਰਨ ਸੀ.ਆਈ.ਡੀ. ਤੇ ਪੁਲਿਸ ਪਿਛੇ ਲਗਣ ਕਰਕੇ ਮੇਰੀ ਗ੍ਰਿਫਤਾਰੀ ਦੀ ਸੰਭਾਵਨਾ ਵਧ ਗਈ। ਜਦ ਮੈਂ ਉਥੋਂ ਸਿੰਘ ਪੁਰੇ (ਲਾਹੌਰ) ਵਾਪਸ ਪਹੁੰਚਕੇ ਜਿਥੇ ਕਿ ਮੈਂ ਰਹਿੰਦਾ ਸੀ, ਇਹ ਗਲ ਅਚਾਨਕ ਸੁਰਗਵਾਸੀ ਬਾਬਾ ਪ੍ਰਤਾਪ ਸਿੰਘ ਜੀ ਨੂੰ ਦਸੀ, ਜੋ ਮਾਨਯੋਗ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਤੀਜੇ ਗੱਦੀ ਨਸ਼ੀਨ ਸਨ, ਤੇ ਉਨ੍ਹੀਂ ਦਿਨੀਂ ਲਾਹੌਰ ਹੀ ਰਹਿੰਦੇ ਸਨ, ਤਾਂ ਆਪ ਹਸ ਕੇ ਕਹਿਣ ਲਗੇ ਕਿ "ਅਛਾ ਹੋਇਆ ਜੋ ਹੁਣ ਤੁਸੀ ਸਰਕਾਰੀ ਅਪਰਾਧੀ ਹੋਣ ਤੇ ਸਾਡੇ ਨਾਲ ਹੀ ਰਲ ਗਏ ਹੋ। ਚਲੋ ਤੁਹਾਨੂੰ ਇਸ ਕੰਮ ਬਦਲੇ ਨਾਮਧਾਰੀ ਦਰਬਾਰ ਵਲੋਂ ਨਵੇਂ ਵਸਾਏ ਜਾ ਰਹੇ ਸ੍ਰੀ ਜੀਵਨ ਨਗਰ (ਹਿਸਾਰ) ਵਿਖੇ ਦੋ ਮੁਰਬੇ ਜ਼ਮੀਨ ਦਿਤੇ ਜਾਣ ਦਾ ਪੱਕਾ ਇਕਰਾਰ ਹੋਇਆ। ਮੈਂ ਉਤਰ ਵਜੋਂ ਕਿਹਾ — "ਬਸ ਜੀ, ਜ਼ਮੀਨ ਤਾਂ ਮੇਰੇ ਪਾਸ ਪਹਿਲਾਂ ਹੀ ਬਹੁਤ ਹੈ, ਹੋਰ ਵਾਧੂ ਜ਼ਮੀਨ ਲੈ ਕੇ ਮੈਂ ਕੀ ਕਰਾਂਗਾ। ਹੁਣ ਆਪ ਕਿਰਪਾ ਪੂਰਵਕ ਸਿਰਫ ਇਹੋ ਜਤਨ ਕਰੋ ਕਿਵੇਂ ਇਸ ਮੁਸੀਬਤ ਤੋਂ ਛੁਟਕਾਰਾ ਹੋਵੇ ਤੇ ਪੁਲੀਸ ਮੇਰੀ ਖਹਿੜਾ ਛਡੇ।" ਉਹਨਾਂ ਸਹਿਜ ਸੁਭਾ ਹੀ ਮੁਸਕਰਾ ਕੇ ਕਿਹਾ, "ਅਛਾ ਇਹ ਮਨਸ਼ਾ ਵੀ ਪੂਰੀ ਹੋ ਜਾਵੇਗੀ।" ਇਸ ਤੋਂ ਬਾਦ ਸਬਬ ਨਾਲ ਪੂਰੀ ਛਾਣ ਬੀਣ ਤੇ ਪੁਛ ਪੜਤਾਲ ਹੋਣ ਤੇ ਪ੍ਰੋ. ਡਾਕਟਰ ਗੁਲਸ਼ਨ ਲਾਲ ਚੋਪੜਾ ਸੀਨੀਅਰ ਰੀਕਾਰਡ ਕੀਪਰ ਪੰਜਾਬ ਸਰਕਾਰ ਦੇ ਇਹ ਨੋਟ ਦੇਣ ਤੇ ਕਿ — ਇਹ ਕਨਫੀਡੈਂਸ਼ਲ ਰੀਕਾਰਡ ਸ਼ੈ ਕੇਸਾਂ ਵਿਚ ਰਖਣੇ ਉਨਾਂ ਦੇ ਆਪਣੇ ਹੀ ਕਰਮਚਾਰੀਆਂ ਦੀ ਭੁਲ ਹੈ ਤੇ ਇਸ ਵਿਚ ਸ਼ਮਸ਼ੇਰ ਸਿੰਘ "ਅਸ਼ੋਕ" ਦਾ ਕੋਈ ਕਸੂਰ ਨਹੀਂ।" ਉਹ ਬਲਾ ਜਿਵੇਂ ਮੇਰੇ ਸਿਰ ਤੇ ਆਈ ਸੀ ਉਸੇ ਤਰਾਂ ਹੀ ਮੇਰੇ ਸਿਰੋਂ ਟਲ ਗਈ। ਮੈਨੂੰ ਭਾਵੇਂ ਸੰਨ 1844 ਈ: ਦੀ ਘਟਨਾ ਬਾਰੇ ਨੋਟ ਕੀਤੇ ਰੀਕਾਰਡ ਤਾਂ ਵਾਪਸ ਨਾ ਮਿਲ ਸਕੇ ਪਰ ਮੈਂ "ਜਾਂਨ ਬਚੀ ਲਾਖੋਂ ਪਾਏ" ਵਾਲੀ ਕਹਾਵਤ ਦੇ ਅਨੁਸਾਰ ਅਕਾਲ ਪੁਰਖ ਦੇ ਇਸ ਕ੍ਰਿਪਾ ਭਾਵ ਦਾ ਲੱਖ ਲੱਖ ਸ਼ੁਕਰੀਆ ਅਦਾ ਕੀਤਾ।

ਬਾਬਾ ਰਾਮ ਸਿੰਘ ਜੀ ਨੇ ਸੰਨ 1844 ਵਿਚ ਜੰਮੂ ਦੀ ਮੁਹਿਮ ਸਮੇਂ ਕਿਵੇਂ ਹਥਿਆਰ ਸੁਟ ਕੇ ਸਿਖ ਰਾਜ ਦੀ ਨੌਕਰੀ ਛਡੀ ਸੀ, ਇਹ ਵਾਕਿਆ ਸਿਰਫ ਸਰਕਾਰੀ ਰਿਕਾਰਡਾਂ ਤੀਕ ਹੀ ਮਹਿਦੂਦ ਨਹੀਂ ਰਿਹਾ ਸਗੋਂ ਇਸ ਤੋਂ ਬਾਅਦ ਇਤਿਹਾਸਕਾਰਾਂ ਨੇ ਵੀ ਇਸ ਸਚਾਈ ਨੂੰ ਮੰਨਿਆ, ਜਿਵੇਂ ਕਿ ਸੰਨ 1883 ਈ: ਦੀ ਪੰਜਾਬੀ ਪੁਸਤਕ "ਗੁਰੂ ਸਿੰਘ ਇਤਿਹਾਸ (ਛਾਪਾ ਪਥਰ) ਦੇ ਸਫਾ 312-13 ਪਰ ਪ੍ਰਸਿਧ

Sri Satguru Jagjit Singh Ji Elibrary NamdhariElibrary@gmail.com

ਲੇਖਕ ਪੰਡਿਤ ਭਾਨੂ ਦਤ ਵਿਸ਼ਾਰਦ ਲਾਹੌਰੀ ਨੇ ਜੋ ਨਾਮਧਾਰੀ ਲਹਿਰ (1860-72) ਦਾ ਸਮਕਾਲੀ ਵਿਦਵਾਨ ਲੇਖਕ ਤੇ ਅਧਿਆਪਕ ਸੀ, ਨਾਮਧਾਰੀ ਇਤਿਹਾਸ ਨਾਲ ਸੰਬਧਤ ਇਕ ਸਮੁਚੀ ਇਤਿਹਾਸਕ ਹਕੀਕਤ ਦਾ ਭੇਦ ਇਸ ਤਰਾਂ ਖੋਲਿਆ ਕਿ "(ਬਾਬਾ) ਰਾਮ ਸਿੰਘ ਜੀ ਬੜੇ ਸੰਤ, ਚੰਗੇ, ਉਚੇ ਲੰਮੇ ਜਵਾਨ, ਚਤੁਰ ਸੁਜਾਨ, ਭਜਨ ਦੇ ਪੂਰੇ, ਪਹਿਲਾਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਜੋ ਕੌਰ ਨੌ ਨਿਹਾਲ ਸਿੰਘ ਜੀ ਦੇ ਸਪੁਰਦ ਸੀ ਨੌਕਰੀ ਕਰਦੇ ਸਨ। ਇਹਨਾਂ ਨੂੰ ਰਾਵਲ ਪਿੰਡੀ ਦੇ ਜ਼ਿਲੇ ਹਜ਼ਰੋਂ ਨਾਮੇ ਪਿੰਡ ਦੇ ਵਸਨੀਕ ਸ੍ਰੀ ਬਾਬਾ ਬਾਲਕ ਸਿੰਘ ਜੀ ਤੋਂ ਜੋ ਕਿਰਤ ਕਰਕੇ ਖਾਂਦੇ ਸਨ, ਅਤੇ ਭਜਨ ਵਿਚ ਮਸਤ ਰਹਿੰਦੇ ਸਨ ਹਜ਼ਰੋਂ ਵਿਚ ਹੀ ਨਾਮ ਦਾ ਉਪਦੇਸ਼ ਹੋਇਆ। ਜਾਂ ਇਹ ਲਾਹੌਰ ਆਏ ਮੀਆਂ ਮੀਰ ਦਿਨੇ ਨੌਕਰੀ ਦਿੰਦੇ ਅਤੇ ਰਾਤ ਨੂੰ ਪੁਰਾਣੀਆਂ ਖੰਡਰਾਤਾਂ ਵਿਚ ਬੈਠ ਭਜਨ ਕਰਦੇ ਰਹਿੰਦੇ ਸੇ। ਜਾਂ (ਮਹਾਰਾਜਾ) ਸ਼ੇਰ ਸਿੰਘ ਗੱਦੀ ਪੁਰ ਬੈਠਾ ਅਤੇ ਜੰਮੂ ਦੇ ਰਾਜੇਗੁਲਾਬ ਸਿੰਘ ਤੋਂ ਪਿਛਲਾ ਖਿਰਾਜ ਲੈਣ ਲਈ ਸਿੰਘਾਂ ਦੀ ਫੌਜ ਭੇਜੀ , (ਬਾਬਾ) ਰਾਮ ਸਿੰਘ ਜੀ ਨਾਲ ਹੀ ਸਨ। ਇਥੇ ਸਿੰਘਾਂ ਬੜਾ ਖਰੂਦ ਕੀਤਾ ਅਤੇ ਬੜੇ ਹੰਕਾਰ ਦੇ ਸ਼ਬਦ ਉਚਰੇ। ਇਸੇ ਕਾਰਨ ਬਾਬਾ ਰਾਮ ਸਿੰਘ ਜੀ ਨੂੰ ਉਹ ਗਲ ਨਾ ਸੁਖਾਈ, ਲਾਹੌਰ ਆਉਦੇ ਨੌਕਰੀ ਛਡ ਫਿਰੋਜ਼ ਪੁਰ ਨੂੰ ਚਲੇ ਗਏ ਅਤੇ ਮਸਤਾਨੇ ਹੋਏ ਫਿਰੇ। ਪਹਿਲਾਂ ਇਨਾਂ ਇਕ ਰਾਮਗੜ੍ਹੀਏ ਨਿਹਾਲ ਸਿੰਘ ਨੂੰ ਨਾਮ ਦੇ ਕੇ ਨਿਹਾਲ ਕੀਤਾ, ਜਿਨ੍ਹਾਂ ਫਿਰੋਜ਼ਪੁਰ ਬੰਨੇ ਕਿੰਨਿਆਂ ਮਲਵਈਆਂ ਸਿੰਘਾਂ ਨੂੰ ਨਿਹਾਲ ਕੀਤਾ। ਮੁੜ (ਬਾਬਾ) ਰਾਮ ਸਿੰਘ ਜੀ ਲੁਧਿਆਣੇਦੇ ਜ਼ਿਲੇ ਵਿਚ ਭੈਣੀ ਪਿੰਡ ਵਿਚ ਆਨ ਰਹੇ, ਜੋ ਹੁਣ ਭੈਣੀ ਸਾਹਿਬ ਕਰ ਕੇ ਅਖਵਾਉਦਾ ਹੈ।"

ਇਸ ਤੋਂ ਸਾਫ ਪਤਾ ਲਗਦਾ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਦਰਬਾਰ ਲਾਹੌਰ ਦੀ ਫੌਜ ਵਿਚ ਭਰਤੀ ਹੌਣ ਪਿਛੋਂ ਹਜ਼ਰੋਂ ਜਾ ਕੇ ਬਾਬਾ ਬਾਲਕ ਸਿੰਘ ਜੀ ਤੋਂ ਨਾਮ ਦਾਨ ਲੈਣ ਤੇ ਫਿਰ ਪਹਿਲਾਂ ਜਾਂ ਕੁਝ ਦੇਰ ਪਿਛੋਂ ਨੌਕਰੀ ਛਡ ਕੇ ਭਜਨ ਬੰਦਗੀ ਕਰਨ ਦੇ ਹਾਲਾਤ ਥੋੜੇ ਕੁ ਹੇਰ ਫੇਰ ਨਾਲ ਲਗ ਪਗ ਇਕੋ ਹੀ ਕਿਸਮ ਦੇ ਮਿਲਦੇ ਹਨ। ਜਿਨਾਂ ਵਿਚੋਂ ਬਾਬਾ ਜੀ ਦੇ ਵਡਪਨ ਦੀ ਪੂਰੀ ਝਲਕ ਪੈਂਦੀ ਹੈ। ਬਾਬਾ ਰਾਮ ਸਿੰਘ ਜੀ ਨੇ ਸਿਖ ਰਾਜ ਦੀ ਫੌਜੀ ਨੌਕਰੀ ਹਜ਼ਰੋਂ ਜਾ ਕੇ ਛਡੀ ਜਾਂ ਪਿਛੋਂ ਜੰਮੂ ਦੀ ਲੜਾਈ ਸਮੇਂ ਸੰਨ 1844 ਈ: ਵਿਚ ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਦੋਵੇਂ ਹੀ ਇਤਿਹਾਸਕ ਘਟਨਾਵਾਂ ਉਨਾਂ ਦੇ ਅਧਿਆਤਮਕ ਜੀਵਨ ਉਤੇ ਕੋਈ ਹਰਫ ਨਹੀਂ ਆਉਣ ਦਿੰਦੀਆਂ, ਸਗੋਂ ਉਸ ਨੂੰ ਹੋਰ ਉਚਿਆਉਂਦੀਆਂ ਹਨ। ਇਨ੍ਹਾਂ ਵਿਚੋਂ ਨੌਕਰੀ ਛਡਣ ਦੀ ਪਹਿਲੀ ਸੰਨ 1841 ਈ. ਦੀ ਘਟਨਾ ਵਧੇਰੇ ਸਹੀ ਪ੍ਰਤੀਤ ਹੁੰਦੀ ਹੈ।

ਵਿਸਾਖੀ ਦਾ ਪਵਿਤਰ ਗੁਰਪੁਰਬ ਆ ਗਿਆ ਹੈ। ਸੰਸਾਰ ਭਰ ਵਿਚ ਜਿਥੇ ਜਿਥੇ ਭੀ ਸਿੰਘ

ਬਾਬਾ ਰਾਮ ਸਿੰਘ ਜੀ ਦੇ ਸਿਖ ਰਾਜ ਦੀ ਫੌਜੀ ਨੌਕਰੀ ਛਡਣ ਦਾ ਤੀਜਾ ਵਾਕਿਆ ਇਹ ਦਸਿਆ ਜਾਂਦਾ ਹੈ ਕਿ ਉਹਨਾਂ ਨੇ ਸੰਨ 1845 ਈ: ਵਿਚ ਦਰਿਆ ਸਤਲੁਜ ਦੀ ਪਹਿਲੀ (ਸਿਖਾਂ ਤੇ ਅੰਗਰੇਜ਼ਾਂ) ਦੀ ਲੜਾਈ ਸਮੇਂ ਜਦ ਦੋਹਾਂ ਪਾਸਿਆਂ ਦੀਆਂ ਫੌਜਾਂ ਆਹਮੋਂ ਸਾਹਮਣੇ ਹੋਈਆਂ ਤਾਂ ਫਿਲੌਰ ਦੇ ਸਥਾਨ ਪਰ ਬੰਦੂਕ ਸੁਟੀ ਤੇ ਦਰਿਆ ਸਤਲੁਜ ਲੰਘ ਕੇ ਲੁਧਿਆਣੇ ਦਾ ਰਾਹ ਫੜਿਆ ਸੀ। ਵਰਤਮਾਨ ਸਮੇਂ ਦੇ ਕਈ ਨਾਮਧਾਰੀ ਲੇਖਕ ਜਿਨਾਂ ਵਿਚ ਕੁਝ ਨਾਮਧਾਰੀ ਲੇਖਕ ਵੀ ਸ਼ਾਮ ਹਨ, ਇਸੇ ਘਟਨਾ ਦੀ ਤਸਦੀਕ ਕਰਦੇ ਹਨ। ਪਰ ਇਹ ਵਾਕਿਆ ਖੋਜ ਤੇ ਹਕੀਕਤ ਸ਼ਨਾਸੀ ਦੇ ਪਖ ਤੋਂ ਏਨਾ ਵਜ਼ਨਦਾਰ ਸਾਬਤ ਨਹੀਂ

ਹੁੰਦਾ ਕਿਉਂ ਕਿ ਅਵਲ ਤਾਂ ਬਾਬਾ ਰਾਮ ਸਿੰਘ ਜੀ ਜਿਹਾ ਜੋਧਾ, ਜਿਸਨੇ ਅੰਗਰੇਜ਼ੀ ਹਕੂਮਤ ਨਾਲ ਸਿਧਾ ਮਥਾ ਲਾਇਆ ਹੋਵੇ, ਅਜਿਹੇ ਜੰਗ ਸਮੇਂ ਸਿਖ-ਫੌਜਾਂ ਦਾ ਸਾਥ ਨਹੀਂ ਛਡ ਸਕਦਾ। ਨਾਲੇ ਅਜਿਹੇ ਜੰਗ ਸਮੇਂ ਆਪਣੀ ਹੀ ਫੌਜ ਦਾ ਸਾਥ ਛਡਕੇ ਝਟ ਪਟ ਦੁਸ਼ਮਣ ਦੇ ਇਲਾਕੇ ਵਿਚ ਚਲੇ ਜਾਣਾ ਕਿਸੇ ਵੀ ਸਰਕਾਰ ਦੇ ਫੌਜੀ ਕਾਇਦੇ ਕਾਨੂੰਨ ਤੋਂ ਸੌਲਾਂ ਆਨੇ ਖਿਲਾਫ ਅਤੇ ਇਕ ਪ੍ਰਕਾਰ ਦਾ ਨਾਕਾਬਿਲੇ-ਮਾਆਫੀ ਰਾਜਸੀ ਅਪਰਾਧ ਹੈ ਤੇ ਦੂਜੇ ਇਸ ਤਰਾਂ ਦੀ ਕੋਈ ਸੂਰਮਤਾਈ ਜਾਂ ਨੇਕੀ ਵੀ ਨਹੀਂ ਮੰਨੀ ਜਾ ਸਕਦੀ। ਇਸ ਲਈ ਇਸਦੇ ਮੁਕਾਬਲੇ ਤੇ ਸੰਨ 1841 ਈਸਵੀ ਵਿਚ ਹਜ਼ਰੋਂ ਦੇ ਸਥਾਨ ਪਰ ਜਾਂ ਇਸ ਤੋਂ ਬਾਅਦ ਸੰਨ 1844 ਈ: ਵਿਚ ਜੰਮੂ ਦੇ ਸਿਖ-ਡੋਗਰਾ ਜੁਧ ਸਮੇਂ ਨੌਕਰੀ ਛਡਣ ਦੀਆਂ ਦੋਵੇਂ ਘਟਨਾਵਾਂ ਹਰ ਤਰਾਂ ਬੇਲਾਗ ਤੇ ਜੁਗਤੀ ਸੰਗਤ ਹਨ। ਇਸ ਕਾਰਨ ਮੇਰਾ ਪਕਾ ਵਿਸ਼ਵਾਸ਼ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਜੋ ਇਕ ਆਦਰਸ਼ਵਾਦੀ, ਦ੍ਰਿੜ ਇਰਾਦੇ ਦੇ ਮਾਲਿਕ ਅਤੇ ਮਹਾਨ ਵਿਅਕਤੀ ਸਨ, ਦਰਅਸਲ ਸਿਖ ਰਾਜ ਦੀ ਫੌਜੀ ਸਰਵਿਸ ਸੰਨ 1841 ਈ: ਵਿਚ ਹਜ਼ਰੋਂ ਦੇ ਸਥਾਨ ਪਰ ਬਾਬਾ ਬਾਲਕ ਸਿੰਘ ਜੀ ਦੇ ਸਤਿਸੰਗ ਕਾਰਨ ਹੀ ਵਡਪਣ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਛਡੀ ਸੀ ਤੇ ਫੇਰ ਭੈਣੀ ਸਾਹਿਬ ਦੇ ਸਥਾਨ ਪਰ 20 ਵਰੇ ਕਰੜੀ ਤਪਸਿਆ ਕਰਕੇ ਦੇਸ਼ ਵਿਆਪੀ ਨਾਮਧਾਰੀ ਲਹਿਰ ਦਾ ਮੁਢ ਬੰਨ੍ਹਿਆ ਸੀ।

----------o----------



ਪਾਕਿਸਤਾਨ ਤੋਂ ਆਈ ਕਹਾਣੀ:
ਬੰਨੇ ਚੰਨੇ ਦੇ ਭਰਾ

ਅਫਜ਼ਲ ਅਹਿਸਨ ਰੰਧਾਵਾ

"ਸਬਜ਼ ਗ਼ੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਸਾਰੀ ਵਡੀ ਘੋੜੀ ਸੀ। ਕਿਤੇ ਲੱਖਾਂ 'ਚੋਂ ਇਕ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ ਏਡਾ ਸਾਊ ਤੇ ਏਡੀਆਂ ਸਿਫਤਾਂ ਵਾਲਾ ਹੁੰਦਾ ਏ। ਉਹ ਘੋੜੀ ਦੇਸੀ ਸੀ। ਮਾਂ ਪਿਓ ਵਲੋਂ ਖਾਲਸ ਪੰਜਾਬੀ। ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਬਰੀਡ ਘੋੜੀਆਂ ਰੰਗ ਰੂਪ ਕੰਮ ਤੇ ਦਮ ਵਿਚ ਕਿਧਰੇ ਕਿਧਰੇ ਉਹਦੇ ਨੇੜੇ ਤੇੜੇ ਵੀ ਨਈਂ ਸਨ ਢੁਕਦੀਆਂ। ਮਾਦਾ ਘੋੜੀ ਵੇਖਣ ਨੂੰ ਤਸਵੀਰ ਤੇ ਉਡਣ ਨੂੰ ਪਰੀ ਸੀ। ਵੇਖਿਆਂ ਉਸਨੂੰ ਭੁਖਾਂ ਲਹਿਦੀਆਂ ਸਨ ਤੇ ਚੜ੍ਹਿਆਂ ਉਤੇ ਸਵਾਰ ਨੂੰ ਲੈ ਕੇ ਹਵਾ ਹੋ ਜਾਂਦੀ। ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ। ਲੰਮੀ ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ ਬਰੀਡਾਂ ਵੀ ਉਹਦੇ ਅਗੇ ਸਿਰ ਸੁਟ ਜਾਂਦੀਆਂ। ਦਸ ਕੋਹ ਉਹਨੂੰ ਸਿਰ ਸੁਟ ਦੜਾਓ ਫੇਰ ਵੀ ਨਵੀਂ ਨਕੋਰ ਤਿਆਰ ਤੇ ਤਾਜ਼ਾ ਦਮ। ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉਡ ਜਾਏ। ਉਹਦੇ ਲਹੂ ਵਿੱਚ ਜਾਂ ਅੱਗ ਸੀ ਜਾਂ ਬਿਜਲੀਆਂ। ਨਰਾਂ ਤੋਂ ਚੌੜੀ ਉਹਦੀ ਛਾਤੀ ਵਿਚ ਨਰਾਂ ਤੋਂ ਕਿਧਰੇ ਵਧ ਹੌਸਲਾ ਸੀ ਤੇ ਦਲੇਰੀ ਸੀ। ਜਵਾਨ ਕੁੜੀਆਂ ਵਰਗੀਆਂ ਸ਼ੋਖੀਆਂ, ਤੇਜ਼ੀਆਂ ਤੇ ਚੁੰਗੀਆ ਭਰਨ ਦੇ ਸ਼ੌਕ ਦੇ ਨਾਲ ਨਾਲ ਦਾਨੀਆਂ ਪਰਧਾਨੀਆਂ ਸਵਾਣੀਆਂ ਵਰਗਾ ਸੁਹੱਪਣ, ਠਹਿਰਾਉ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫਰ ਸੀ। ਕਸਿਆਂ ਕਦੇ ਉਸ ਵਢਣ ਨੂੰ ਮੂੰਹ ਖੋਲਿਆ ਤੇ ਮਾਰਨ ਨੂੰ ਪੈੜ ਚੁਕਿਆ ਹੋਣਾ ਏਂ? ਕਿੱਲੇ ਬਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ। ਪਰ ਇਕ ਵਾਰੀ ਲਗਾਮ ਦੇ ਕੇ ਕਾਠੀ ਉਹਦੇ ਉਤੇ ਪਾ ਕੇ ਰਕਾਬ ਵਿਚ ਪੈਰ ਧਰਨ ਦੀ ਦੇਰ, ਘੋੜੀ ਅਪਨੇ ਚਾਰੇ ਪੈੜ ਜ਼ਮੀਨ ਉਤੇ ਧਰਨੇ ਹੀ ਨਈਂ ਇਕਠੇ। ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉਤੇ ਚੜ ਕੇ ਉਹਦੇ ਚਾਰੇ ਪੈੜ "ਕਠੇ" ਜ਼ਮੀਨ ਉਤੇ ਲਵਾ ਦੇਵੇ। ਸਵਾਰ ਉਹ ਨਈਂ ਹੁੰਦਾ ਜਿਸਨੂੰ ਘੋੜੀ ਰਕਾਬੇ ਪੈਰ ਪਾਉਂਦਿਆਂ ਹੀ ਲੈ ਕੇ ਦੌੜ ਪਵੇ ਤੇ ਉਤੇ ਬੈਠੇ ਦੀਆਂ ਅਖਾਂ ਹੀ ਨਾ ਖੁਲਣ ਦੇਵੇ। ਸਵਾਰ ਤੇ ਉਹ ਬੰਦਾ ਹੁੰਦਾ ਏ ਜਿਹੜਾ ਘੋੜੀ ਤੇ ਚੜ੍ਹ ਕੇ ਆਪਣੀ ਮਰਜ਼ੀ ਦੀ ਚਾਲ ਚਲਾਏ। ਘੋੜੀ ਸਰਪਟ ਦੌੜਨਾ ਚਾਹਵੇ ਤੇ ਸਵਾਰ ਉਹਨੂੰ ਲਗਾਮ ਵਿਚੋਂ ਨਾ ਨਿਕਲਣ ਦੇਵੇ। ਘੋੜੀ ਪੋਈਏ ਪੈਣਾ ਚਾਹਵੇ ਤੇ ਸਵਾਰ ਉਹਨੂੰ

Sri Satguru Jagjit Singh Ji Elibrary NamdhariElibrary@gmail.com

ਰਵਾਲ ਟੋਰੇ। ਘੋੜੀ ਚੁੰਗੀਆਂ ਭਰਦੀ ਛੁਟਣ ਲਈ ਲਗਾਮ ਦੀ ਢਿਲ ਮੰਗੇ ਤੇ ਸਵਾਰ ਉਹਨੂੰ ਪੋਈਏ ਚੋਂ ਕਢ ਕੇ ਟਾਪ ਵਿਚ ਲੈ ਜਾਏ। ਤੇ ਫੇਰ ਜਦੋਂ ਚਾਹਵੇ ਟਾਪ ਤੋਂ ਪੋਈਏ ਪਾ ਲਏ ਤੇ ਜਦੋਂ ਚਾਹਵੇਗਾ ਪੋਈਏ ਤੋਂ ਸਰਪਟ ਸ਼ੁੰਟ ਦੇਵੇ। ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ੍ਹ ਕੇ ਫੇਰ ਗਾਮ ਟੋਰ ਲਏ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਣ ਦੇ ਲਾਇਕ ਹੁੰਦੇ ਨੇ। ਸ਼ਾਹ ਸਵਾਰ ਦੀਆਂ ਲਗਾਮ ਫੜਨ ਵਾਲੀਆਂ ਉਂਗਲਾਂ ਵਿਚ ਹੁਨਰ, ਰਕਾਬ ਵਿਚ ਧਰਣ ਵਾਲੇ ਪੱਬ ਵਿਚ ਸਤ, ਘੋੜੀ ਦਵਾਲੇ ਜਮੂਰ ਵਾਂਗ ਕਸੇ ਹੋਏ ਪਟਾਂ ਵਿਚ ਤਾਕਤ ਤੇ ਘੋੜੀ ਦੀ ਹਰ ਹਰਕਤ, ਹਰ ਅਦਾ ਤੇ ਨਜ਼ਰ ਰਖਣ ਵਾਲੀ ਅਖ ਵਿਚ ਸਮਝ ਸਿਹਾਣ ਦਾ ਨੂਰ ਹੋਵੇ ਤੇ ਘੋੜੀ ਆਪਣਾ ਜੁੱਸਾ ਸਵਾਰ ਦੇ ਜੁੱਸੇ ਨਾਲ ਰਲਾ ਲੈਂਦੀ ਏ।

ਸਬਜ਼ਾ ਗੁਲਜ਼ਾਰ ਰੰਗ ਦੀ ਓਸ ਅਨਮੋਲ ਘੋੜੀ ਨੂੰ ਉਹਦੀ ਸਾਰੀ ਹਯਾਤੀ ਵਿਚ ਇਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ — ਉਹ ਮੇਰੇ ਭਾਈ ਸਾਹਿਬ ਸੀ।

ਉਹ ਘੋੜੀ ਜ਼ਿਲਾ ਸਰਗੋਧਾ ਦੇ ਚੱਕ ਚਾਲੀ ਦੀ ਜੰਮ ਪਲ ਸੀ। ਉਹ ਹੀ ਚੱਕ ਦੇ ਇਕ ਤਗੜੇ ਸੋਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਕੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲਗੀ ਉਹਦੀ ਧੁੰਮ ਦੂਰ ਦੂਰ ਤੀਕ ਖਿਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ ਨਾ ਉਸ ਘੋੜੀ ਦੀ ਕਦੇ ਮੂੰਹ ਦਿਖਾਈ ਹੋਈ ਤੇ ਨਾ ਹੀ ਉਹ ਦੌੜੀ। ਤਾਂ ਵੀ ਉਹਦੀ ਦਸ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ ਚਾਲੀ ਚਕ ਵਿਚ ਜਾ ਉਤਰੇ। ਉਹ ਘੋੜੀ ਦੇਖੀ, ਜਾਂਚੀ ਤੇ ਉਸਦਾ ਮੁਲ ਕਰਕੇ ਇਕ ਤੀਲਾ ਮਾਲਕ ਦੀ ਤਲੀ ਉਤੇ ਰਖਿਆ ਸਾਈ ਦਾ ਤੇ ਆ ਗਏ। ਆਉਂਦਿਆਂ ਫੁਰਮਾਇਓ ਨੇ — "ਸਾਡਾ ਬੰਦਾ ਆਏਗਾ ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਓਦੋਂ ਤੀਕ ਸਾਡੀ ਏਸ ਘੋੜੀ ਦੀ ਅਗੇ ਵਾਂਗ ਹੀ ਸੇਵਾ ਕਰੀਂ।" ਸਾਈਂ "ਅਮੀਨ" ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅਗੇ ਨਾਲੋਂ ਵੀ ਵਧ ਸੇਵਾ ਦੇਣ ਲਗ ਪਿਆ। ਏਸ ਗਲ ਦਾ ਹੁਣ ਮੈਨੂੰ ਥਹੁ ਨਈਂ ਪਈ ਗੁਰੂ ਮਹਾਰਾਜ ਓਦੋਂ ਹੀ ਉਹਦਾ ਮੁਲ ਤਾਰ ਕੇ ਘੋੜੀ ਲੈ ਕਿਉਂ ਨਾ ਆਏ? ਖੈਰ ਇਸ ਗਲ ਵਿਚ ਵੀ ਕੋਈ ਹਿਕਮਤ ਸੀ? ਫੇਰ ਇਹ ਗਲ ਪਤਾ ਨਹੀਂ ਕਿਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿਸਰ ਗਈ।

ਕੋਈ ਚਾਰ ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਤਾਂ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੋਦੇ ਤੋਂ ਫਿਰ ਜਾਣ ਤੇ ਹੋਏ ਤੋਏ ਕੀਤੀ ਤਾਂ ਖਚਰੇ ਜੱਟ ਹਥ ਜੋੜ ਕੇ ਕਿਹਾ — "ਮਹਾਰਾਜ ਬਾਦਸ਼ਾਹਵਾਂ ਦੇ ਘਰ ਲਾਲਾਂ ਦਾ ਕੀਹ ਕਾਲ? ਗੁਰੂ ਹੋਰਾਂ ਕੋਲ ਤੇ ਦੁਨੀਆਂ ਜਹਾਨ ਦੀਆਂ ਚੰਗੀਆਂ ਚੰਗੀਆਂ ਤੇ ਇਕ ਤੋਂ ਇਕ ਵਧ ਘੋੜੀਆਂ ਨੇ। ਤੁਸੀਂ ਭੋਂ ਕੇ ਬਹੁੜੇ ਹੀ ਨਾ, ਮੈਂ ਸਮਝਿਆ ਘੋੜੀ ਤੁਹਾਨੂੰ ਪਸੰਦ ਈ ਨਈਂ ਆਈ। ਉਤੋਂ ਉਸ ਘੋੜੀ ਨੇ ਤਾਂ ਮੇਰੀਆਂ ਨੀਂਦਾਂ ਹੀ ਹਰਾਮ ਕਰ ਛਡੀਆਂ ਸਨ। ਬੰਦੂਕਾਂ ਵਾਲੇ ਦੋ ਦੋ ਬੰਦੇ ਰਾਤ ਉਹਦਾ ਪਹਿਰਾ ਦਿੰਦੇ। ਤਾਂ ਵੀ ਚਾਰ ਵਾਰ ਚੋਰ ਉਹਦੇ ਤੇ ਲਪਕੇ। ਜਿਉਂ ਹੀ ਘੋੜੀ ਘਰੋਂ ਗਈ ਮਗਰੋਂ ਲਥੀ। ਹੁਣ ਅਮਨ ਦੀ ਨੀਂਦ ਸੌਂਦਾ ਆ। ਗੁਰੂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ ਵਛੇਰੀ ਗੁਰੂ ਦੇ ਅਸਤਬਲ ਵਿਚ ਬੰਨ੍ਹ ਕੇ ਆਵਾਂਗਾ। ਗੋਲੀ ਕਿਹਦੀ ਤੇ ਗਹਿਣੇ ਕਿਦੇ?

Sri Satguru Jagjit Singh Ji Elibrary NamdhariElibrary@gmail.com

ਜਦੋਂ ਘੋੜੀ ਲੈਣ ਗਏ ਬੰਦੇ ਨੇ ਭੈਣੀ ਸਾਹਿਬ ਪਰਤ ਕੇ ਖਾਲੀ ਹਥ ਬੰਨ੍ਹਕੇ ਗੁਰੂ ਹੁਰਾਂ ਨੂੰ ਸਾਰੀ ਗਲ ਸੁਣਾਈ ਤੇ ਗੁਰੂਆਂ ਦੇ ਸਿਖਾਂ ਦਾ ਲਹੂ ਖੌਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁਪ ਰਹੇ ਫੇਰ ਫੁਰਮਾਉਣ ਲਗੇ — "ਅਸੀਂ ਵੀ ਤਾਂ ਭੁਲ ਹੀ ਗਏ ਸਾਂ — ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ, ਮੌਜਾਂ ਲੁਟੇ, ਉਹਦੇ ਨਸੀਬ"

ਇਹ ਗਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉਤੇ ਸੌਦਾ ਕਰਕੇ ਉਹਨਾਂ ਦੀ ਘੋੜੀ ਲੈ ਗਿਆ। ਪਰ ਕਿਹੜਾ ਮਾਈ ਦਾ ਲਾਲ? ਬੜੇ ਚਿਰ ਤੀਕ ਮੈਨੂੰ ਇਹ ਪਤਾ ਨਾ ਚਲ ਸਕਿਆ।

ਏਸ ਗਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰਾਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਾਹੌਰ ਨੂੰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚਲਣ ਦਾ ਹੁਕਮ ਦਿਤੋ ਨੇ; ਮੇਰੇ ਧੰਨ ਭਾਗ; ਲਾਹੌਰ ਅਪੜ ਕੇ ਅਪਨਾ ਰਸਾਲਾ ਤੇ ਪੈਦਲਾਂ ਨੂੰ ਗੁਰਦੁਆਰੇ ਅਪੜਨ ਦਾ ਹੁਕਮ ਦਿਤਾ ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚਲਣ ਲਈ ਆਖਿਆ:

ਧੰਨ ਭਾਗ; "ਕਿਧਰ?" ਮੇਰੇ ਮਨ ਵਿਚ ਸਵਾਲ ਪੁੰਗਰਿਆ।

ਗੁਰੂ ਮਹਾਰਾਜ਼ ਤੇ ਦਿਲਾਂ ਦੇ ਭੇਤ ਜਾਨਣ ਵਾਲੇ ਸਨ, ਹੱਸ ਕੇ ਕਹਿਣ ਲਗੇ — ਭਾਈ ਟਹਿਲ ਸਿੰਘ ਤੇਰੇ ਭਰਾ ਚੌਧਰੀ ਵਲ ਚਲੇ ਆਂ। ਉਹਦੇ ਘਰ ਦਾ ਰਾਹ ਆਉਦਾ ਈ?

"ਆਹੋ ਮਹਾਰਾਜ" ਮੈਂ ਹਥ ਬੰਨ੍ਹ ਕੇ ਅਰਜ ਗੁਜ਼ਾਰੀ। "ਧੰਨ ਭਾਗ ਉਹਦੇ।"

ਸ਼ਾਹੋ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅਪੜੇ ਤੇ ਉਹ ਆਪ ਘਰ ਕੋਈ ਨਈਂ ਸਨ। ਗੁਰੂ ਮਹਾਰਾਜ ਏਸ ਗਲ ਦੀ ਪ੍ਰਵਾਹ ਕੀਤਿਓਂ ਬਗੈਰ ਘੋੜੀਆਂ ਦੇ ਖੁਰਲ ਵਲ ਗਏ। ਇਕ ਘੋੜੀ ਦੇ ਕੋਲ ਅਪੜਕੇ ਉਹਨੂੰ ਥਾਪੀ ਦਿਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਲਾ ਲਿਓ ਨੇ। ਜਿਵੇਂ ਕੋਈ ਮਾਂ ਆਪਣੇ ਵਿਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ। ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ ਉਹਨੂੰ ਪਿਆਰ ਕਰਦੇ ਤੇ ਮਥੇ ਤੇ ਹੱਥ ਫੇਰਦੇ ਰਹੇ। ਨੌਕਰਾਂ ਪਰੌਹਣੇ ਵੇਖ ਕੇ ਅੰਦਰੋਂ ਨਵੀਆਂ ਨਵਾਰੀ ਮੰਜੀਆਂ ਕੱਢੀਆਂ, ਨਵੇਂ ਖੇਸ ਸਿਰਹਾਂਦੀ ਰਖੇ ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰ ਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤੇ ਉਹ ਗੁਰੂ ਮਹਾਰਾਜ ਨੂੰ ਵੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।

"ਬਿਸ ਮਿਲ੍ਹਾ ਮਹਾਰਾਜ;" ਭਾਈ ਆਖਿਆ; ਅਜ ਤੇ ਸਚੀ ਮੁਚੀ ਕੀੜੀ ਦੇ ਘਰ ਨਾਰਾਇਣ ਆ ਗਿਆ ਏ ਤਸ਼ਰੀਫ ਰਖੋ। ਅੰਨ ਪਾਣੀ ਦੀ ਸ਼ੁਣਾਓ?"

ਅੰਨ ਪਾਣੀ ਵਲੋਂ ਪੁਰ ਬਾਸ਼; " ਗੁਰੂ ਹੋਰੀਂ ਖਲੋਤਿਆਂ ਹੀ ਕਹਿਣ ਲਗੇ — "ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛਡੀ ਏ?"

ਭਾਣਾ ਹੋਰੀ ਉਚੀ ਸਾਰੀ ਹੱਸ ਪਏ, ਕਹਿਣ ਲਗੇ — "ਮਹਾਰਾਜ ਇਹ ਗੁਰੂਆਂ ਦੀ ਘੋੜੀ ਤੇ ਨਈਂ ਨਾ? ਜਿੰਨੇ ਕਿਲੇ ਬਧੀ ਨੇ ਦਾਣੇ ਚਰਦਿਆਂ ਚਰਦਿਆਂ ਮੱਝ ਬਣ ਜਾਣਾ ਏਂ। ਇਹ ਤੇ ਗਰੀਬ ਜੱਟ ਦੀ ਘੋੜੀ ਏ, ਜਿਦੇ ਉਤੇ ਮੈਂ ਦੋ ਵੇਲੇ ਸਵਾਰੀ ਕਰਨਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ ਪਰ ਉਹਦੇ ਉਤੇ ਵਾਧੂ ਮਾਸ ਵੀ ਤੇ ਨਈਂ ਚੜ੍ਹਦਾ ਜਨਾਬ।"

Sri Satguru Jagjit Singh Ji Elibrary NamdhariElibrary@gmail.com

ਗੁਰੂ ਮਹਾਰਾਜ ਖਿਲ ਖਿਲਾ ਕੇ ਹੱਸ ਪਏ। ਕਹਿਣ ਲਗੇ — "ਗਲ ਠੀਕ ਆਖੀ ਆ ਚੱਧਰੀ।"

ਅਗਾੜੀਆਂ ਪਿਛਾੜੀਆਂ ਪਾ ਕੇ ਬੰਧੀ, ਨਹਾਤੇ ਧੋਤੇ ਜੁਸੇ ਉਤੇ ਚਮਕਦੇ ਫੁਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅਗੇ ਨਾਲੋਂ ਮਾੜੀ ਤੇ ਨਈਂ ਸਗੋਂ ਚੁਸਤ ਬਾਂਕੀ ਤੇ ਬਹਤੀ ਸੋਹਣੀ ਪਈ ਲਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਮਥੇ ਦੀਆਂ ਝਾਲਰਾਂ ਹਿਲੀਆਂ।

ਭਾਈ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿਤੀ ਤੇ ਗੁਰੂ ਮਹਾਰਾਜ ਦੂਜੇ ਬੰਨਿਉਂ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ। ਘੋੜੀ ਵਾਲੀ ਗਲ ਮੇਰੀ ਸਮਝ ਵਿਚ ਆ ਗਈ ਸੀ। ਤੇ ਮੈਂ ਨਮੋਸ਼ੀ ਵਿਚ ਡੁਬਦਾ ਜਾਦਾ ਸਾਂ। ਪਰ ਗੁਰੂ ਮਹਾਰਾਜ ਦੇ ਚਿਹਰੇ ਤੇ ਉਹੋ ਈ ਚਾਨਣਾ ਸੀ। ਉਹੋ ਨੂਰ ਸੀ। ਉਹ ਘੋੜੀ ਨੂੰ ਵੇਖਕੇ ਬਹੁਤ ਖੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲਗੇ — "ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ — ਤੇ ਏਸ ਘੋੜੀ ਦੀ ਸਾਂਭ ਵੀ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰਖੀ ਸੂ ਘੋੜੀ? ਜਿਉਂਦਾ ਵਸਦਾ ਰਹਵੇ।"

ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ, ਕੀਹ ਆਖਦਾ?

ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵਲ ਆਏ। ਮੈਂ ਉਹਨਾਂ ਦੇ ਆਵਣ ਦੀ ਖਬਰ ਲਾਹੌਰ ਭਾਈ ਹੁਰਾਂ ਨੂੰ ਘੱਲੀ। ਹੜ੍ਹ ਵਾਲੇ ਮੈਦਾਨ ਵਿਚ ਗੁਰੂਆਂ ਦੇ ਡੇਰੇ ਸਨ। ਆਲੇ ਦਵਾਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ , ਤਿੰਨ ਚਾਰ ਹਜ਼ਾਰ ਸਿਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ ਇੰਜ ਲਗਦੇ ਜਿਵੇਂ ਤਾਰਿਆਂ ਵਿਚ ਚੌਧਵੀਂ ਰਾਤ ਦਾ ਚੰਨ। ਹਵਾ ਦੀਆਂ ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿਲਰੇ ਹੋਏ ਸੁਣੇ ਜਾਂਦੇ:

ਸਾਡੇ ਭਾਗ ਭਲੇ
ਗੁਰਾਂ ਦੇ ਦਰਸ਼ਨ ਪਾਏ
ਸਾਡੇ ਭਾਗ ਭਲੇ .....

ਭਾਈ ਹੋਰੀ ਆਏ। ਉਹਨਾਂ ਦੇ ਹਥ ਵਿਚ ਸਬਜ਼ ਗੁਲਜ਼ਾਰ ਰੰਗ ਦੀ ਓਸ ਘੋੜੀ ਦਾ ਰੱਸਾ ਫੜਿਆ ਹੋਇਆ ਸੀ ਜਿਹਨੂੰ ਕੱਲ ਉਹ ਲਹੌਰੋਂ ਗਡੀ ਵਿਚ ਪਾ ਕੇ ਪਿਡ ਲੈ ਕੇ ਆਏ ਸਨ। ਗੁਰੂ ਸਾਹਿਬ ਉਠੇ ਤੇ ਅਗਾਂਹ ਵਧ ਕੇ ਉਹਨਾਂ ਭਾਈ ਨੂੰ ਦੁਆਵਾਂ ਦਿਤੀਆਂ ਤੇ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾ ਕੇ ਉਹਨੂੰ ਪਿਆਰ ਕੀਤੋ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉਤੇ ਗਡੀਆਂ ਹੋਈਆਂ ਸਨ।

ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ — "ਮਹਾਰਾਜ ਇਹ ਤੁਹਾਡਾ ਮਾਲ ਏ ਕਬੂਲ ਕਰੋ।"

ਗੁਰੂ ਸਾਹਿਬ ਰੱਸਾ ਫੜ ਲਿਆ ਤੇ ਘੋੜੀ ਦੇ ਪਿਡੇ ਉਤੇ ਪਿਆਰ ਨਾਲ ਹਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫੁਰਮਾਣ ਲਗੇ " ਚੌਧਰੀ ਵਸਦਾ ਰਹੁ, ਤੇਰੀ ਘੋੜੀ ਸਾਨੂੰ ਅਪੜ ਗਈ।"

"ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ" ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ, "ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗੁਸੇ ਓ।"

ਗੁਰੂ ਹੁਰਾਂ ਫੁਰਮਾਇਆ, "ਚੌਧਰੀ ਤੇਰਾ ਭਰਾ ਭਾਈ ਟਹਿਲ ਸਿਘ ਭਲਾ ਲੋਕ ਆਦਮੀ ਏ।

Sri Satguru Jagjit Singh Ji Elibrary NamdhariElibrary@gmail.com

ਉਹਦੇ ਨਾਲ ਤੇ ਅਸੀਂ ਭੋਰਾ ਵੀ ਨਾਰਾਜ਼ ਨਈਂ। ਉਹਨੂੰ ਤੇ ਅਸੀਂ ਇਹ ਗਲ ਕਦੇ ਜਤਾਈ ਵੀ ਨਈਂ। ਘੋੜੀ ਸਾਡੀ ਹੋ ਗਈ। ਪਰ ਇਹ ਰਹਵੇਗੀ ਤੇਰੇ ਕੋਲ। ਭਾਈਆ! ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਈਂ ਨਾ ਹੋ ਸਕਦੀ!!"

ਤੇ ਗੁਰੂ ਹੁਰਾਂ ਖੁਸ਼ ਹੋ ਕੇ ਦੁਆਵਾਂ ਦਿਤੀਆਂ ਸਵਾਰ ਨੂੰ ਵੀ ਤੇ ਘੋੜੀ ਨੂੰ ਵੀ।

1940-41 ਦੀ ਇਹ ਕਹਾਣੀ, ਚਾਚਾ ਟਹਿਲ ਸਿੰਘ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਤੋਂ ਆਪਣੇ ਖਤ ਵਿਚ ਮੈਨੂੰ 1971 ਵਿਚ ਲਿਖਦਾ ਏ। ਤੇ ਨਾਲ ਮੈਨੂੰ ਇਸ ਕਹਾਣੀ ਨੂੰ ਲਿਖਣ ਲਈ ਆਖਦਾ ਏ। ਏਸ ਕਹਾਣੀ ਵਿਚ ਭੈਣੀ ਸਾਹਿਬ ਵਾਲੇ ਗੁਰੂ, ਗੁਰੂ ਪ੍ਰਤਾਪ ਸਿੰਘ ਜੀ ਹੁਰੀਂ ਨੇ। ਚਾਚਾ ਟਹਿਲ ਸਿੰਘ ਨਵੇਂ ਪਿੰਡ ਵਾਲਾ ਭਾਈ ਟਹਿਲ ਸਿੰਘ ਰੰਧਾਵਾ ਨਾਮਧਾਰੀ ਏ — ਜਿਹੜਾ ਮੇਰੇ ਵਾਲਦ ਦਾ ਪੱਗ ਵਟ ਭਰਾ, ਦੋਸਤੀ, ਜਮਾਇਤੀ ਤੇ ਸਾਥੀ ਸੀ। ਹੁਣ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਵਿਚ ਬੈਠਾ ਏ।

ਕਹਾਣੀ ਵਿਚ ਉਹਦਾ "ਭਾਈ ਸਾਹਿਬ" ਤੇ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਗੁਰੂਆਂ ਤੋਂ ਉਤੋਂ ਦੀ ਮੁਲ ਲੈ ਆਵਣ ਵਾਲਾ ਬੰਦਾ ਮੇਰਾ ਵਾਲਦ ਏ।

ਇਹ ਮੇਰੇ ਹੋਸ਼ ਸੰਭਾਲਣ ਤੋਂ ਪਹਿਲੋਂ ਦੀਆਂ ਬਾਤਾਂ ਨੇ। ਮੈਂ ਉਸ ਘੋੜੀ ਨੂੰ ਵੇਖਿਆ ਵੀ ਨਈਂ ਪਰ ਚਾਚੇ ਟਹਿਲ ਸਿੰਘ ਦਾ ਇਹ ਖਤ ਪੜ ਕੇ ਮੈਨੂੰ ਓਸ ਘੋੜੀ ਬਾਰੇ ਹੋਰ ਜਾਨਣ ਦਾ ਸ਼ੌਕ ਕੁਦਿਆ। ਇਕ ਦਿਨ ਪਿੰਡ ਬੈਠਿਆਂ ਘੋੜੀਆਂ ਦੀਆਂ ਗਲਾਂ ਹੋ ਰਹੀਆਂ ਸਨ। ਤੇ ਮੈਂ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦੀ ਗਲ ਵਾਹ ਦਿਤੀ। ਪਰ੍ਹਾਂ ਚੁਪ ਕਰਕੇ ਬੈਠੇ ਅੱਬਾ ਜੀ ਦੀਆਂ ਤਸਬੀਹ ਫੇਰਦੀਆਂ ਉਂਗਲਾਂ ਖਲੋ ਗਈਆਂ। ਉਹਨਾਂ ਦੀਆਂ ਭੁਰੀਆਂ ਬਦਾਮੀ ਖੂਬਸੂਰਤ ਚਮਕਦੀਆਂ ਅਖੀਆਂ ਦੇ ਵਿਚ ਮਸ਼ਾਲਾਂ ਜਹੀਆਂ ਬਲੀਆਂ।

"ਭਾਈ, ਉਹ ਬੜੀ ਘੋੜੀ ਸੀ।" ਉਹ ਆਖ ਕੇ ਚੁਪ ਕਰ ਗਏ। ਤੇ ਤਸਬੀਹ ਦੇ ਦਾਣੇ ਫੇਰ ਉਹਨਾਂ ਦੀਆਂ ਉਂਗਲਾਂ ਵਿਚ ਫਿਰਨ ਲਗ ਪਏ। ਚਾਚਾ ਟਹਿਲ ਸਿੰਘ ਉਹਨਾਂ ਨੂੰ ਬਹੁਤ ਪਿਆਰਾ ਸੀ ਤੇ ਉਹਦੇ ਜ਼ਿਕਰ ਤੇ ਅਬਾ ਜੀ ਸਦਾ ਹੀ ਉਦਾਸ ਹੋ ਜਾਂਦੇ। ਮੈਂ ਦੁਖਾਂ ਦਰਦਾਂ ਦੇ ਫੋਲਣੇ ਤੇ ਨਹੀਂ ਫੋਲਣਾ ਚਾਹੁੰਦਾ ਪਰ ਦੋ ਤਿੰਨ ਗਲਾਂ ਪੁਛਣੋਂ ਬਿਨਾਂ ਮੈਥੋਂ ਰਹਿ ਵੀ ਨਾ ਹੁੰਦਾ।

"ਜਦੋਂ ਤੁਹਾਨੂੰ ਚਾਚਾ ਟਹਿਲ ਸਿੰਘ ਏਡਾ ਈ ਪਿਆਰਾ ਸੀ ਫੇਰ ਤੁਸਾਂ ਉਹਦੇ ਗੁਰੂ ਦੇ ਸੰਦੇ ਤੇ ਸੌਦਾ ਕਿਉਂ ਕੀਤਾ?"

"ਇਹਨੂੰ ਹੁੜ ਮਤ ਤੇ ਮੂਰਖਪੁਣਾ ਹੀ ਕਿਹਾ ਜਾ ਸਕਦਾ ਏ।" ਅੱਬਾ ਜੀ ਨਿਕਾ ਜਿਹਾ ਜੁਆਬ ਦੇ ਕੇ ਗਲ ਮੁਕਾਈ। "ਘੋੜੀ ਵੇਖ ਕੇ ਮੈਂ ਰਹਿ ਨਾ ਸਕਿਆ ਤੇ ਘੋੜੀ ਮੈਂ ਲਈ ਵੀ ਗੁਰੂ ਸਾਹਿਬ ਦੇ ਮੁਲ ਤੋਂ ਬਹੁਤਾ ਮੁਲ ਤਾਰ ਕੇ। ਤੇ ਬੜਿਆਂ ਜ਼ੋਰਾਂ ਨਾਲ — ਤਾਂ ਵੀ ਮੈਂ ਸਮਝਾਂ ਮੈਂ ਘੋੜੀ ਕੱਖਾਂ ਦੇ ਮੁੱਲ ਲੈ ਆਂਦੀ। ਗੁਰੂ ਸਾਹਿਬ ਦੇ ਘਰ ਰੁਪਏ ਪੈਸੇ ਦੀ ਕਾਹਦੀ ਥੋੜ? ਉਹ ਤੇ ਆਪਣਿਆਂ ਸਿੱਖਾਂ ਨੂੰ ਇਸ਼ਾਰਾ ਕਰਦੇ ਤੇ ਅਗਲੇ ਘੋੜੀ ਸੋਨੇ ਨਾਲ ਤੋਲ ਕੇ ਵੀ ਲੈ ਆਉਂਦੇ।"

ਮੇਰਾ ਦੂਸਰਾ ਸਵਾਲ । ਮੈਂ ਕਿਹਾ — "ਅਸੂਲ ਨਾਲ ਤੇ ਸਾਈ ਦੇਣ ਮਗਰੋਂ ਘੋੜੀ ਉਹਨਾਂ ਦੀ ਹੋ ਗਈ। ਫੇਰ ਉਹ ਉਸ ਘੋੜੀ ਦੇ ਵੀ ਬੜੇ ਆਸ਼ਿਕ ਹਨ। ਤਾਂ ਵੀ ਉਹਨਾਂ ਤੁਹਾਡੀ ਏਸ ਹਰਕਤ ਦਾ ਬੁਰਾ ਨਾ ਮਨਾਇਆ? ਤੁਹਾਡੀ ਏਸ ਹਰਕਤ ਤੋਂ ਉਹ ਚਾਚੇ ਟਹਿਲ ਸਿੰਘ ਨਾਲ ਰੰਜ ਕਿਉਂ ਨਾ ਹੋਏ?"

ਇਹਦੇ ਵਿਚ "ਕਿਉਂ ਨਾ ਹੋਏ?" ਦਾ ਕੀ ਸਵਾਲ ਏ, ਬੱਲਿਆ' ਇਹ ਗੁਰੂ ਹੁਰਾ ਦੀ ਵਡਿਆਈ ਸੀ। ਐਵੇਂ ਤੇ ਨਈਂ ਲਖਾਂ ਬੰਦੇ ਉਹਨਾਂ ਦੀਆਂ ਮਿਨਤਾਂ ਕਰਦੇ ਰਹੇ? ਉਹ ਬੜੇ ਹੰਸਲੇ ਤੇ ਬੜੀਆਂ ਸਿਫਤਾਂ ਵਾਲੇ ਇਨਸਾਨ ਸਨ। ਜਦੋਂ ਉਹ ਘੋੜੀ ਨੂੰ ਮਿਲਣ ਮੇਰੇ ਘਰ ਆਏ। ਜੇ ਮੈਂ ਉਦੋਂ ਘੋੜੀ ਉਨਾਂ ਦੀ ਨਜ਼ਰ ਕਰਦਾ ਤਾਂ ਗੱਲ ਹੌਲੀ ਰਹਿ ਜਾਂਦੀ। ਏਸ ਕਰਕੇ ਹੀ ਮੈਂ ਤੋੜ ਪਿਡ ਆ ਕੇ ਘੋੜੀ ਉਹਨਾਂ ਦੀ ਨਜ਼ਰ ਕੀਤੀ। ਜਿਹੜੀ ਉਹਨਾਂ ਕਬੂਲ ਤੇ ਕਰ ਲਈ ਪਰ ਘੋੜੀ ਨਾ ਲਈ। ਮੈਂ ਭਾਈ ਟਹਿਲ ਸਿਘ ਦੀ ਵਜ੍ਹਾ ਤੋਂ ਹੀ ਘੋੜੀ ਉਹਨਾਂ ਦੀ ਨਜ਼ਰ ਕਰਨਾ ਚਾਹੁੰਦਾ ਸਾਂ ਤਾਂ ਜੋ ਉਹ ਮੇਰੇ ਮੂਰਖਪੁਣੇ ਤੋਂ ਭਾਈ ਨਾਲ ਨਾਰਾਜ਼ ਨਾ ਹੋਣ ਤੇ ਆਪਣੇ ਸਿਖ, ਆਪਣੇ ਇਕ ਮੰਨਣ ਵਾਲੇ, ਆਪਣੇ ਇਕ ਚੇਲੇ ਦਾ ਮੈਨੂੰ ਭਰਾ ਸਮਝ ਕੇ ਹੀ ਉਹਨਾਂ ਮੈਥੋਂ ਘੋੜੀ ਨਾ ਲਈ — ਇਹੋ ਜਿਹੀਆਂ ਵਡਿਆਈਆਂ ਬੰਦਿਆਂ ਵਿਚ ਨਈਂ ਫਰਿਸ਼ਤਿਆਂ ਵਿਚ ਹੁੰਦੀਆਂ ਨੇ। ਤੇ ਉਹ ਸੱਚੀ ਮੁਚੀਂ ਫਰਿਸ਼ਤਿਆਂ ਵਰਗੇ ਹੀ ਮਨੁਖ ਸਨ।"

ਮੈਂ ਆਖਰੀ ਸਵਾਲ ਰੇੜ੍ਹਿਆ "ਫੇਰ ਉਹ ਘੋੜੀ ਦਾ ਕੀ ਬਣਿਆ?"

"ਬਨਣਾ ਕੀਹ ਸੀ?" ਅੱਬਾ ਜੀ ਨਿਮ੍ਹਾਂ ਜਿਹਾ ਹਸ ਕੇ ਬੋਲੇ — 'ਜਿਸ ਘੋੜੀ ਦੇ ਏਸਰਾਂ ਦੇ ਐਨੇ ਸਾਰੇ ਕਿਸੇ ਬਣ ਜਾਣ ਮੁੜ ਤੇ ਆਖਰ ਓਸ ਜਾਣਾ ਹੀ ਸੀ। ਬੜੇ ਬੜੇ ਸੇਠ, ਸ਼ਾਹੂਕਾਰ, ਰਾਜੇ, ਮਹਾਰਾਜੇ, ਤੇ ਅਮੀਰ ਕਬੀਰ ਲੋਕ ਉਹਦੇ ਗਾਹਕ ਬਣੇ। ਪਰ ਮੈਂ ਕਦੋਂ ਵੇਚਦਾ ਸਾਂ ਉਹਨੂੰ। ਪਰ ਪੰਜ ਹਥਿਆਂ ਅਗੇ ਮੇਰੀ ਕੋਈ ਪੇਸ਼ ਨਾ ਗਈ ....."

"ਕਿਵੇ?" ਮੇਰੇ ਮੂੰਹੋਂ ਨਿਕਲਿਆ।

"ਪੰਜ ਹਥੇ, ਪੰਜੇ ਭਰਾ ਤਿੰਨ ਵਡੇ ਨੰਟਾਂ ਦੀਆ ਬੋਰੀਆਂ ਤੇ ਦਸ ਸੇਰ ਪਕੇ ਸੋਨੇ ਦੀਆਂ ਟੂੰਬਾਂ ਦੀ ਪੰਡ ਲੈ ਕੇ ਮੇਰੇ ਬੂਹੇ ਤੇ ਆ ਕੇ ਬਹਿ ਗਏ। ਪੰਜ ਹਥੇ ਤੇ ਉਹਨਾਂ ਦੀ ਅੱਲ ਪੈ ਗਈ ਹੋਈ ਸੀ। ਉਹ ਪੰਜੇ ਭਰਾ ਬੜੇ ਭਾਰੇ ਜਵਾਨ ਤੇ ਵਡੇ ਡਾਕੂ ਸਨ। ਪਰ ਸਨ ਆਪਣੀ ਬਰਾਦਰੀ ਦੇ ਭਰਾ, ਨਾਲ ਦੇ ਪਿਡ ਦੇ। ਆਪਣਿਆਂ ਪਿਡਾਂ ਵਿਚ ਤੇ ਉਹ ਕਦੇ ਕਿਸੇ ਨੂੰ ਕੰਨੀ ਪਾਇਆਂ ਵੀ ਨਾ ਦੁਖਦੇ। ਦੂਰ ਦੂਰ ਦੇ ਸ਼ਹਿਰਾਂ ਵਿਚ ਜਾ ਕੇ ਡਾਕੇ ਮਾਰਦੇ। ਇਕ ਇਕ ਬੰਦਾ ਪੰਜ ਪੰਜ ਹਥਾਂ ਵਾਲਾ ਲਗਣ ਲਗਦਾ ਤੇ ਏਸ ਪਾਰੋਂ ਹੀ ਲੋਕ ਉਹਨਾਂ ਨੂੰ ਪੰਜ ਹਥੇ ਆਖਣ ਲਗ ਪਏ।

ਜਦੋਂ ਉਹ ਆਏ ਰਾਤ ਅੰਨ ਪਾਣੀ ਖੁਆ ਮੈਂ ਹਸਦਿਆਂ ਹਸਦਿਆਂ ਪੁਛਿਆ, "ਲਾਹੌਰ ਲੁਟਣ ਆਏ ਓ ਪੰਜ ਹਥਿਓ?"

ਈਸ਼ਵਰ ਸਿਘ ਦੀ ਚਿਟੀ ਦਾੜ੍ਹੀ ਸੀ ਤੇ ਸਾਰਿਆਂ ਭਰਾਵਾਂ ਵਿਚੋਂ ਵਡਾ। ਸਿਰੋਂ ਆਪਣੀ ਪੱਗ ਲਾਹ ਕੇ ਗਲ ਵਿਚ ਪਾ ਲਈਓ ਸੂ ਤੇ ਹਥ ਜੋੜ ਕੇ ਬੋਲਿਆ — "ਭਰਾ ਜਿਹੜੀ ਘੋੜੀ ਦਾ ਮੁੱਲ ਗੁਰੂ ਤੇ ਰਾਜੇ ਮਹਾਰਾਜੇ ਨਈਂ ਦੇ ਸਕੇ, ਅਸਾਂ ਕੀਹ ਦੇ ਲੈਣਾ ਏ? ਪਰ ਫੇਰ ਵੀ ਅਸੀਂ ਆਪਣੀ ਸਾਰੀ ਉਮਰ ਦੀ ਕਮਾਈ ਲੈ ਕੇ ਆਏ ਆਂ ਤੇ ਜਾਵਾਂਗੇ ਘੋੜੀ ਲੈ ਕੇ। ਨਈਂ ਤੇ ਸਹੁ ਭਾਈਏ ਦੀ! ਅਸਾਂ ਸਾਰੀ ਉਮਰ ਤੇਰੇ ਬੂਹੇ ਤੇ ਬਹਿ ਰਾਂਗੇ। ਤੇਰੇ ਮਾਲ ਡੰਗਰ ਨੂੰ ਪਠਾ ਦਥਾ ਪਾ ਛਡਿਆ ਤੇ ਤੇਰੀਆਂ ਰੋਟੀਆਂ ਤੋੜ ਛਡਿਆ ਕਰਾਂਗੇ।" ਈਸ਼ਵਰ ਸਿਘ ਦੀ ਗਲ ਅਟੱਲ ਸੀ।

"ਫੇਰ ਘੋੜੀ ਲੈ ਗਏ ਪੰਜ ਹਥੇ?" ਮੈਂ ਪੁਛਿਆ।

"ਲੈ ਗਏ।" ਅਬਾ ਜੀ ਹਸ ਕੇ ਬੋਲੇ — "ਸਵੇਰੇ ਉਹਨਾਂ ਨੂੰ ਛਾਹ ਵੇਲਾ ਖਵਾ ਕੇ ਮੈਂ ਘੋੜੀ

Sri Satguru Jagjit Singh Ji Elibrary NamdhariElibrary@gmail.com

ਖੋਲ੍ਹ ਕੇ ਉਨਾਂ ਦੇ ਹਥ ਫੜਾਈ ਤੇ ਉਹ ਛਾਲਾਂ ਮਾਰਦੇ ਉਡ ਗਏ।''

''ਕਿੰਨੇ ਦੀ?'' ਮੈਂ ਕੀਮਤ ਪੁਛਣ ਲਈ ਬੇਚੈਨ ਸਾਂ। ''ਆਖਰ ਏਡੀ ਨਾਮੀ ਗਰਾਮੀ ਤੇ ਵਡੀ ਘੋੜੀ ਦਾ ਕੀਹ ਮੁਲ ਲੱਗਿਆ?''

''ਮੁਲ?'' ਹੱਸ ਕੇ ਅਬਾ ਜੀ ਕਹਿਆ — ''ਇਕ ਰੁਪਿਆ ਚਾਂਦੀ ਦਾ!''

''ਇਕ ਰੁਪਿਆ ?'' ਮਸਾਂ ਈ ਮੇਰੇ ਮੂੰਹੋਂ ਨਿਕਲਿਆ।

ਆਹੋ ਕਾਕਾ! ਬੰਨੇ ਚੰਨੇ ਦੇ ਭਰਾ ਸਨ ਤੇ ਬੂਹੇ ਤੇ ਆ ਕੇ ਬੈਠੇ ਹੋਏ ਸਨ। ਮੈਂ ਉਨਾਂ ਤੋਂ ਘੋੜੀ ਦਾ ਮੁਲ ਲੈਂਦਾ ਚੰਗਾ ਲਗਦਾ ਸਾਂ!'' ਅੱਬਾ ਜੀ ਕਹਿਣ ਲਗੇ।

ਤੇ ਰੁਪਿਆ ਕਿੰਜ ਹੋਇਆ ਫੇਰ?

''ਮੁਲ ਦੇਣ ਲਈ ਉਹਨਾਂ ਦੇ ਜ਼ੋਰ ਲਾਵਣ ਤੇ ਮੈਂ ਚਾਂਦੀ ਦਾ ਇਕ ਰੁਪਿਆ ਉਹਨਾਂ ਤੋਂ ਲੈ ਲਿਆ।'' ਅਬਾ ਜੀ ਹਨੇਰੇ ਵਿਚ ਵੇਖਦਿਆਂ ਹੋਇਆਂ ਹੱਸ ਕੇ ਬੋਲੇ।

ਹੁਣ ਇਹ ਮੇਰੇ ਲਈ ਲਿਖਿਆ ਗਿਆ ਏ ਕਿ ਕਿਆਮਪੁਰ ਤੇ ਮੁਕੇਰੀਆਂ ਵਿਚ ਏਧਰ ਓਧਰ ਖਿਲਰੀਆਂ ਹੋਈਆਂ ਕਹਾਣੀਆਂ ਨੂੰ ਕਠੀਆਂ ਕਰ ਕਰਕੇ ਮੈਂ ਲਿਖਦਾ ਰਹਾਂ!!

ਲਿਪੀਆਂਤਰ — **ਜਤਿੰਦਰ ਜੌਲੀ**
421 ਈਸਟ ਮੋਹਨ ਨਗਰ, ਅੰਮ੍ਰਿਤਸਰ

ਸ੍ਰੀ ਜਤਿੰਦਰ ਜੌਲੀ ਨੇ ਇਸ ਕਹਾਣੀ ਦਾ ਲਿਪੀਆਂਤਰ (ਉਰਦੂ ਅੱਖਰਾਂ ਤੋਂ ਗੁਰਮੁਖੀ) ਕੀਤਾ ਹੈ। ਉਹਨਾਂ ਦੇ ਅਨੁਸਾਰ ਇਸ ਕਹਾਣੀ ਵਿਚਲੇ ਚਾਚਾ ਟਹਿਲ ਸਿੰਘ ਰੰਧਾਵਾ, ਪਿੰਡ ਲਾਡਪੁਰ, ਡਾਕਖਾਨਾ ਭੰਗਾਲਾ, ਤਹਿਸੀਲ ਮੁਕੇਰੀਆਂ, ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕ ਪ੍ਰਸਿੱਧ ਨਾਮਧਾਰੀ ਹਨ। ਉਹਨਾਂ ਦੇ ਸਪੁਤਰ ਸ: ਕਿਰਪਾਲ ਸਿੰਘ ਪਿਛਲੇ ਕਈਆਂ ਸਾਲਾਂ ਤੋਂ ਲਗਾਤਾਰ ਲਾਡਪੁਰ ਦੇ ਸਰਪੰਚ ਹਨ। ਸ: ਟਹਿਲ ਸਿੰਘ ਕਹਾਣੀ ਲੇਖਕ ਜਨਾਬ ਅਫਜ਼ਲ ਅਹਿਮਦ ਰੰਧਾਵਾ ਦੇ ਪਿਤਾ ਚੌਧਰੀ ਸਰਫਰਾਜ਼ ਖਾਂ ਦੇ ਪੱਗ ਵਟ ਭਰਾ ਹਨ ਪਰ ਦੇਸ਼ ਦੀ ਵੰਡ ਬਾਅਦ ਇਸ ਦੂਰੀ ਦੀ ਪੀੜ ਨੂੰ ਸ਼ਿਦਤ ਨਾਲ ਹੰਢਾ ਰਹੇ ਹਨ। ਉਹਨਾਂ ਦੇ ਨਾਲ ਸ੍ਰੀ ਜਤਿੰਦਰ ਜੌਲੀ ਨੇ ਇੰਟਰਵੀਊ ਵੀ ਕੀਤਾ ਹੈ।
—ਸੰਪਾਦਕ)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸ੍ਰੀ ਸਤਿਗੁਰੂ
ਪ੍ਰਤਾਪ ਸਿੰਘ

ਇਸ ਦੇ ਨੂਰੋਂ ਲੈਣ ਰੋਸ਼ਨੀ ਸੂਰਜ, ਚੰਨ ਸਿਤਾਰੇ।
ਏਸੇ ਦੇ ਕ੍ਰਿਸ਼ਮੇ ਬਣ, ਨਦੀਆਂ, ਪਰਬਤ, ਸਾਗਰ,ਖਾਰੇ।
ਫੁੱਲੀਂ ਖੇੜਾ, ਜੋਤ ਜਗਤ ਵਿੱਚ, ਸ੍ਵਾਸ ਇਦ੍ਹੇ ਵਿਚ ਪੌਣਾ।
ਜ਼ਿਮੀ ਸਮਾਨੀਂ''ਪ੍ਰੀਤਮ''ਇਸਦੇ,ਪਲ ਪਲ ਮਾਨ ਨਜ਼ਾਰੇ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਨਾਲ ਪਹਿਲੀ ਮਿਲਣੀ

ਸ੍ਰ ਗੁਰਬਖਸ਼ ਸਿੰਘ

ਸਚਿ ਆਚਾਰ ਦੇ ਸੰਗ-ਮਰਮਰੀ ਮੰਦਰ ਵਲ ਇਕ ਮਾਰਗ ਉਤੇ ਮੈਂ ਬਾਬਾ ਖੜਕ ਸਿੰਘ ਜੀ ਨੂੰ ਚੜ੍ਹਦਿਆਂ ਵੇਖਿਆ। ਦੂਜੇ ਮਾਰਗ ਉਤੇ ਮੈਂਨੂੰ ਇਕ ਹੋਰ ਮਹਾਂਪੁਰਖ ਰਵਾਂ ਰਵੀਂ ਤੁਰਦੇ ਦਿਸੇ।

ਇਕ ਦਿਨ ਮੈਨੂੰ ਸੈਰ ਕਰਨ ਗਏ ਨੂੰ ਕਿਸੇ ਨੇ ਖਬਰ ਦਿਤੀ ਕਿ ਨਾਮਧਾਰੀ ਪੰਥ ਦੇ ਸਤਿਗੁਰੂ ਮਹਾਰਾਜਾ ਪ੍ਰਤਾਪ ਸਿੰਘ ਜੀ ਮੇਰੇ ਦਫਤਰ ਵਿਚ ਬੈਠੇ ਮੈਨੂੰ ਯਾਦ ਕਰ ਰਹੇ ਸਨ। ਕੋਈ ਚਾਅ ਮੈਨੂੰ ਇਸ ਖਬਰ ਨੇ ਚਾੜ੍ਹਿਆ। ਧਾਰਮਿਕ ਸੰਪਰਦਾਵਾਂ ਦੇ ਆਗੂਆਂ ਬਾਰੇ ਮੇਰਾ ਆਪਣਾ ਖਿਆਲ ਇਹ ਬਣਿਆ ਹੋਇਆ ਸੀ ਕਿ ਕੋਈ ਅਡੰਬਰੀ ਸਤਿਗੁਰੂ ਸਿਆਣਾ ਜਿਹਾ ਮੂੰਹ ਬਣਾ ਕੇ ਕਿਸੇ ਉਚੀ ਥਾਹੋਂ ਖਿਲਰ ਕੇ ਬੈਠਾ ਹੋਵੇਗਾ। ਮੇਰੀਆਂ ਸ਼ੁਭ ਇਛਾਵਾਂ ਦੇ ਜਵਾਬ ਵਿਚ ਆਪਣਾ ਅਸੀਸਾਂ ਦੇਦਾਂ ਹਥ ਉਠਾ ਕੇ ਉਹ ਮੈਨੂੰ ਪੈਰੇ ਬੈਠਣ ਦਾ ਇਸ਼ਾਰਾ ਕਰ ਦੇਵੇਗਾ।

ਏਸੇ ਖਿਆਲ ਵਿਚ ਮੈਂ ਹੌਲੀ ਹੌਲੀ ਤੁਰਿਆ ਜਾ ਰਿਹਾ ਸਾਂ ਕਿ ਦਫਤਰ ਦੇ ਬੂਹੇ ਵਿਚੋਂ ਇਕ ਖੁਲ੍ਹਾ ਜਿਹਾ ਪ੍ਰਭਾਵ ਮੇਰੇ ਉਤੇ ਪਿਆ। ਕਦਮਾਂ ਵਿਚ ਕੋਈ ਰੋਂ ਜਿਹੀ ਚਿਣਕੀ। ਮੈਂ ਤਿੱਖਾ ਹੋ ਕੇ ਵਧਿਆ। ਆਮ ਲਿਬਾਸ ਵਿਚ ਇਕ ਸਾਦੀ ਜਿਹੀ ਸੂਰਤ ਕੁਰਸੀ ਉਤੇ ਸੁੰਗੜ ਕੇ ਬੈਠੀ ਹੋਈ ਮੇਰੀ ਅਗਵਾਈ ਲਈ ਉਠੀ। ਜਿਨਾਂ ਮੈਂ ਉੜਿਆ ਉਨਾ ਹੀ ਉੜ ਕੇ ਉਨਾਂ ਨੇ ਮੇਰੇ ਨਾਲ ਹਥ ਮਿਲਾਇਆ। ਆਪਣੇ ਕੋਲ ਕੁਰਸੀ ਤੇ ਬਹਿਣ ਲਈ ਆਖਿਆ। ਉਨ੍ਹਾਂ ਦੇ ਆਪਣੇ ਸ਼ਰਧਾਲੂ ਬੜੇ ਨੀਵੇਂ ਬੈਠੇ ਹੋਏ ਸਨ। ਮੇਰਾ ਜੀਅ ਖੁਲ੍ਹ ਗਿਆ, ਚਿਤ ਖਿੜ ਗਿਆ, ਸੁਖ ਪੁਛੀ, ਪੁਛਿਆ, "ਆਪ ਕਿਸ ਤਰਾਂ ਆਏ ਹੋ?" "ਆਪ ਦੇ ਦਰਸ਼ਨ ਲਈ"। ਮੈਂ ਇਸ ਨਿਰਮਾਣਤਾ ਉਤੇ ਹੈਰਾਨ ਰਹਿ ਗਿਆ। ਮੈਂ ਸੁਣਿਆ ਹੋਇਆ ਸੀ ਕਿ ਉਹ ਪੰਥ ਵਿਚ ਇਕ ਬੜੀ ਉਚੀ ਹਸਤੀ ਹਨ, ਤੇ ਪਾਤਸ਼ਾਹਾਂ ਦਾ ਮਾਣ ਉਹਨਾਂ ਨਾਲੋਂ ਕੁਝ ਵਧੇਰੇ ਨਹੀਂ ਹੁੰਦਾ: "ਧੰਨ ਭਾਗ ਪਰ ਮੇਰੇ ਵਰਗੇ ਮਜ਼ੁਬੀ ਅਛੂਤ ਦੀ ਸੋਅਆਪ ਵਰਗੇ ਮਜ਼ਬੀ ਆਗੂ ਤਕ ਕਿਵੇਂ ਪਹੁੰਚ ਗਈ।"

ਉਨਾਂ ਨੇ ਹੱਸ ਕੇ ਉਤਰ ਦਿਤਾ, " ਆਪ ਦੀ 'ਪ੍ਰੀਤ ਲੜੀ' ਪ੍ਰੋ ਲਿਆਈ ਹੈ।" ਮੈਂ ਹੋਰ ਵੀ ਹੈਰਾਨ ਹੋ ਗਿਆ। "ਪ੍ਰੀਤ ਲੜੀ" ਜਿਸਨੂੰ ਮੈਂ ਸੁਣਿਆ ਹੈ, ਧਾਰਮਕ ਸਜਣ ਚਿਮਟੇ ਨਾਲ ਫੜਨਾ ਵੀ ਖਤਰੇ ਤੋਂ ਖਾਲੀ ਨਹੀਂ ਸਮਝਦੇ। ਉਹ ਅਠੋਤਰੀਆਂ ਦੇ ਸਾਧੇ ਭਜਨੀਕ ਤੇ ਸਵਛਤਾ ਦੀਆਂ ਵਲਗਣਾਂ ਵਿਚ ਰਹਿਣ ਵਾਲੇ ਪੂਜ ਨੂੰ ਭਾ ਜਾਵੇ। ਮੈਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਅੰਦਰ ਝਾਤੀ ਮਾਰਨ ਦੀ ਬੜੀ ਤੀਬਰ ਲੋਚਨਾਂ ਫੁਰੀ, ਪਰ ਏਸ ਐਕਸਰੇ ਲਈ ਦਫਤਰ ਚੰਗੀ ਥਾਂ ਨਹੀਂ ਸੀ: ਬਿਨੈ ਕੀਤੀ ਮਹਾਰਾਜ ਮੇਰੀ ਕੁਟੀਆ ਵਿਚ ਚਲਣ। ਉਤਰ ਵਿਚ ਉਹ ਝਟ ਕੁਰਸੀ ਤੋਂ ਉਠ ਬੈਠੇ ਤੇ ਮੇਰੇ ਨਾਲ ਹੋ ਪਏ।

Sri Satguru Jagjit Singh Ji Elibrary NamdhariElibrary@gmail.com

ਬਾਗੀ ਦੇ ਸਾਹਮਣੇ ਕੁਰਸੀ ਉਤੇ ਮੈਂ ਮਹਾਰਾਜ ਜੀ ਨੂੰ ਬਿਠਾ ਦਿਤਾ। ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ' ਤੇ ਹੋਰ ਉਹਨਾਂ ਦੇ ਪ੍ਰੇਮੀ ਥਲੇ ਦਰੀ ਉਤੇ ਬੈਠ ਗਏ। ਮਹਾਰਾਜ ਜੀ ਨੇ ਉਪਰੋਂ ਚਾਦਰਾ ਲਾਹ ਦਿਤਾ। ਲੰਮਾ ਸਰੀਰ ਸਾਰਾ ਮੇਰੀਆਂ ਅਖਾਂ ਸਾਹਮਣੇ ਹੋ ਗਿਆ।

ਉਨਾਂ ਦੇ ਬੈਠਣ ਵਿਚ ਉਹ ਸਰਲਤਾ, ਬੋਲ ਵਿਚ ਉਹ ਨਿਰਮਾਣਤਾ, ਦ੍ਰਿਸ਼ਟੀ ਵਿਚ ਉਹ ਖਾਲਸਪਨ ਕਿ ਵਡੇ ਆਦਮੀ ਦੇ ਵਤੀਰੇ ਲਈ ਜਿਹੜੀਆਂ ਸ਼ਰਤਾਂ ਮੈਂ ਰਖੀਆਂ ਹੋਈਆਂ ਸਨ ਉਹ ਲਗ ਪਗ ਸਭ ਪੂਰੀਆਂ ਹੋ ਗਈਆਂ। ਵਡੇ ਆਦਮੀਆਂ ਨੂੰ ਛੋਟੇ ਆਦਮੀਆਂ ਦੀ ਪ੍ਰੀਖਿਆ ਹੀ ਵਡਿਤਣ ਦਾ ਰੁਤਬਾ ਦੇਂਦੀ ਹੈ।

ਹਸੂੰ ਹਸੂੰ ਕਰਦਾ ਚਿਹਰਾ, ਰੋਸ਼ਨ ਨੇਤਰ, ਸਵਦੇਸ਼ੀ ਪਹਿਰਾਵਾ, ਹਿਤੈਸ਼ੀ ਬੋਲ, ਅਗਲੇ ਨੂੰ ਦਲੇਰ ਕਰਨ ਵਾਲਾ ਵਤੀਰਾ, ਘਟ ਬੋਲਣ ਤੇ ਬਹੁਤ ਸੁਣਨ ਦਾ ਯਤਨ, ਦੂਜੇ ਦੀਆਂ ਸਿਫਤਾਂ ਢੂੰਡ ਕੇ ਪ੍ਰਸੰਸ਼ਾ ਕਰਨੀ। ਨਾ ਮਹਾਰਾਜ ਜੀ ਨੇ ਆਪਣੇ ਭੈਣੀ ਸਾਹਿਬ ਦੇ ਕਾਰਨਾਮਿਆਂ ਦਾ ਜ਼ਿਕਰ ਮੇਰੇ ਅਗੇ ਕੀਤਾ, ਨਾ ਮੈਨੂੰ ਕੋਈ ਉਪਦੇਸ਼ ਦੇਣ ਦੀ ਕਾਹਲ ਦਸੀ ਪ੍ਰਤੱਖ ਸ਼ੌਕ ਨਾਲ ਮੇਰੇ ਕੋਲੋਂ ਗਲਾਂ ਪੁਛਦੇ ਰਹੇ। ਵਲੈਤ ਦਾ ਅਮਰੀਕਾ ਨਾਲ ਮੁਕਾਬਲਾ, ਜਰਮਨੀ ਦਾ ਫਰਾਂਸ ਨਾਲ, ਈਰਾਨ ਦੀ ਸਭਿਅਤਾ ਦਾ ਹਾਲ, ਪ੍ਰਦੇਸੀ ਵਿਦਿਅਕ ਯੂਨੀਵਰਸਿਟੀਆਂ ਦਾ ਸਿਖਿਆ ਦੇਣ ਦਾ ਢੰਗ — ਗੱਲ ਕੀ ਜੋ ਉਨਾਂ ਜਾਤਾ ਕਿ ਮੈਂ ਦਸ ਸਕਦਾ ਸਾਂ, ਪੰਤਾਲੀ ਮਿੰਟ ਜਾਂ ਘੰਟੇ ਵਿਚ ਮੈਥੋਂ ਪੁਛ ਲਿਆ। ਮੇਰੀਆਂ ਤਸਵੀਰਾਂ ਵੇਖੀਆਂ, ਕਿਤਾਬਾਂ ਵਲ ਨਜ਼ਰ ਮਾਰੀ। ਮੈਂ ਵੀ ਆਪਣੇ ਦਿਲ ਦੇ ਬੂਹੇ ਬਾਰੀਆਂ ਖੋਲ ਦਿਤੇ। ਚਾਹਿਆ ਕਿ ਅਤਿਥੀ ਨੂੰ ਆਪਣੀ ਆਤਮਕ ਬਾਰਾਦਰੀ ਵਿਚ ਲਿਜਾ ਬਿਠਾਵਾਂ।

ਏਸੇ ਮਗਨਤਾ ਵਿਚ ਮੈਂ ਉਨਾਂ ਨੂੰ ਨਾ ਚਾਹ ਪੁਛੀ ਨਾ ਪ੍ਰਸ਼ਾਦ ਆਖਿਆ। ਤਦੋ ਖਬਰ ਕਿ ਉਹਨਾਂ ਜਾਣ ਦੀ ਤਿਆਰੀ ਕਰ ਲਈ। ਹੁਣ ਸੋਚ ਆਈ ਕਿ ਵਿਦਾ ਕੀਕਰ ਕਰਾਂ। ਮਾਇਆ ਭੇਂਟ ਕਰਨ ਦੀ ਵਾਦੀ ਮੈਨੂੰ ਨਹੀਂ। ਇਹ ਆਪਣੇ ਮਤ ਦੇ ਗੁਰੂ ਹਨ, ਸੰਗਤਾਂ ਕੋਲੋਂ ਭੇਟਾ ਲੈਂਦੇ ਹੋਣਗੇ। ਮੈਨੂੰ ਕੀ ਆਖਣਗੇ? ਇਹੀ ਸੋਚ ਸੀ ਕਿ ਆਪ ਨੇ ਖਜ਼ਾਨਚੀ ਨੂੰ ਆਖਿਆ, "ਪੰਜ ਦਮੜੇ ਸਰਦਾਰ ਸਾਹਿਬ ਨੂੰ "ਪ੍ਰੀਤ ਲੜੀ ਦੇ ਚੰਦੇ ਵਜੋਂ ਹਾਜ਼ਰ ਕਰ ਦਿਓ।" ਮੈਂ ਬਹੁਤੇਰਾ ਜ਼ੋਰ ਲਾਇਆ ਕਿ ਇਹ ਮੈਨੂੰ ਬਣਦਾ ਨਹੀਂ, ਪਰ ਉਨਾਂ ਨੇ ਇਹ ਆਖ ਕੇ ਚੁਪ ਕਰਾ ਦਿਤਾ : "ਸਾਡੀ ਖੁਸ਼ੀ ਏਸ ਵਿਚ ਹੈ।" ਤੇ ਤੁਰਨ ਲਗਿਆਂ ਬੜੇ ਪਿਆਰ ਨਾਲ ਹਥ ਘੁਟ ਕੇ ਆਖਿਓ,ਨੇ "ਜੋ ਖੁਸ਼ੀ ਅਜ ਸਾਨੂੰ ਆਪਦੇ ਮਿਲਿਆਂ ਹੋਈ ਹੈ, ਅਸੀਂ ਦਸ ਨਹੀਂ ਸਕਦੇ।"

ਮਹਾਰਾਜ ਪ੍ਰਤਾਪ ਸਿੰਘ ਜੀ ਮੇਰੇ ਘਰ ਦਾ ਪਾਣੀ ਤਕ ਆਪਣੇ ਪੀਣ ਯੋਗ ਨਹੀਂ ਸਨ ਸਮਝਦੇ, ਫੇਰ ਵੀ ਉਹ ਉਸ ਸਮੇਂ ਵੀ ਮੈਨੂੰ ਪ੍ਰੀਤ ਨਗਰ ਮਿਲਣ ਆਉਦੇ ਰਹੇ ਸਨ ਜਦੋਂ ਮੈਂ ਸਿਖ ਪੰਥ ਵਿਚ ਅਛੂਤ ਸਮਝਿਆ ਜਾਂਦਾ ਸੀ। ਜੇ ਕਿਸੇ ਹੋਰ ਸ਼ਹਿਰ ਵਿਚ ਉਹਨਾਂ ਦੇ ਨਾਲ ਹੋਣ ਦਾ ਪਤਾ ਉਹਨਾਂ ਨੂੰ ਲਗ ਗਿਆ ਤਾਂ ਵੀ ਉਹ ਮੇਰੇ ਮੇਜ਼ਵਾਨ ਦੇ ਘਰ ਮੈਨੂੰ ਮਿਲਣ ਆਉਦੇ ਰਹੇ। ਮੇਰਾ ਉਹਨਾਂ ਨੂੰ ਭੈਣੀ ਸਾਹਿਬ ਜਾਂ ਹੋਰ ਥਾਂ ਮਿਲਣ ਜਾਣਾ ਕੋਈ ਅਨੋਖੀ ਗਲ ਨਹੀਂ ਕਿਉਂ ਕਿ ਮੈਂ ਅਜੇ ਕਿਸੇ ਜੀਵਨ ਜਾਚ ਦਾ ਢੂੰਡਕ ਸਾਂ। ਤਜਰਬੇ ਕਰ ਰਿਹਾ ਸਾਂ, ਮੁਲਾਕਾਤਾਂ ਮੰਗ ਰਿਹਾ ਸਾਂ ਪਰ ਉਹਨਾਂ ਇਕ ਜੀਵਨ ਜਾਚ ਅਪਣਾ ਲਈ ਹੋਈ ਸੀ, ਜਿਸਨੂੰ ਉਹ ਨਿਰੰਕਾਰੀ ਜੀਵਨ-ਜਾਚ ਖਿਆਲ ਕਰਦੇ ਸਨ। ਉਹਨਾਂ ਦਾ ਚਲ ਕੇ ਪ੍ਰੀਤ ਨਗਰ ਉਹਦੇ ਪਾਸ ਆਉਣਾ, ਜਿਸਨੂੰ ਰੂਹ ਤੇ ਮਾਦੇ ਵਿਚ ਕੋਈ ਫਰਕ ਨਹੀਂ ਦਿਸਦਾ, ਜਿਸਨੂੰ ਨਾ ਪਿਛੇ ਦੀ ਕੋਈ ਚਿੰਤਾ ਤੇ ਨਾ ਅਗੇ ਦਾ ਕੋਈ ਸਹਿਮ ਹੋਣ ਕਰਕੇ ਕਿਸੇ ਬੰਦੀ-ਛੋੜ ਦੀ ਮੁਥਾਜੀ ਹੈ

Sri Satguru Jagjit Singh Ji Elibrary NamdhariElibrary@gmail.com

-- ਜ਼ਰੂਰ ਅਨੋਖਾ ਸੀ। ਇਸੇ ਕਰਕੇ ਉਹਨਾਂ ਲਈ ਮੇਰੇ ਦਿਲ ਵਿਚ ਬੜੀ ਪ੍ਰਸੰਸਾ ਪੈਦਾ ਹੋ ਗਈ, ਭਾਵੇਂ ਮੇਰੇ ਆਪਣੇ ਮਾਰਗ ਤੋਂ ਇਹਨਾਂ ਦਾ ਮਾਰਗ ਬਾਬਾ ਖੜਕ ਸਿੰਘ ਦੇ ਮਾਰਗ ਨਾਲੋਂ ਵੀ ਦੁਰਾਡਾ ਸੀ।

ਮਹਾਰਾਜ ਪ੍ਰਤਾਪ ਸਿੰਘ ਜੀ ਦਾ ਮਾਰਗ ਵੀ ਮੇਰਾ ਮਾਰਗ ਨਹੀਂ, ਨਾ ਬਾਬਾ ਖੜਕ ਸਿੰਘ ਜੀ ਵਾਲਾ ਹੀ ਮੇਰਾ ਮਾਰਗ ਸੀ। ਪਰ ਦੋਹਾਂ ਪਾਂਧੀਆਂ ਦੀ ਸੋਧ ਮੈਨੂੰ ਸਿਖਰ ਵਲ ਜਾਂਦੀ ਸਾਫ ਦਿਸ ਰਹੀ ਸੀ। ਦੋਹਾਂ ਵਡੇ ਪਾਂਧੀਆਂ ਨੂੰ ਮੈਂ ਆਪਣੇ ਮਾਰਗ ਤੋਂ ਬੜੀ ਸ਼ਰਧਾ ਨਾਲ ਪਰਨਾਮ ਕਰਦਾ ਆਇਆ ਹਾਂ।

Sri Satguru Jagjit Singh Ji Elibrary NamdhariElibrary@gmail.com

ਇਕ ਹੋਲੇ ਦੀ ਯਾਦ

ਸ.ਸ. ਅਮੋਲ

"ਪ੍ਰੋ: ਸ.ਸ. ਅਮੋਲ ਪੰਜਾਬ ਦੇ ਉਘੇ ਲੇਖਕ ਹਨ। ਪੰਜਾਬੀ ਅਧਿਆਪਨ, ਪਤਰਕਾਰੀ ਅਤੇ ਸਾਹਿਤਕਾਰੀ ਨੂੰ ਆਪ ਦਾ ਸਮੁਚਾ ਜੀਵਨ ਸਮਰਪਤ ਰਿਹਾ ਹੈ। ਅਜੇ ਪਿਛਲੇ ਦਿਨੀ ਹੀ ਕੇਂਦਰੀ ਪੰਜਾਬ ਲੇਖਕ ਸਭਾ ਨੇ ਆਪਣੀ ਸਿਲਵਰ ਜੁਬਲੀ ਸਮੇਂ ਇਨਾਂ ਨੂੰ ਸਨਮਾਨਤ ਕੀਤਾ ਹੈ। ਇਹ ਲੇਖ ਆਪ ਨੇ ਅਜ ਤੋਂ ਲਗ ਪਗ ਅਧੀ ਸਦੀ ਪਹਿਲਾਂ ਦੀ ਭੈਣੀ ਸਾਹਿਬ ਦੀ ਯਾਤਰਾ ਸਬੰਧੀ ਲਿਖਿਆ ਸੀ। ਇਸ ਇਤਿਹਾਸਕ ਮਹੱਤਤਾ ਵਾਲੇ ਲੇਖ ਨੂੰ ਇਥੇ ਮੁੜ ਪ੍ਰਕਾਸ਼ਨ ਦੇ ਕਈ ਕਾਰਨ ਹਨ: ਇਕ ਤਾਂ ਇਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜ਼ਿਕਰ ਹੈ, ਜਿਨਾਂ ਦਾ ਪ੍ਰਕਾਸ਼ ਹੋਲੇ ਦੇ ਦਿਨੀਂ ਹੁੰਦਾ ਹੈ। ਦੂਸਰਾ ਇਸ ਵਿਚ ਪੁਰਾਣੇ ਨਾਮਧਾਰੀ ਹੋਲੇ ਮਹੱਲੇ ਤੇ ਭੈਣੀ ਸਾਹਿਬ ਦਾ ਦ੍ਰਿਸ਼ ਹੈ।"

ਜਾਪਦਾ ਹੈ ਕਿ ਪੰਜਾਬੀ ਬੋਲੀ ਵਿਚ ਹੀ ਇਹ ਵਾਧਾ ਹੈ ਕਿ ਇਕ ਲਫਜ਼ ਦੇ ਕਈ ਕਈ ਅਰਥ ਹੋ ਜਾਂਦੇ ਹਨ ਤੇ ਕੁਝ ਜਾਪਦਾ ਹੈ ਕਿ ਮੇਰਾ ਰੱਬ ਭੀ ਗਿਆਨੀ ਪਾਸ ਹੈ। ਜਦ ਉਸਨੇ ਮੈਨੂੰ ਬਣਾਇਆ ਤਾਂ ਬੜਾ ਮਿਹਰਬਾਨ ਹੋ ਕੇ ਪੁਛਣ ਲਗਾ, ਦਸ ਤੈਨੂੰ ਕੀ ਦਿਆਂ। ਮੇਰੇ ਦਿਲ ਵਿਚ ਆਇਆ ਕਿ ਵਕੀਲ ਬਣੀਏ। ਤਾਂ ਉਹ ਕਹਿਣ ਲਗਾ, "ਚੰਗਾ ਤੈਨੂੰ ਵਕੀਲ ਬਣਾਇਆ।" ਮੈਨੂੰ ਹੁਣ ਪਤਾ ਲਗਾ ਹੈ ਖਬਰੇ ਅਰਥ ਹੋਰ ਕੱਢ ਕੇ ਉਹ ਮੈਨੂੰ ਕਚਹਿਰੀ ਦਾ ਵਕੀਲ ਤਾਂ ਨਹੀਂ ਬਣਾਇਆ। ਹਾਂ ਬਹਿਸਣ ਤੇ ਦਲੀਲਾਂ ਦੇਣ ਦੀ ਆਦਤ ਪਾ ਕੇ ਦਿਲਾਂ ਦਾ ਵਕੀਲ ਜ਼ਰੂਰ ਬਣਾ ਛਡਿਆ ਸੂ। ਫਿਰ ਮੈਂ ਕਿਹਾ ਕਿ ਮੈਨੂੰ 'ਕੇਸ' ਬਹੁਤ ਸਾਰੇ ਦੇ ਦੇਈ। ਮੇਰਾ ਮਤਲਬ ਸੀ ਕਿ ਮੁਕਦਮੇ ਬਹੁਤੇ ਮਿਲਣ ਪਰ ਰੱਬ ਨੇ ਮੈਨੂੰ ਵਾਲ ਹੀ ਮਣਾਂ ਮੂੰਹੀ ਦੇ ਛਡੇ। ਫਿਰ ਉਹ ਪੁਛਣ ਲਗਾ 'ਹੋਰ ਕੁਝ ਮੰਗ'। ਮੈਂ ਸੋਚੀ ਪੈ ਗਿਆ, ਮੈਨੂੰ ਭਗਤ ਨਾਮਦੇਵ ਦੀ ਗਲ ਯਾਦ ਆ ਗਈ। ਵਿਚਾਰੇ ਨੇ ਹੂਟੇ ਲੈਣ ਲਈ ਘੋੜੀ ਮੰਗੀ ਸੀ ਪਰ ਚੁਕਣ ਵਾਲੀ ਵਛੇਰੀ ਮਿਲੀ ਸੀ । ਸੋ ਮੈਂ ਸੋਚ ਸੋਚ ਕੇ ਸਾਥੀਆਂ ਦੀ ਭੁਖ ਤੇ ਪਰੇਮ ਦੀ ਉਮੰਗ ਵਿਚ "ਪਕੇ ਰੰਗ" ਦੀ ਮੰਗ ਕੀਤੀ ਤਾਂ ਮੈਨੂੰ ਕਾਲਾ ਰੰਗ ਮਿਲ ਗਿਆ ਤੇ ਉਹ ਵੀ ਅਜਿਹਾ ਪਕਾ ਕਿ ਸਭ ਦੁਨੀਆਂ ਦੀਆਂ ਕਰੀਮਾਂ ਤੇ ਪਾਉਡਰ ਤੇ ਸਾਬਣ ਰਲਕੇ ਉਸਨੂੰ ਖੁੰਬ ਨਹੀਂ ਚਾੜ ਸਕੇ।

ਭਾਈ ਗੁਰਦਾਸ ਜੀ ਨੇ ਠੀਕ ਹੀ ਲਿਖਿਆ ਹੈ "ਜੇ ਗੁਰ ਭਰਮਾਏ ਸਾਂਗ ਕਰ, ਕਿਆ ਸਿਖ

Sri Satguru Jagjit Singh Ji Elibrary NamdhariElibrary@gmail.com

ਵਿਚਾਰਾ।'' ਭਾਵੇਂ ਮੈਨੂੰ ਬਥੇਰੇ ਹਥ ਲਗ ਚੁਕੇ ਸਨ ਫਿਰ ਵੀ ਮੈਂ ਭੁਲ ਗਿਆ ਤੇ ਕੁਝ ਅਕ ਕੇ ਪਰੇ ਰੱਬ ਨੂੰ ਮੁਸਕੜੀਆਂ ਕਢਦਾ ਵੇਖ ਕੇ ਉਤੋਂ ਉਤੋਂ ਕੁਝ ਹਸ ਕੇ ਕਿਹਾ, ਫਿਰ 'ਸਾਧੂ ਸੰਗ' ਹੀ ਦੇ ਦਿਓ। ਉਹ ਹਸਦਾ ਹਸਦਾ ਆਖਣ ਲਗਾ ''ਹਾਂ ਬੱਚਾ ਤੂੰ ਸਾਧੂਆਂ ਕੋਲੋਂ ਬਹੁਤ ਸੰਗਿਆ ਕਰੇਂਗਾ।'' ਮੇਰੀ ਲਚਾਰੀ ਨੂੰ ਵੇਖ ਉਹ ਖਿੜ ਖਿੜ ਹਸ ਪਿਆ। ਮੈਂ ਘਾਬਰੇ ਹੋਏ ਨੇ ਕਿਹਾ, 'ਹਛਾ ਫਿਰ ਕੁਝ ਆਪਣੀ ਪ੍ਰੀਤ ਹੀ ਚਾਅ ਦਿਓ ਨਾ।' ਪਤਾ ਨਹੀਂ ਰੱਬ ਨੂੰ ਏਨੇ ਠੰਠੇ ਕਿਥੋਂ ਸੁਝ ਗਏ ਸਨ। ਉਸ ਨੇ ਮੇਰੀ ਅਖੀਰਲੀ ਨਾਂਹ ਨੂੰ ਮੰਨ ਲਿਆ। ਖਵਰੇ ਇਹੋ ਕਾਰਨ ਹੈ ਕਿ ਮੇਰੇ ਦਿਲ ਵਿਚ ਨਾ ਕਦੇ ਸਾਧੂਆਂ ਸੰਤਾਂ ਨੂੰ ਮਿਲਣ ਦਾ ਚਾਅ ਉਪਜਿਆ ਹੈ ਤੇ ਨਾ ਰਬ ਦੇ ਸਰੀਰ ਦੇ ਦਰਸ਼ਨ ਦੇ ਵਿਛੋੜੇ ਨੇ ਕਲਪਾਇਆ ਹੈ। ਕਿਉਂ ਕਿ ਰੱਬ ਨੇ ਮੈਨੂੰ ਹਸਦਿਆਂ ਹਸਦਿਆਂ ਦੋਸਤ ਬਣਾ ਕੇ ਤੋਰਿਆ ਸੀ। ਇਸ ਲਈ ਮੈਂ ਸਦਾ ਹੱਸਣ ਤੇ ਖੇਡਣ ਵਾਲਿਆਂ ਦੇ ਸਾਥ ਦਾ ਹੀ ਭੁਖਾ ਰਹਿੰਦਾ ਹਾਂ। ਬਹੁਤੇ ਵਡੇ ਤੇ ਗੰਭੀਰ ਉਚੇ ਤੇ ਵਖਰੇ ਰਹਿਣ ਵਾਲਿਆਂ ਕੋਲੋਂ ਮੈਨੂੰ ਡਰ ਤੇ ਸੰਗ ਵੀ ਆਉਂਦੀ ਰਹਿੰਦੀ ਹੈ। ਜੇ ਭਲਾ ਮੈਂ ਉਨ੍ਹਾਂ ਕੋਲ ਚਲਾ ਹੀ ਜਾਵਾਂ ਤਾਂ ਮੈਂ ਕੇਵਲ ਇਹੀ ਵੇਖ ਸਕਦਾ ਹਾਂ ਕਿ ਉਨਾਂ ਦੇ ਅੰਦਰ ਉਹ ਹੱਸਦਾ ਹਸੰਦਾ ਰੱਬ ਕਿੰਨਾ ਕੁ ਹੈ ਤੇ ਉਹ ਮੇਰੇ ਵਿਚ ਸਮਾਉਣ ਦੀ ਤਾਕਤ ਰਖਣ ਵਾਲਾ ਮਾਲਕ ਕਿੰਨਾ ਕੁ ਹੈ। ਰੋਂਦਾ ਰੋਂਦਾ ਰੋਹਬ ਵਾਲਾ ਤੇ ਵਡਾ ਵਡਾ ਵਖਰਾ ਵਖਰਾ ਰੱਬ ਮੈਂ ਤਕਿਆ ਹੀ ਨਹੀਂ। ਇਸ ਲਈ ਉਹ ਜੇ ਉਹਨਾਂ ਦੇ ਅੰਦਰ ਹੋਵੇ ਵੀ ਤਾਂ ਮੈਂ ਸਿਞਾਣ ਨਹੀਂ ਸਕਦਾ।

ਇਹ ਮੇਰੀ ਪਾਰਖੂ ਸ਼ਕਤੀ ਹੈ। ਇਨ੍ਹਾ ਹੀ ਵਟਿਆ ਨਾਲ ਮੈਂ ਵਡੀਆਂ ਹਸਤੀਆਂ ਨੂੰ ਤੋਲਦਾ ਹਾਂ। ਕੋਈ ਵੱਡੀ ਗੱਲ ਨਹੀਂ ਮੇਰੇ ਵਟਿਆਂ ਨਾਲੋਂ ਚੀਜ਼ਾਂ ਭਾਰੀਆਂ ਹੋਣ। ਪਰ ਮੈਂ ਕਰਾਂ ਕੀ? ਮੇਰੇ ਕੋਲ ਹੋਏ ਹੀ ਇਹੋ। ਹਾਂ, ਇਹ ਹੋ ਸਕਦਾ ਹੈ ਕਿ ਕਿਸੇ ਹਸਤੀ ਨੂੰ ਮੈਂ ਇਨ੍ਹਾਂ ਜਿੰਨਾਂ, ਕਿਸੇ ਨੂੰ ਦੂਣਾਂ ਤੇ ਕਿਸੇ ਨੂੰ ਵੀਹ ਗੁਣਾਂ ਅਟਕਲ ਪੱਚੂ ਕਹਿ ਦਿਆਂ। ਰੂਹਾਂ ਦੇ ਹਿਸੇ ਕਰ ਕਰ ਤੋਲਣੇ ਅਸੰਭਵ ਨੇ, ਨਹੀਂ ਤਾਂ ਖਬਰੇ ਪੂਰਾ ਹੀ ਲੇਖਾ ਕਢ ਦੇਂਦਾ।

ਅਜ ਮੈਂ ਆਪਣੇ ਇਕ ਅਜਿਹੇ ਹੀ ਤਜਰਬੇ ਦਾ ਜ਼ਿਕਰ ਪਾਠਕਾਂ ਨਾਲ ਕਰਨਾ ਹੈ। 'ਚਕਰਵਰਤੀ' ਜੀ ਦੇ ਸਾਹਿਤਕ ਸੁਭਾਅ ਨੇ ਮੈਨੂੰ ਇਹਨਾਂ ਦੇ ਵਧੇਰੇ ਨੇੜੇ ਲਿਆਂਦਾ। ਨਾਮਧਾਰੀਆਂ ਬਾਬਤ ਮੇਰੇ ਦਿਲ ਵਿਚ ਪਏ ਕਈ ਭੁਲੇਖਿਆਂ ਨੂੰ ਇਨ੍ਹਾਂ ਦੇ ਮਿਠੇ ਸੁਭਾਅ ਨੇ ਉਂਝ ਹੀ ਦੂਰ ਕਰ ਛਡਿਆ ਤੇ ਕੁਝ ਲਗਨ ਜਿਹੀ ਹੋਈ ਕਿ ਕਦੇ ਭੈਣੀ ਸਾਹਿਬ ਚਲ ਕੇ ਇਨ੍ਹਾਂ ਦਾ ਸਤਸੰਗ ਵੇਖੀਏ। ਉਸ ਲਗਨ ਨੂੰ ਉਤਸ਼ਾਹ 'ਚਕਰਵਰਤੀ' ਜੀ ਦੇ ਸਦੇ ਨੇ ਦਿਤਾ। ਵਧੇਰੇ ਖਿਚ ਇਹ ਹੋ ਗਈ ਕਿ ਮੇਰੇ ਸਨਮਾਨਯੋਗ ਮਿਤਰ, ਸ਼ੁਦਾਰ ਚੰਨਣ ਸਿਘ ਜੋਹੂਵਾਲੀਏ, ਦੁਖੀ ਜੀ, ਚਾਤ੍ਰਿਕ ਜੀ, ਤੇ ਸਤਿਆਰਥੀ ਜੀ ਭੀ ਜਾ ਰਹੇ ਸਨ। ਅਸੀਂ ਪੰਜੇ ਗੱਡੀ ਚੜ ਬੈਠੇ। ਦੁਖੀ ਜੀ ਦੀਆਂ ਕਵਿਤਾਵਾਂ, ਚਾਤ੍ਰਿਕ ਜੀ ਦੇ ਗੀਤਾਂ ਤੇ ਸਤਿਆਰਥੀ ਜੀ ਦੇ ਨਵੇਂ ਚੁਟਕਲਿਆਂ ਤੇ ਗੀਤਾਂ ਨੇ ਤੇ ਸ੍ਰ ਚੰਨਣ ਸਿਘ ਜੀ ਦੀਆਂ ਸਿਆਣੀਆਂ ਵਿਚਾਰਾਂ ਤੇ ਪੜਚੋਲਾਂ ਨੇ ਗਡੀ ਨੂੰ ਭੀ ਕੁਝ ਤੇਜ਼ ਚਲਾ ਛਡਿਆ। ਪਤਾ ਹੀ ਨਾ ਲਗਾ ਜਾਂ ਗੱਡੀ ਲੁਧਿਆਣੇ ਪੁਜ ਗਈ। ਜੰਕਸ਼ਨ ਦੇ ਫੱਟੇ ਨੇ ਕਹਿ ਦਿਤਾ ਕਿ ਤੁਹਾਡੇ ਪੈਸੇ ਤੇ ਹੂਟਾ ਮੁਕ ਗਿਆ ਹੈ। ਅਸੀਂ ਸਾਰੇ ਬਾਹਰ ਆਏ ਤਾਂ ਸਟੇਸ਼ਨ ਦੀ ਡਿਉਢੀ ਦੇ ਅੰਦਰ ਇਕ ਮੋਟਰ ਕਾਰ ਖਲੋਤੀ ਸੀ। ਉਸ ਕੋਲ ਖੜੇ ਗੁਰਮੁਖ ਦੀ ਦਸਤਾਰ ਨੇ ਸਾਨੂੰ ਦਸ ਦਿਤਾ ਕਿ ਇਹ ਮੋਟਰਕਾਰ ਸਾਨੂੰ ਲੈਣ ਲਈ ਹੀ ਉਚੇਚੀ ਆਈ ਹੈ। ਇਹ ਗਲ ਮੈਂ ਇਥੋਂ ਦੋ ਗੱਲਾਂ ਦਸਣ ਲਈ ਦਸ ਰਿਹਾ ਹਾਂ। ਇਕ ਆਪਣੀ ਸ਼ਾਨ ਤੇ ਦੂਜੀ ਪ੍ਰਾਹੁਣਿਆਂ ਦੀ ਆਉ ਭਗਤ ਦੀ ਉਮੰਗ, ਜੋ ਨਾਮਧਾਰੀ ਦਰਬਾਰ ਦੀ ਇਕ ਖਾਸ ਖੂਬੀ ਮੈਨੂੰ ਨਜ਼ਰ ਆਈ ਸੀ। ਇਹ

Sri Satguru Jagjit Singh Ji Elibrary NamdhariElibrary@gmail.com

ਹੋਲੇ ਮਹਲੇ ਦਾ ਦਿਨ ਸੀ। ਦਸ ਹਜ਼ਾਰ ਤੋਂ ਉਪਰ ਸੰਗਤਾਂ ਭੈਣੀ ਸਾਹਿਬ ਇਕੱਠੀਆਂ ਹੋਈਆਂ ਸਨ। ਉਹਨਾਂ ਦੇ ਲੰਗਰ, ਆਰਾਮ, ਦੀਵਾਨ ਆਦਿ ਦੇ ਸਾਰੇ ਰੁਝੇਵਿਆਂ ਦੇ ਵਿਚ ਇਹ ਫਿਕਰ ਰਹਿਣਾ ਤੇ ਕੇਵਲ ਉਨ੍ਹਾਂ ਵਾਸਤੇ ਜਿਨਾਂ ਕੱਚੀ ਜਹੀ 'ਹਾਂ' ਆਉਣ ਲਈ ਕੀਤੀ ਹੋਵੇ। "ਜੋ ਦੀਸੈ ਗੁਰ ਸਿਖੜਾ ਤਿਸ ਨਿਵ ਨਿਵ ਲਾਗਉ ਪਾਇ ਜੀਉ" ਦੇ ਅਸੂਲ ਦੀ ਬਹੁਤ ਵਧੇ ਹੋਏ ਅਰਥਾਂ ਤਕ ਪਾਲਣਾ ਹੈ। ਇਸ ਨਿਕੀ ਜਿਹੀ ਗੱਲ ਨੇ (ਜੇ ਇਸ ਨੂੰ ਨਿਕੀ ਜਿਹੀ ਕਿਹਾ ਜਾ ਸਕਦਾ ਹੈ) ਮੇਰਾ ਮਨ ਖਰੀਦ ਲਿਆ।

ਮੋਟਰ ਨੇ ਸਾਨੂੰ ਅਧੇ ਘੰਟੇ ਵਿਚ ਹੀ ਭੈਣੀ ਸਾਹਿਬ ਦੇ ਕੋਲ ਜਾ ਪਹੁੰਚਾਇਆ। ਕਈ ਤੰਬੂ ਬਾਹਰ ਲਗੇ ਹੋਏ ਸਨ। ਲਾਰੀਆਂ ਤੇ ਮੋਟਰਾਂ, ਟਾਂਗੇ ਤੇ ਯਕੇ, ਵੇਖਦਿਆਂ ਹੀ ਅਟਾ ਸਟਾ ਲਗ ਜਾਂਦਾ ਸੀ ਕਿ ਇਥੇ ਤਾਂ ਜੰਗਲ ਵਿਚ ਮੰਗਲ ਲਗਾ ਹੋਇਆ ਹੈ।

ਏਥੇ ਮੇਰੇ ਪਾਸ ਵੇਲਾ ਨਹੀਂ ਕਿ ਪਾਠਕਾਂ ਨੂੰ ਭੈਣੀ ਸਾਹਿਬ ਤੇ ਉਸ ਗੁਰਮੁਖੀ ਮੇਲੇ ਦੇ ਪੂਰੇ ਦਰਸ਼ਨ ਕਰਾ ਸਕਾਂ। ਸਚ ਮੁਚ ਕਹਿਬੇ ਕੋ ਸੋਭਾ ਨਹੀਂ ਦੇਖੀ ਹੀ ਪਰਵਾਨ ਵਾਲੀ ਗਲ ਹੈ। ਹਰ ਚੀਜ਼ ਬੜੀ ਸਾਦੀ, ਬੜੀ ਸਸਤੀ, ਪਰ ਬੜੀ ਸਾਫ ਤੇ ਸੋਹਣੀ ਤੇ ਡੂੰਘੀ ਨਜ਼ਰ ਆਉਂਦੀ ਸੀ। ਕਿਸੇ ਪਿਆਰ ਵਾਲੇ ਹਥਾਂ ਨਾਲ ਬਣੀਆਂ ਕੁਟੀਆਂ, ਭਜਨ ਕਰਨ ਵਾਲੇ ਕੋਠੇ, ਟਸਰ ਦੇ ਕਾਰਖਾਨੇ ਦੀਆਂ ਖੱਡੀਆਂ ਤੇ ਇਮਾਰਤਾਂ। ਛਾਪਾਖਾਨਾ, ਅਖਬਾਰ ਸਤਿਜੁਗ ਦਾ ਦਫਤਰ, ਵਿਦਿਆਲਾ, ਤੇ ਉਸਦੇ ਉਤੇ ਚਿਤਰਸ਼ਾਲਾ ਲੰਗਰ ਤੇ ਮਹਾਰਾਜ ਦਾ ਨਿਵਾਸ ਅਸਥਾਨ, ਸਭਨਾ ਕਚਿਆਂ ਤੇ ਪੁਰਾਣਿਆਂ ਪਰ ਸਾਫ ਲਿਸ਼ਕਦੇ ਕੋਠਿਆਂ ਵਿਚੋਂ ਪਿਆਰ, ਸ਼ਰਧਾ ਤੇ ਰੀਝ ਦੀ ਉਹੀ ਲਪਟ ਤੇ ਰਸੀਲੀ ਮਸਤੀ ਫੁਟਦੀ ਭਾਸਦੀ ਸੀ ਜੋ ਉਥੇ ਫਿਰ ਰਹੇ ਗੁਰਮੁਖਾਂ ਦੇ ਗਲ ਪਏ ਖਦਰ ਦੀਆਂ ਤੰਦਾਂ ਵਿਚ ਸੂਤਰ ਕਤਦਿਆਂ ਘਰਾਂ ਦੀਆਂ ਸਵਾਣੀਆਂ ਨੇ ਭਰੀ ਹੋਈ ਸੀ। ਕੋਈ ਚਿਹਰਾ ਮੁਰਝਾਇਆ ਹੋਇਆ ਨਹੀਂ ਸੀ। ਕੋਈ ਸ਼ਕੀ ਨਜ਼ਰ ਨਹੀਂ ਸਨ। ਕੋਈ ਘਿਰਣਾ ਤੇ ਆਕੜ ਭਰਿਆ ਵਖੇਵਾ ਨਹੀਂ ਸੀ। ਸੇਠ ਗੁਰਮੁਖ ਸਿੰਘ ਜੀ ਜਿਹੇ ਕ੍ਰੋੜਪਤੀ ਤੇ ਉਹਨਾਂ ਦੇ ਟਬਰ ਤੇ ਜਵਾਈ, ਚਕਰਵਰਤੀ ਜੀ ਤੇ ਆਲਮ ਜਹੇ ਵਿਦਵਾਨ, ਵਿਦਿਆਲੇ ਦੇ ਅਧਿਆਪਕ ਜੀ ਜਿਹੇ ਗੁਣੀ ਤੇ ਚਿਤਰਕਾਰ, ਸਾਧਾਰਣ ਪੇਂਡੂ ਸਿਖਾਂ ਨਾਲ ਇਕ ਮਿਕ ਹੋਏ ਦਿਸਦੇ ਸਨ। ਹਰ ਇਕ ਲਈ ਦੂਸਰਾ "ਸੰਤ ਜੀ ਮਹਾਰਾਜ" ਸੀ। ਹਰ ਇਕ ਦਾ ਸੀਸ ਦੂਸਰੇ ਦੇ ਚਰਨਾਂ ਦੇ ਝੁਕਣ ਲਈ ਤਿਆਰ ਸੀ। ਚਿਹਰੇ ਤੇ ਸਾਦਗੀ ਤੇ ਸਵਛਤਾ ਸੀ। ਸਰੀਰਾਂ ਵਿਚ ਖੂਨ ਸੀ, ਬੁਲ੍ਹਾਂ ਵਿਚ ਕੁਝ ਫੁਰਕਦਾ ਸੀ ਤੇ ਚਾਲ ਵਿਚ ਮਸਤੀ ਪ੍ਰੇਮ ਅਤੇ ਅਮਿਟ ਚਾਅ ਸੀ।

ਸਾਨੂੰ ਵਿਦਿਆਲੇ ਦੀ ਉਤਲੀ ਛਤੇ ਚਿਤਰਸ਼ਾਲਾ ਵਿਚ ਨਿਵਾਸ ਦਿਤਾ ਗਿਆ। ਡਾਢੇ ਸਾਫ! ਬਿਸਤਰੇ ਤੇ ਮੰਜੇ ਸਾਨੂੰ ਮਿਲ ਗਏ ਤੇ ਖਾਲਸ ਘਿਉ ਦੀਆਂ ਜਲੇਬੀਆਂ ਤੇ ਦੁਧ ਨਾਲ ਅਸਾਂ ਲੋਂਢਾ ਵੇਲਾ ਕੀਤਾ। ਪੁਰਾਣੇ ਰਿਸ਼ੀ ਬਾਲਕਾਂ ਵਾਂਗ ਵਿਦਿਆਲੇ ਦੇ ਬਾਲਕਾਂ ਲਈ ਖੁਰਾਕ ਡਾਢੀ ਸਾਦੀ ਪਰ ਸਾਫ ਸੀ। ਸਭ ਨੇ ਖਾਲਸ ਖਦਰ ਦੇ ਚੋਲੇ ਪਾਏ ਹੋਏ ਸਨ। ਉਨਾਂ ਬਚਿਆਂ ਦੇ ਨਾਲ ਹੀ ਮਹਾਰਾਜ ਪਰਤਾਪ ਸਿੰਘ ਜੀ ਦੇ ਦੋ ਲਾਲ ਭੀ ਸਨ। ਉਹ ਵੀ ਬਾਕੀ ਬਚਿਆਂ ਵਾਂਗ ਹੀ ਰਹਿੰਦੇ, ਖੇਡਦੇ ਤੇ ਸਿਖਦੇ ਹਨ। ਸਾਨੂੰ ਵਿਦਿਆਲੇ ਵਿਚ ਬਚਿਆਂ ਦਾ ਕੀਰਤਨ ਸੁਣਨ ਲਈ ਸੱਦਾ ਦਿਤਾ ਗਿਆ। ਵਾਹ! ਵਾਹ!! ਕੁਝ ਗਲੇ ਸਾਫ, ਖਾਲਸ ਘਿਉ ਤੇ ਦੁਧ ਵਰਤਣ ਵਾਲੇ ਤੇ ਖਟੇ ਆਲੂ ਛੋਲਿਆਂ ਤੋਂ ਬਚੇ ਹੋਏ ਕੁਝ ਸਾਜ਼ ਤਾਰਾਂ ਵਾਲੇ, ਕੁਝ ਸਿਖਾਏ ਹੋਏ ਕਮਾਲ ਉਸਤਾਦ ਦੇ, ਡਾਢਾ ਹੀ ਰਸ ਬਝਾ। ਗੁਰਬਾਣੀ ਦਾ ਇਕ ਇਕ ਅਖਰ ਸਾਫ ਸਮਝ ਪਿਆ ਔਂਦਾ ਸੀ। ਚੁਤਾਰਾ ਭੀ ਸੁਣਿਆ, ਠਾ ਤੋਂ ਦੁਗਣਾਂ ਤਿਗਣਾਂ ਵੀ ਚਲੀਆਂ, ਗਲੇ ਭੀ ਫਿਰੇ, ਤਾਨਾਂ ਭੀ ਹੋਈਆਂ ਅਲਾਪ ਭੀ ਹੋਏ। ਇਥੋਂ ਤਕ ਕਿ ਦਿਮਾਗ ਨੂੰ ਸੋਚਣ ਦੀ ਵਿਹਲ ਹੀ

Sri Satguru Jagjit Singh Ji Elibrary NamdhariElibrary@gmail.com

ਨਾ ਮਿਲੀ ਕਿ ਉਹ ਕਿਸੇ ਭਾਗੀ ਰਾਗ ਤੇ ਕੀਰਤਨ ਸਭਾ ਵਿਚ ਬੈਠਾ ਹੈ ਜਾਂ ਫਿਰ ਕਚੇ ਕੱਠੇ ਵਿਚ ਭੁੰਜੇ ਹੀ ਇਕ ਸਫ ਉਤੇ ਜਾਂ ਖਵਰੇ ਦਰੀ ਉਤੇ। ਸਤਿਆਰਥੀ ਜੀ ਤਾਂ ਝੂਮ ਹੀ ਪਏ। ਦੂਖੀ ਜੀ ਕਈ ਵਾਰੀ ਅਭੋਲ ਰੌਣ ਭੀ ਲਗ ਜਾਂਦੇ ਸਨ। ਸ੍ਰ ਚੰਨਣ ਸਿੰਘ ਜੀ ਤੇ ਮੈਂ ਥਥੇਰੀਆਂ ਗਲਤੀਆਂ ਲਭਣ ਦੇ ਜਤਨ ਵਿਚ ਰਹੇ ਹੋਵਾਂਗੇ ਪਰ ਸਾਨੂੰ ਹਾਰੇ ਜਵਾਰੀਏ ਵਾਂਗ ਇਸ ਗਲੋਂ ਦੋਵੇਂ ਹਥ ਝਾੜਨੇ ਪਏ। ਚਾਤ੍ਰਿਕ ਜੀ ਦਾ ਸਰੀਰ ਤਾਂ ਉਥੇ ਹੀ ਸੀ ਪਰ ਉਹ ਆਪ ਉਥੇ ਨਹੀਂ ਹੀ ਹੋਣੇ ਨਹੀਂ ਤਾਂ ਮੈਨੂੰ ਕੋਈ ਗਲ ਉਨ੍ਹਾਂ ਬਾਰੇ ਜ਼ਰੂਰ ਹੀ ਯਾਦ ਰਹਿੰਦੀ। ਫਿਰ ਬਚਿਆਂ ਕੋਲੋਂ ਗੁਰਬਾਣੀ ਦਾ ਪਾਠ ਸੁਣਿਆ। ਲਿਖਾਰੀ ਅਖਬਾਰ ਦੇ ਪ੍ਰਸਿਧ ਪੜਚੋਲੀਏ ਨੇ ਗੁਟਕਾ ਆਪਣੇ ਹਥ ਲਿਆ ਤੇ ਖੂਬ ਚੌਕੰਨੇ ਹੋ ਕੇ ਸੁਣਨ ਲਗ ਪਿਆ: ਇਕ ਦੋ ਚਾਰ ਛੇ ਬਚਿਆਂ ਨੇ ਵਖ ਵਖ ਬਾਣੀਆਂ ਦਾ ਜ਼ਬਾਨੀ ਪਾਠ ਕੀਤਾ ਪਰ ਪੜਚੋਲੀਆ ਜੀ ਇਕ ਲਗ ਕੰਨੇ ਦੀ ਭੀ ਭੁਲ ਨਾ ਫੜ ਸਕੇ। ਇਸ ਮਿਹਨਤ ਤੇ ਸ਼ੁਧ ਪਾਠ ਦੇ ਧਿਆਨ ਨੇ ਤਾਂ ਸ੍ਰ ਚੰਨਣ ਸਿੰਘ ਜੀ ਤੋਂ ਭੀ ਵਾਹ ਵਾਹ ਲੈ ਲਈ। ਸਤਿਆਰਥੀ ਜੀ ਤੇ ਹੋਰ ਸਾਥੀਆਂ ਦਾ ਕਹਿਣਾ ਕੀ ਹੈ? ਉਹ ਤਾਂ ਅਗੇ ਹੀ ਸਿਫਤ ਸਲਾਹ ਦੇ ਰੰਗ ਵਿਚ ਵਸਣ ਵਾਲੇ ਸਨ। ਪੜਚੋਲੀਏ ਜੀ ਨੂੰ ਬੜੀ ਨਿਰਾਸ਼ਤਾ ਹੋਈ ਜੋ ਪੜਚੋਲ ਲਈ ਕੁਝ ਨਾ ਲਭਾ। ਫਿਰ ਉਹਨਾਂ ਬਚਿਆਂ ਦਾ ਇਕ ਮਹਾਵਾਰ ਰਸਾਲਾ ਡਿਠਾ ਜੋ ਉਹ ਹਥੀਂ ਹੀ ਡਾਢਾ ਖੁਸ਼ਖਤ ਕਰਕੇ ਲਿਖਦੇ ਸਨ ਤੇ ਆਪੇ ਹੀ ਐਡਿਟ ਕਰਦੇ ਸਨ।

ਕੁਝ ਚਿਰ ਖੇਤਾਂ ਦੀ ਸੈਰ ਕਰਕੇ ਅਸੀਂ ਦੀਵਾਨ ਵਿਚ ਆਏ। ਇਹ ਇਕ ਖੁਲੀ ਵਲਗਣ ਸੀ। ਛਤ ਦੀ ਥਾਂ ਅਸਮਾਨ ਸੀ। ਹਾਂ ਪਰਬੰਧ ਤੇ ਸੌਖ ਲਈ ਐਤਕੀ ਸਾਲ ਹੀ ਆਲੇ ਦੁਆਲੇ ਆਦਮ ਕਦ ਉਚੀ ਕੰਧ ਬਣੀ ਹੋਈ ਸੀ। ਕਰੜੇ ਸਿਆਲਾਂ ਵਿਚ ਭੀ ਅੰਮ੍ਰਿਤ ਵੇਲੇ ਚਾਰ ਵਜੇ ਤੇ ਸ਼ਾਮ ਦੇ ਦੀਵਾਨ ਤਾਰਿਆਂ ਦੀ ਛਾਂ ਵਿਚ ਹੀ ਲਗਦੇ ਹਨ। ਮਹਾਰਾਜ ਜੀ ਖੁਲ੍ਹਾਂ ਦੇ ਚਾਹਵਾਨ ਹਨ। ਇਨਾਂ ਰਸਮੀ ਕੈਦਾਂ ਤੋਂ ਬਾਹਰ ਹੀ ਦੀਵਾਨ ਲਗਾਉਂਦੇ ਹਨ। ਸਾਰਾ ਥਾਂ ਖਚਾ ਖਚ ਭਰਿਆ ਪਿਆ ਸੀ ਤੇ ਅਜੇ ਬਹੁਤ ਸਾਰੀ ਦੁਨੀਆਂ ਕੰਧਾਂ ਤੋਂ ਬਾਹਰ ਖਲੋਤੀ ਸੀ। ਅੰਦਰ ਅਧ ਤੋਂ ਵਧੇਰੇ ਮਾਈਆਂ ਸਨ। ਸੰਗਤ ਦੇ ਵਿਚ ਹੀ ਮਹਾਰਾਜ ਜੀ ਬੈਠੇ ਸਨ। ਲੋਕ ਮਥਾ ਟੇਕ ਟੇਕ ਬੈਠਦੇ ਜਾਂਦੇ ਸਨ। ਕੋਈ ਰੌਲਾ ਨਹੀਂ ਸੀ। ਰਾਗੀ ਕੀਰਤਨ ਕਰ ਰਹੇ ਸਨ। ਤੇ ਕਈ ਮਸਤਾਨਿਆਂ ਨੂੰ ਮਸਤੀ ਵਿਚ ਸੁਤਰ ਪਿਆ ਹੋਇਆ ਸੀ।

ਅਸੀਂ ਭੀ ਵਾਰੀ ਨਾਲ ਮਹਾਰਾਜ ਤਕ ਪਹੁੰਚੇ। ਚਕਰਵਰਤੀ ਜੀ ਨੇ ਸਾਨੂੰ ਪਹਿਲੇ ਹੀ ਦਸ ਦਿਤਾ ਸੀ ਕਿ ਸਾਡੇ ਲਈ ਕੋਈ ਪਾਬੰਦੀ ਨਹੀਂ। ਮੈਂ ਅਜੇ ਮਨ ਨਾਲ ਘੋਲ ਹੀ ਕਰ ਰਿਹਾ ਸਾਂ ਕਿ ਮਹਾਰਾਜ ਜੀ ਆਪ ਸਾਡੇ ਸਨਮਾਣ ਵਿਚ ਖਲੋਤੇ ਹਨ ਤੇ ਫੇਰ ਡਾਢੇ ਖਿੜੇ ਮਥੇ ਸਾਨੂੰ ਨਿਵਾਜਿਆ। ਫਿਰ ਹਥ ਮਿਲਾਏ। "ਜੀਉ ਆਇਆਂ ਨੂੰ" ਆਖਿਆ 'ਧੰਨ ਭਾਗ' ਕਿਹਾ ਤੇ ਆਪਣੇ ਲਾਗੇ ਥਾਂ ਦਿਤੀ। ਫਿਰ ਆਪ ਨੇ ਪੁਛਿਆ, "ਰਾਹ ਵਿਚ ਕੋਈ ਤਕਲੀਫ ਤਾਂ ਨਹੀਂ ਹੋਈ।" ਫਿਰ ਇਹ ਭੀ ਕਿਹਾ, "ਮੈਂ ਹਾਜ਼ਰ ਹੋਣਾਂ ਸੀ ਤੁਹਾਡੇ ਡੇਰੇ ਪਰ ਇਧਰੋਂ ਦੀਵਾਨ ਦਾ ਵਕਤ ਹੋ ਗਿਆ ਸੀ। ਤੁਸਾਂ ਬੜੀ ਮਿਹਰ ਕੀਤੀ ਜੋ ਸਾਨੂੰ ਜੰਗਲ ਵਿਚ ਆ ਨਿਵਾਜਿਆ ਜੇ।"

ਬਾਣੀ ਦਾ ਕੀਰਤਨ ਸੀ। ਸਭ ਚੁਪ ਚਾਪ ਸੁਣ ਰਹੇ ਸਨ। ਨਵੀਆਂ ਸੰਗਤਾਂ ਆ ਰਹੀਆਂ ਸਨ। ਭੇਟਾ ਚੜ ਰਹੀਆਂ ਸਨ। ਨਾਲੋਂ ਨਾਲ ਵੰਡੀਆਂ ਜਾ ਰਹੀਆਂ ਸਨ ਜਾਂ ਖਜ਼ਾਨੇ ਵਿਚ ਭੇਜੀਆਂ ਜਾ ਰਹੀਆਂ ਸਨ।

ਮਹਾਰਾਜ ਦੀ ਗੁਰਮੁਖੀ ਭਰਵੀਂ ਦਾੜ੍ਹੀ, ਸੁਣਖਾ ਭਾਰਾ ਚਿਹਰਾ, ਸਡੌਲ ਸਰੀਰ ਤੇ ਹਸੂੰ ਹਸੂੰ ਕਰਦਾ ਮੁਖੜਾ ਬਦੋ ਬਦੀ ਪਿਆਰ ਖਿਚੀ ਜਾਂਦਾ ਸੀ। ਦਿਲ ਕਿੰਨਾ ਖੁਲਾ ਹੈ। ਇਕ ਸਿੰਘ ਨੇ ਆ ਕੇ ਮਥਾ

ਟੋਕਿਆ। ਉਸਦਾ ਚਿਹਰਾ ਕੁਝ ਉਦਾਸ ਸੀ। ਮਹਾਰਾਜ ਜੀ! "ਕਿਉਂ ਭਾਈ ਪਿਆਰਿਆ ਉਦਾਸ ਕਿਉਂ ਏਂ! 'ਸ਼ਾਦੀ ਕਰਨੀ ਏ ਮਾਇਆ ਕੋਈ ਨਹੀਂ।' ਮਹਾਰਾਜ ਜੀ। ਇਸ ਗੁਰਮੁਖ ਨੂੰ 500 ਰੁਪਏ ਦੇ ਦਿਓ।

ਦੀਵਾਨ ਸਮਾਪਤ ਹੋਇਆ ਤੇ ਹੁਣ ਮੁਕਦਮਿਆਂ ਤੇ ਬੇਨਤੀਆਂ ਦਾ ਵੇਲਾ ਆਇਆ। ਸਭ ਮੁੱਕੱਦਮੇ ਕਰਨ ਵਾਲਿਆਂ ਨੇ : ਆਪਣੇ ਨਾਂ ਲਿਖ ਕੇ ਦੇ ਦਿਤੇ। ਕੋਈ ਕੋਰਟ ਫੀਸ ਨਾ ਲਗੀ। ਕੋਈ ਲੰਮੀਆਂ ਤਰੀਕਾਂ ਤੇ ਅਰਜ਼ੀ ਨਵੀਸਾਂ ਦੇ ਬਿਲ ਨਾ ਤਾਰਨੇ ਪਏ। ਵਾਜਾਂ ਪੈਣੀਆਂ ਸ਼ੁਰੂ ਹੋਈਆਂ। ਲਗ ਪਗ ਜਿਹੜਾ ਵੀ ਆਇਆ ਮਹਾਰਾਜ ਜੀ ਨੇ ਉਸ ਦਾ ਪਿਡ ਤੇ ਹੋਰ ਸਤਿਸੰਗੀਆਂ ਦੀ ਸੁਖ ਸਾਂਦ ਨਾਂ ਲੈ ਲੈ ਕੇ ਪੁਛੀ। ਇੰਨੀ ਲੰਮੀ ਯਾਦ, ਤੇ ਇਉਂ ਜ਼ਾਤੀ ਸੰਬੰਧ ਤੇ ਜ਼ਾਤੀ ਪੁਛ ਗਿਛ ਅਪਣਤ ਦਾ ਪੂਰਾ ਅਸਰ ਕਰਦੀ ਹੈ। ਸਭ ਦੀਆਂ ਫਰਿਆਦਾਂ ਤੇ ਜਵਾਬ ਸੰਖੇਪ ਤੌਰ ਤੇ ਸੁਣੇ ਜਾਂਦੇ ਸਨ ਤੇ ਮਿੰਟਾਂ ਦੇ ਅੰਦਰ ਅੰਦਰ ਹੁਕਮ ਜਾਂ ਫੈਸਲਾ ਸੁਣਾ ਦਿਤਾ ਜਾਂਦਾ ਸੀ। ਜੋ ਦੋਵੇਂ ਧਿਰਾਂ ਸਿਰ ਮਥੇ ਤੇ ਮੰਨਦੀਆਂ ਸਨ। ਇਨ੍ਹਾਂ ਫੈਸਲਿਆਂ ਵਿਚ ਦੰਡ ਨਹੀਂ ਸਨ ਸਗੋਂ ਰਾਜੀ ਨਾਵੇਂ ਤੇ ਦਿਲ ਦੀਆਂ ਸਫਾਈਆਂ ਸਨ।

ਮੈਂ ਮਹਾਰਾਜ ਜੀ ਦੇ ਵਧੇਰੇ ਕੋਲ ਹੋ ਬੈਠਾ ਸਾਂ। ਹਰ ਫੈਸਲੇ ਨੂੰ ਪੂਰੀ ਗਹੁ ਨਾਲ ਵਿਚਾਰ ਰਿਹਾ ਸਾਂ ਤੇ ਉਨ੍ਹਾਂ ਦੀ ਫੁਰਤੀ ਤੇ ਫਿਰ ਡੂੰਘਾਈ ਤੇ ਅਸਲੀਅਤ ਤਕ ਪੁਜਣ ਦੀ ਸ਼ਕਤੀ ਨੂੰ ਵੇਖ ਵੇਖ ਉਂਗਲਾਂ ਟੁਕਦਾ ਸਾਂ। ਦੋ ਕੁ ਘੰਟੇ ਵਿਚ 100 ਤੋਂ ਉਪਰ ਫੈਸਲੇ ਹੋ ਗਏ। ਅਤੇ ਸਭੇ ਫੈਸਲੇ ਦੋਹਾਂ ਧਿਰਾਂ ਲਈ ਅਜਿਹੇ ਸੁਖਾਉਂਦੇ ਸਨ ਕਿ ਕਿਸੇ ਨੂੰ ਬੁੜ ਬੁੜ ਕਰਨ ਜਾਂ ਅਪੀਲ ਕਰਨ ਦੀ ਗੁੰਜਾਇਸ਼ ਨਹੀਂ ਸੀ। ਇਕ ਦੋ ਫੈਸਲੇ ਦਾ ਇਥੇ ਜ਼ਿਕਰ ਕੁ ਥਾਂ ਨਹੀਂ ਹੋਵੇਗਾ।

(1) ਇਕ ਨੇ ਸ਼ਿਕਾਇਤ ਕੀਤੀ ਕਿ ਫਲਾਣਾ ਸਿੰਘ ਮੇਰਾ 200/ ਰੁਪਿਆ ਨਹੀਂ ਦਿੰਦਾ। ਕਰਜ਼ਾਈ ਨੂੰ ਆਵਾਜ਼ ਪਈ। ਪੁਛਿਆ ਗਿਆ ਤੂੰ ਏਸਦਾ 200/ ਠੀਕ ਦੇਣਾ ਹੈ? ਹਾਂ ਜੀ ਪਰ ਕੋਲ ਨਹੀਂ, ਮੈਂ ਅਗੇ ਹੌਲੀ ਹੌਲੀ ਕਰਕੇ 100/ ਰੁਪਿਆ ਕਿਰਤ ਕਰਕੇ ਲਾਹਿਆ। ਏਹ ਭੀ ਦੇ ਦਿਆਂਗਾ।' ਪਰ ਤੂੰ ਕਰਜ਼ਾਈ ਕਿਵੇਂ ਹੋ ਗਿਆ। ਗੁਰ ਕਾ ਸਿਖ ਤਾਂ ਕਰਜ਼ਾਈ ਹੋ ਨਹੀਂ ਸਕਦਾ। ਕਿਉਂ ਜੋ ਉਸਦਾ ਜੀਵਨ ਸਾਦਾ ਹੁੰਦਾ ਹੈ। ਤੇ ਫਜ਼ੂਲ ਰਸਮਾਂ ਤੇ ਵਾਧੂ ਉਜਾੜਾ ਨਾਮਧਾਰੀਆਂ ਵਿਚ ਹੁੰਦਾ ਹੀ ਨਹੀਂ। 'ਮਹਾਰਾਜ ਇਹ ਕਰਜ਼ਾ ਮੇਰੇ ਪਿਓ ਦਾ ਹੈ ਉਹ ਸਿੱਖ ਨਹੀਂ ਸੀ।'

"ਚੰਗਾ ਖਜ਼ਾਨਚੀ ਜੀ 200/- ਸ਼ਿਕਾਇਤ ਕਰਨ ਵਾਲੇ ਨੂੰ ਦੇ ਦਿਉ। ਸ਼ਕਾਇਤ ਕਰਨ ਵਾਲਾ ' ਨਾ ਮਹਾਰਾਜ ਮੈਂ ਗੁਰੂ ਕੇ ਖਜ਼ਾਨਿਉ ਨਹੀਂ ਲੈਂਦਾ। ਅਹਿ ਲਓ ਪਰਨੋਟ ਆਪਣੇ ਹਥੀ ਇਸਦੀ ਮੁਕਤੀ ਕਰ ਦਿਉ। ਮੈਂ ਕਰਜ਼ਾ ਛਡਿਆ'

"ਮਹਾਰਾਜ ਮੈਂ ਆਪਣੀ ਲੜਕੀ ਸਿੰਘ ਨੂੰ ਵਿਆਹੀ ਸੀ। ਉਹ ਹੁਣ ਮਾਸ ਸ਼ਰਾਬ ਵਰਤਣ ਲਗ ਪਿਆ ਹੈ। ਮੈਂ ਸਮਝਾਉਣ ਦੀ ਬਹੁਤ ਵਾਹ ਲਾਈ ਹੈ। ਮੇਰੀ ਧੀ ਬੜੀ ਤੰਗ ਹੈ। ਬੀਬੀ ਹਾਜ਼ਰ ਹੋਈ। ਹਾਂ ਬਾਬਿਆ, ਮੈਨੂੰ ਜਿਵੇਂ ਹੁਕਮ ਦੇਵੇਂਗਾ ਮੈਂ ਕਰਾਂਗੀ। ਮੈਨੂੰ ਤਾਂ ਚੌਕੇ ਦੀ ਵੀ ਸੁਚ ਨਾ ਰਹੀ। ਉਸ ਇਲਾਕੇ ਦੇ ਸੂਬੇ ਨੂੰ ਬੀਬੀ ਤੇ ਉਸਦੇ ਕਥਨ ਦੀ ਸਚਾਈ ਪੁਛੀ ਗਈ। ਬੀਬੀ ਦੇ ਸਹੁਰੇ ਪਿਡ ਵਾਲੇ ਸੂਬੇ ਨੂੰ ਮੁੰਡੇ ਦੇ ਚਾਲ ਚਲਣ ਦੀ ਪੁਛ ਹੋਈ। ਜਦ ਬਿਆਨ ਦੀ ਸਚਾਈ ਪਰਖੀ ਗਈ ਤਾਂ ਹੁਕਮ ਹੋ ਗਿਆ ਬੀਬੀ ਪੇਕੇ ਘਰ ਆ ਰਹੇ। ਤਿੰਨ ਮਹੀਨੇ ਵਿਚ ਉਹ ਆਪਣੇ ਆਪ ਨੂੰ ਸੁਧਾਰ ਲਵੇ ਤਾਂ ਸੰਗਤ ਵਿਚ ਆ ਕੇ ਭੁਲ ਬਖਸ਼ਾਏ ਤਾਂ ਵਾਹ ਵਾਹ ਨਹੀਂ ਤਾਂ ਬੀਬੀ ਦੀ ਹੋਰ ਸ਼ਾਦੀ ਕਰ ਦਿਉ।

ਇਹ ਮੁਕਦਮੇ ਸੁਣਦਿਆਂ ਹੀ ਮੈਨੂੰ ਪਤਾ ਲਗ ਗਿਆ ਕਿ ਨਾਮਧਾਰੀਆਂ ਵਿਚ ਪਰਦੇ ਫਜ਼ੂਲ ਖਰਚੀ ਤੇ ਆਕੜ ਉਕਾ ਈ ਨਹੀਂ। ਕੁਝ ਚਿਰ ਪਿਛੋਂ ਮੈਨੂੰ ਇਹ ਭੀ ਪਤਾ ਲਗਾ ਕਿ ਮਹਾਰਾਜ ਜੀ

Sri Satguru Jagjit Singh Ji Elibrary NamdhariElibrary@gmail.com

ਸ਼ਵਮਬਰ ਦੀ ਰਸਮ ਨੂੰ ਵੀ ਸੁਰਜੀਤ ਕਰਨ ਵਾਲੇ ਹਨ। ਬੇਨਤੀਆਂ ਵਿਚ ਵਧੇਰੇ ਇਹੀ ਮੰਗ ਸੀ ਕਿ ਸਾਡੇ ਘਰ ਪ੍ਰਸ਼ਾਦ ਛਕੋ ਤੇ ਸਾਡੇ ਪਿਡ ਦਰਸ਼ਨ ਦਿਓ। ਪ੍ਰੋਗਰਾਮ ਉਸ ਵਾਸਤੇ ਬਨਾਉਣ ਦੀ ਜ਼ਿੰਮੇਵਾਰੀ ਸੂਬਿਆਂ ਦੇ ਜ਼ੁੰਮੇ ਲਾਈ ਗਈ। ਇਸ ਦੇ ਬਾਅਦ ਚਕਰਵਰਤੀ ਜੀ ਨੇ ਸਾਡੀ ਜਾਣ ਪਛਾਣ ਕਰਾਈ ਤੇ ਸਾਨੂੰ ਉਸ ਭਰੀ ਸਭਾ ਵਿਚ ਕੁਝ ਬੋਲਣ ਲਈ ਕਿਹਾ ਗਿਆ। ਕੋਈ ਗੀਤਾਂ ਬਾਬਤ ਬੋਲਿਆ ਕੋਈ ਪੰਜਾਬੀ ਬਾਬਤ ਤੇ ਕੋਈ ਕੁਝ ਬੋਲਿਆ। ਮੈਂ ਹੈਰਾਨ ਸਾਂ ਕਿ ਸਾਧੂ ਸੰਗ ਨੇ ਉਸੇ ਸ਼ਾਂਤੀ ਤੇ ਸਬਰ ਨਾਲ ਸਾਡੇ ਖਿਆਲ ਭੀ ਸੁਣ ਲਏ ਜੋ ਕਈ ਹਾਲਤਾਂ ਵਿਚ ਉਨੇ ਪਵਿਤਰ ਤੇ ਸੁਚੇ ਨਹੀਂ ਸਨ। ਪ੍ਰਬੰਧ ਅਤੇ ਚੁਪ ਹੈਰਾਨੀ ਭਰੀ ਸੀ। ਦੀਵਾਨ ਸਮਾਪਤ ਹੋਇਆ।

ਮੋਟਰ ਖਰਾਬ ਹੋ ਜਾਣ ਕਰਕੇ ਅਚਨਚੇਤ ਅਨੰਦਪੁਰੋਂ ਮੁੜਦੇ ਹੋਏ ਮਾ: ਤਾਰਾ ਸਿਘ ਜੀ ਕਮਲਾ ਅਕਾਲੀ ਜੀ ਤੇ ਮੁਸਾਫਿਰ ਜੀ ਰਾਤੀਂ ਅਚਣਚੇਤ । ਵਜੇ ਉਥੇ ਆ ਪੁਜੇ। ਉਨਾਂ ਨੂੰ ਭੀ ਪੂਰਾ ਆਰਾਮ ਦਿਤਾ ਗਿਆ। ਸਵੇਰ ਦੇ ਆਸਾ ਜੀ ਦੀ ਵਾਰ ਦੇ ਦੀਵਾਨ ਵਿਚ ਉਨਾਂ ਦੀਆਂ ਕਾਲੀਆਂ ਪੱਗਾਂ ਨੇ ਚਿਟੀਆਂ ਪੱਗਾਂ ਦੀ ਸ਼ੋਭਾ ਦੂਣੀ ਕਰ ਦਿਤੀ ਹੋਈ ਸੀ। ਜਿਵੇਂ ਸਵੇਰਸਾਰ ਚਿੜੀ ਦਾ ਚੂਕਣਾ ਸਵੇਰ ਦੀ ਚੁਪ ਨੂੰ ਵਧਾ ਦੇਂਦਾ ਹੈ। ਆਸਾ ਦੀ ਵਾਰ ਦੇ ਕੀਰਤਨ ਪਿਛੋਂ ਮਹਾਰਾਜ ਨੇ ਆਪ ਇਕ ਸ਼ਬਦ ਗਾਇਨ ਕੀਤਾ। ਫਿਰ ਉਨ੍ਹਾਂ ਦੇ ਬਚਿਆਂ ਨੇ। ਉਨਾਂ ਦੇ ਗਾਇਨ ਤੋਂ ਤੇ ਰਾਗੀਆਂ ਨਾਲ ਤਾਰ ਆਦਿ ਦੇਣ ਤੋਂ ਮੈਨੂੰ ਸਾਫ ਪਤਾ ਲਗ ਗਿਆ ਕਿ ਮਹਾਰਾਜ ਜੀ ਜਿਥੇ ਸ਼ਸ਼ਤਰ ਵਿਦਿਆ ਤੇ ਸ਼ਿਲਪ ਵਿਦਿਆ ਤੇ ਘੋੜੇ ਊਠਾਂ ਦੇ ਇਲਾਜ ਦੇ ਚੰਗੇ ਜਾਣੂ ਹਨ ਉਥੇ ਰਾਗ ਵਿਦਿਆ ਆਦਿ ਕੋਮਲ ਹੁਨਰਾਂ ਦੇ ਅਥਾਹ ਸ਼ੌਕੀਨ ਹੀ ਨਹੀਂ ਸਗੋਂ ਮਾਹਰ ਹਨ। ਦੀਵਾਨ ਵਿਚ ਹੀ ਅਨੰਦ ਕਾਰਜ ਹੁੰਦੇ ਡਿਠੇ ਹਨ। ਉਸ ਤੋਂ ਪਿਛੋਂ ਇਹ ਤਿੰਨੇ ਲੀਡਰ ਸਾਹਿਬ ਕੋਈ ਪੰਜ ਪੰਜ ਮਿੰਟ ਬੋਲੇ ਤੇ ਦੀਵਾਨ ਦੀ ਸਮਾਪਤੀ ਹੋਈ।

ਲੀਡਰਾਂ ਦੀ ਵਿਦਾਇਗੀ ਦੇ ਸਮੇਂ ਦਾ ਜ਼ਿਕਰ ਨਾ ਕਰਨਾ ਲੇਖ ਨੂੰ ਅਧੂਰਾ ਛਡਣ ਵਾਲੀ ਗਲ ਹੋਵੇਗੀ। ਇਕ ਬੈਠਕ ਵਿਚ ਉਹ ਲੀਡਰ ਮੈਂ ਮਹਾਰਾਜ ਜੀ ਤੇ ਚਕਰਵਰਤੀ ਜੀ ਬੈਠੇ ਸਾਂ। ਮੇਰੇ ਸਾਥੀ ਆਪਣੇ ਡੇਰੇ ਹੀ ਸਨ। ਸੁਖ ਸਾਂਦ ਪੁਛੀ ਗਈ ਤੇ ਦੋਸਤਾਂ ਵਾਂਗ ਗਲਾਂ ਛਿੜ ਪਈਆਂ। ਮਹਾਰਾਜ ਜੀ ਖਿੜ ਖਿੜ ਹਸਦੇ ਸਨ। ਦੋਸਤਾਂ ਵਾਂਗ ਹਥ ਮਿਲਾਂਦੇ ਸਨ ਤੇ ਡਾਢੀਆਂ ਸਿਧੀਆਂ ਸਾਫ ਗਲਾਂ ਕਰਦੇ ਸਨ। ਉਸ ਵੇਲੇ ਮੈਂ ਤੇ ਬਾਕੀ ਸਜਣ ਭੁਲੇ ਹੋਏ ਸਾਂ ਕਿ ਉਹ ਕਿਸੇ 'ਗੁਰੂ' ਜਾਂ 'ਪੀਰ' ਜਾਂ ਪੰਜ ਲਖ ਸਿਖਾਂ ਦੇ ਲੀਡਰ ਨਾਲ ਗਲਾਂ ਕਰ ਰਹੇ ਹਨ। ਮਹਾਰਾਜ ਜੀ ਨੇ ਆਪਣੀਆਂ ਗਲਾਂ ਵਿਚ ਕਈ ਫਾਰਸੀ ਦੇ ਸ਼ਾਇਰਾਂ ਦੇ ਸ਼ੇਅਰ ਸਹਿਜ ਸੁਭਾ ਸੁਣਾ ਦਿਤੇ। ਕਈ ਹਵਾਲੇ ਦਿਤੇ ਜੋ ਲਗ ਪਗ ਸਭ ਲਈ ਨਵੇਂ ਸਨ। ਗਲਾਂ ਗਲਾਂ ਤੋਂ ਇਹ ਭੀ ਪਤਾ ਲਗਾ ਕਿ ਉਹ ਉਨਾਂ ਲੀਡਰਾਂ ਨੂੰ ਅਗੇ ਭੀ ਇਵੇਂ ਹੀ ਦੋਸਤਾਂ ਵਾਂਗ ਮਿਲਦੇ ਹਨ।

ਹੁਣ ਉਨ੍ਹਾਂ ਤਿੰਨਾਂ ਲੀਡਰਾਂ ਦੇ ਅਗੇ 25/- 25/-ਰੁਪਏ ਤੇ ਇਕ ਇਕ ਟਸਰੀ ਦਸਤਾਰਾ ਨਜ਼ਰ ਭੇਟਾ ਰਖੀ ਗਈ ਤੇ ਨਾਲ ਹਥ ਜੋੜੇ ਗਏ। ਉਨਾਂ ਬੜੀ ਮੁਸ਼ਕਲ ਨਾਲ ਰੁਪੈ ਮੋੜੇ ਤੇ ਦਸਤਾਰੇ ਪਰਵਾਨ ਕੀਤੇ। ਮਹਾਰਾਜ ਜੀ ਜੱਫੀਆਂ ਪਾ ਕੇ ਹਸ ਹਸ ਕੇ ਉਨਾਂ ਨੂੰ ਮਿਲੇ ਤੇ ਅੰਤ ਆਪ ਪੈਦਲ ਉਨਾਂ ਦੀ ਮੋਟਰ ਤਕ ਛਡਣ ਆਏ। ਮੋਟਰ ਤੁਰਨ ਵੇਲੇ ਫਿਰ ਫਤਹਿ ਬੁਲਾਈ ਅਤੇ ਲੰਗਰ ਵਿਚ ਗਏ।

ਮੇਰਾ ਜੀ ਕੀਤਾ ਕਿ ਮੈਂ ਲੰਗਰ ਦਾ ਜ਼ਿਕਰ ਕਰਕੇ ਹੀ ਪਾਠਕਾਂ ਤੋਂ ਛੁਟੀ ਲਵਾਂ। ਨਾਲੇ ਇਹ ਭੀ ਤਾਂ ਅਨਿਆ ਹੀ ਹੋਵੇਗਾ ਜੇ ਪਾਠਕਾਂ ਨੂੰ ਭੁਖਿਆਂ ਹੀ ਇੰਨੀਆਂ ਗਲਾਂ ਸੁਣਾ ਕੇ ਛੁਟੀ ਦਿਆਂ। (ਅਸੀਂ ਲੰਗਰ ਵਿਚ ਗਏ) ਦੋ ਬਿਰਧ ਮਾਈਆਂ, ਜੋ ਮਹਾਰਾਜ ਦੀਆਂ ਮਾਤਾਵਾਂ ਅਖਵਾਉਣ ਦਾ ਮਾਣ

Sri Satguru Jagjit Singh Ji Elibrary NamdhariElibrary@gmail.com

ਰਖਦੀਆਂ ਸਨ, ਲੰਗਰ ਵਿਚ ਇਉਂ ਸੇਵਾ ਕਰ ਰਹੀਆਂ ਸਨ, ਸਭ ਨੂੰ ਸਭ ਦੀ ਲੋੜ ਵਾਲੀ ਚੀਜ਼ ਪਾਉਣੀ ਉਨਾਂ ਦੇ ਜ਼ਿੰਮੇਂ ਹੈ। ਇਉਂ ਜਾਪਦਾ ਹੈ ਕਿ ਮਾਣ ਦੀ ਕਣੀ ਉਨਾਂ ਦੇ ਲਾਗੇ ਹੀ ਨਹੀਂ ਪੁਜੀ। ਲੰਗਰ ਵਿਚ ਸਾਨੂੰ ਮਿਠੇ ਚੌਲ, ਕੜਾਹ ਪਰਸ਼ਾਦ, ਦੋ ਸਬਜ਼ੀਆਂ ਤੇ ਇਕ ਦਾਲ ਤੇ ਸੋਹਣੇ ਫੁਲਕੇ ਸਣੇ ਫਲਾਂ ਦੇ ਦਿਤੇ ਗਏ ਸਨ। ਵੇਖਣ ਤੋਂ ਪਤਾ ਲਗਦਾ ਸੀ ਕਿ ਸਾਰੀ ਸੰਗਤ ਲਈ ਇਹੀ ਕੁਝ ਬਣਿਆ ਹੈ।

ਸਾਨੂੰ ਭੀ ਉਸੇ ਤਰੀਕੇ ਨਾਲ ਵਿਦਾ ਕੀਤਾ ਗਿਆ। ਪਹਿਲੀ ਮੋਟਰ ਕਾਰ ਨਾਲੋਂ ਭੀ ਵਧੀਆ ਮੋਟਰ ਕਾਰ ਸਾਨੂੰ ਸਟੇਸ਼ਨ ਤੇ ਛਡ ਗਈ।

ਪਤਾ ਨਹੀਂ ਓਦੋਂ ਦੀ ਕੀ ਖਿਚ ਹੈ ਕਿ ਮੈਨੂੰ ਜਦ ਭੀ ਮੌਕਾ ਮਿਲੇ ਮੈਂ ਮਹਾਰਾਜ ਦੇ ਦਰਸ਼ਨਾਂ ਲਈ ਤੁਰ ਪੈਂਦਾ ਹਾਂ। ਮੈਂ ਨਾਮਧਾਰੀਆ ਤਾਂ ਨਹੀਂ ਬਣਿਆ। ਨਾ ਹੀ ਸ਼ਾਇਦ ਕਦੇ ਬਣ ਸਕਾਂ ਪਰ ਮਹਾਰਾਜ ਦੀ ਜ਼ਾਤ ਨਾਲ ਮੈਨੂੰ ਜ਼ਾਤੀ ਪਿਆਰ ਹੈ। ਇਕ ਵੇਰ ਵਿਸਾਖੀ ਉਤੇ ਮੈਂ ਉਨਾਂ ਦੇ ਦਰਬਾਰ ਵਿਚ ਗਿਆ। ਪਿਆਰ ਭੇਟ ਲਈ ਮੈਂ ਲਿਖਾਰੀ ਦੀ ਇਕ ਪੁਰਾਣੀ ਫਾਈਲ ਦੀ ਸੁਨਹਿਰੀ ਜਿਲਦ ਲੈ ਗਿਆ। ਜਾ ਕੇ ਭੇਟਾ ਕੀਤੀ ਤੇ ਕਿਹਾ "ਮਾਫ ਕਰਨਾ ਅਜ ਰਾਤੀਂ ਹੀ ਪਤਾ ਲਗਾ ਸੀ ਤੇ ਸਵੇਰੇ ਹੀ ਘਰੋਂ ਤੁਰਿਆ ਹਾਂ। ਕੋਈ ਹੋਰ ਭੇਟਾ ਲਭੀ ਨਹੀਂ। ਇਹੋ ਹੀ ਕਬੂਲ ਕਰਨੀ।"

ਤਾਂ ਆਪ ਨੇ ਪਿਆਰ ਨਾਲ ਮੇਰਾ ਹਥ ਘੁਟਿਆ ਸੀ ਤੇ ਗਲਵਕੜੀ ਵਿਚ ਲੈਂਦਿਆਂ ਹੋਇਆਂ ਕਿਹਾ ਸੀ, "ਚੀਜ਼ ਭਾਵੇਂ ਕੋਈ ਹੋਵੇ, ਆਪਾਂ ਚੀਜ਼ਾਂ ਤਾਂ ਨਹੀਂ ਵੇਖਣੀਆਂ, ਵੇਖਣਾਂ ਤਾਂ ਇਹ ਹੈ ਕਿ ਉਸਦੇ ਲਿਆਉਣ ਵਿਚ ਕਿੰਨਾਂ ਪਿਆਰ ਹੈ। ਅਮੋਲ ਜੀ ਪਿਆਰ, ਉਹ ਤੁਸਾਂ ਮੈਨੂੰ ਦਿਤਾ ਹੈ। ਚਾਹੇ ਕਿਸੇ ਰੂਪ ਵਿਚ, ਉਹ ਸਤਿਕਾਰ ਯੋਗ ਹੈ।"

ਅਜ ਤਿੰਨ ਸਾਲ ਹੋ ਗਏ ਹਨ ਇਸ ਗਲ ਨੂੰ ਪਰ ਲਫਜ਼ ਅਜੇ ਤਕ ਭੀ ਮੇਰੇ ਕੰਨਾਂ ਵਿਚ ਮਿਠੀ ਗੂੰਜ ਦੇ ਕੇ ਮੇਰੀਆਂ ਅਖਾਂ ਵਿਚ ਮਸਤੀ ਦੀ ਇਕ ਲਹਿਰ ਲੈ ਆਉਦੇ ਹਨ। ਮੈਂ ਚਾਹੁੰਦਾ ਹਾਂ ਮੈਨੂੰ ਇਹ ਲਫਜ਼ ਸਦਾ ਯਾਦ ਰਹਿਣ ਜਿਵੇਂ ਅੱਜ ਹਨ।

---------o----------

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲਹਿਰ ਦੀ ਮਹੱਤਤਾ

ਪ੍ਰੋ: ਜਸਵੰਤ ਸਿੰਘ 'ਜਸ' ਐਮ.ਏ.,ਐਮ.ਐੱਡ

ਗੁਰਮਤ ਅਨੁਸਾਰ ਪਰਮਾਤਮਾ ਦੀ ਯਾਦ ਜਾਂ ਉਸ ਦਾ ਨਾਮ ਜਾਪ! ਸੰਸਾਰ ਦਾ ਕੇਂਦਰ ਤੇ ਧੁਰਾ ਮੰਨਿਆ ਗਿਆ ਹੈ। ਨਾਮ ਵਿਚ,ਅਨੇਕਾਂ ਦੀਪਾਂ, ਲੋਆਂ, ਮੰਡਲਾਂ, ਖੰਡਾਂ, ਬ੍ਰਹਮੰਡਾਂ, ਨੂੰ ਧਾਰਨ ਕਰਨ, ਇਕ ਸੂਤ ਵਿਚ ਪਰੋਈ ਰਖਣ ਅਤੇ ਇਕ ਬਝਵੇਂ ਅਟੱਲ ਨੇਮ ਵਿਚ ਚਲਾਈ ਰਖਣ ਦੀ ਸ਼ਕਤੀ ਹੈ। ਕਲੂ ਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੇ "ਨਾਮ" ਨੂੰ ਪ੍ਰਗਟ ਕਰਕੇ ਇਸ ਦਾ ਖੁਲ੍ਹਾ ਛਟਾ ਦਿਤਾ ਤੇ ਜਗਤ ਜਲੰਦੇ ਦੀ ਤਪਸ਼ ਮਿਟਾਈ। ਇਹ ਨਾਮ ਹੀ ਸਾਰੀਆਂ ਸ਼ਕਤੀਆਂ ਦਾ ਮੰਬਾ ਤੇ ਆਧਾਰ ਹੈ। ਗੁਰਵਾਕ ਹੈ ·

ਨਾਮ ਕੇ ਧਾਰੇ ਸਗਲੇ ਜੰਤ।। ਨਾਮ ਕੇ ਧਾਰੇ ਖੰਡ ਬ੍ਰਹਮੰਡ।।

ਸਮਾਂ ਪਾ ਕੇ ਸਿਖ ਗੁਰੂਆਂ ਦੀ ਸਰ ਜ਼ਮੀਨ ਪੰਜਾਬ ਉਤੇ ਇਕ ਅਜਿਹਾ ਸਮਾਂ ਆਇਆ ਜਦ ਕਿ ਉਨਾਂ ਦੇ ਪੈਰੋਕਾਰ ਸਿਖ, ਸੁਖਾਂ ਤੇ ਲਟਕਾਂ ਵਿਚ ਗਲਤਾਨ ਹੋ ਕੇ ਨਾਮ ਦਾ ਲੜ ਛਡ ਬੈਠੇ। ਕੌਮੀ ਜਥੇਬੰਦੀ ਖੇਰੂੰ ਖੇਰੂੰ ਹੋ ਗਈ। ਭਾਰਤ ਦੇਸ਼ ਨੇ ਬਦੇਸ਼ੀ ਅੰਗਰੇਜ਼ ਹਕੂਮਤ ਦੇ ਜੂਲੇ ਨੂੰ ਸਵੀਕਾਰ ਕਰ ਲਿਆ। ਭਾਰਤ ਦੀ ਸਭਿਅਤਾ, ਸੰਸਕ੍ਰਿਤੀ; ਬੀਰਤਾ ਤੇ ਧਰਮ ਪ੍ਰਿਅਤਾ ਦਾ ਬੀਜ ਨਾਸ ਕਰਨ ਲਈ ਅੰਗਰੇਜ਼ ਨੇ ਆਪਣੀ ਦਮਨ ਨੀਤੀ ਨਾਲ ਭਾਰਤ ਵਾਸੀਆਂ ਉਤੇ ਵਡੇ ਤੋਂ ਵਡੇ ਜ਼ੁਲਮ ਢਾਹੇ ਅਤੇ ਕੌਮੀ ਜਜ਼ਬੇ ਨੂੰ ਕੁਚਲ ਕੇ ਰਖ ਦਿਤਾ।

ਸੰਨ 1849 ਈਸਵੀ ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨ ਦੀਆਂ ਖੁਸ਼ੀਆਂ ਮਨਾ ਰਹੇ ਅੰਗਰੇਜ਼ਾਂ ਨੂੰ ਕੀ ਪਤਾ ਸੀ ਕਿ ਜਿਸ ਕੌਮੀਅਤ ਤੇ ਸੰਸਕ੍ਰਿਤੀ ਨੂੰ ਉਹ ਖਤਮ ਕਰਨਾ ਚਾਹੁੰਦਾ ਹੈ, ਉਸਨੂੰ ਸੁਰਜੀਤ ਕਰਨ ਲਈ ਪੰਜਾਬ ਵਿਚ ਹੀ ਇਕ ਅਜਿਹੀ ਮਹਾਨ ਦੇਸ਼ ਭਗਤ ਹਸਤੀ ਜਨਮ ਲੈ ਕੇ ਤੇਤੀਏਂ ਸਾਲ ਵਿਚ ਪਰਵੇਸ਼ ਕਰ ਚੁਕੀ ਹੈ ਜੋ ਆਉਣ ਵਾਲੇ ਦੋ ਦਹਾਕਿਆਂ ਵਿਚ ਨਾ ਕੇਵਲ ਅੰਗਰੇਜ਼ਾਂ ਦਾ ਵਕਾਰ ਤੇ ਐਸ਼ਵਰਜ ਹੀ ਮਿਟੀ ਵਿਚ ਮਿਲਾ ਕੇ ਰਖ ਦੇਵੇਗੀ ਸਗੋਂ ਪੰਜਾਬੀਆਂ ਨੂੰ ਨਵਾਂ ਜੀਵਨ ਦੇ ਕੇ ਆਜ਼ਾਦੀ ਦਾ ਝੰਡਾ ਬਰਦਾਰ ਬਣਾ ਦੇਵੇਗੀ। ਇਹ ਮਹਾਨ ਹਸਤੀ ਸ੍ਰੀ ਬਾਬਾ ਰਾਮ ਸਿੰਘ ਮਹਾਰਾਜ ਦੀ ਸੀ ਜਿਸ ਨੇ ਸਿਖ ਕੌਮ ਨੂੰ ਨਾ ਕੇਵਲ ਰੂਹਾਨੀ ਤੇ ਸਦਾਚਾਰਕ ਤੌਰ ਤੇ ਉਚਿਆਂ ਕੀਤਾ ਸਗੋਂ ਉਸ ਵਿਚ ਦੇਸ਼ ਪਿਆਰ ਦੀ ਅਗਨੀ ਪਰਜਵਲਤ ਕਰਕੇ ਭਾਂਬੜ ਬਾਲ ਦਿਤੇ। ਇਸ ਪੈਦਾ ਹੋਈ ਪਰਚੰਡ ਅਗਨੀ ਨੇ ਪੰਜਾਬ ਵਾਸੀਆਂ ਵਿਚੋਂ ਭਰਮ, ਵਹਿਮ, ਅੰਧ ਵਿਸ਼ਵਾਸ਼, ਅਗਿਆਨਤਾ, ਕਾਇਰਤਾ ਤੇ ਨਿਊਨਤਾ ਨੂੰ ਕਢ ਕੇ ਗਿਆਨ ਦੇ ਪਰਕਾਸ਼ ਨਾਲ ਨੂਰੋ ਨੂਰ ਕਰ ਦਿਤਾ। ਸੁਤੰਤਰਤਾ ਦੀ ਲਹਿਰ ਦੇ ਹਿਸ ਚੁਕੇ ਦੀਵੇ ਨੂੰ ਆਤਮ ਬਲੀਦਾਨ ਦਾ ਤੇਲ ਪਾ ਕੇ ਪਰਚੰਡ ਕਰਨਾ ਅਤੇ ਹਾਲਾਤ ਦੇ ਨਾਮੁਆਫਿਕ ਹੁੰਦਿਆਂ ਵੀ ਪੰਜਾਬ ਵਿਚ ਅੰਗਰੇਜ਼ਾਂ ਦੇ ਟਾਕਰੇ ਖੁਫੀਆ ਹਕੂਮਤ ਕਾਇਮ ਕਰਨੀ, ਬਾਬਾ ਰਾਮ ਸਿੰਘ ਜੀ ਦੇ ਕਾਰਨਾਮਿਆਂ ਵਿਚੋਂ ਇਕ ਅਦੂਤੀ ਮੌਅਜਜ਼ਾ ਸੀ।

Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਰਬ ਸਾਂਝੇ ਤੇ ਸਰਬ ਸੁਖਦਾਈ ਰਾਜ ਦੇ ਪਤਨ ਉਪਰੰਤ ਨਾ ਤਾਂ ਸਿਖਾਂ ਦੀ ਕੋਈ ਜਥੇਬੰਦੀ ਰਹੀ ਤੇ ਨਾ ਹੀ ਸਿਖੀ ਜੀਵਨ ਤੇ ਸਦਾਚਾਰ ਦੀ ਝਲਕ ਵਿਖਾਈ ਦੇਂਦੀ ਸੀ। ਸਿਖ ਰਾਜਸੀ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਹੋਣ ਦੇ ਨਾਲ ਨਾਲ ਆਤਮਕ ਤੇ ਮਾਨਸਿਕ ਤੌਰ ਤੇ ਵੀ ਗੁਲਾਮ ਹੋ ਚੁਕੇ ਸਨ ਅਤੇ ਮੁੜ ਪੁਰਾਤਨ ਹਿੰਦੂ ਰੀਤਾਂ ਵਿਚ ਵਿਸ਼ਵਾਸ਼ ਰਖਣ ਲਗ ਪਏ ਸਨ। ਗੁਰਦੁਆਰਿਆਂ ਤੇ ਇਤਿਹਾਸਕ ਸਿਖ ਅਸਥਾਨਾਂ ਵਿਚ ਦੰਭੀ ਪੁਜਾਰੀਆਂ ਦਾ ਬੋਲਬਾਲਾ ਹੋ ਗਿਆ ਸੀ। ਮਹੰਤਾਂ, ਸੋਢੀਆਂ, ਬੇਦੀਆਂ ਤੇ ਉਦਾਸੀਆਂ ਆਦਿ ਸੰਪ੍ਰਦਾਵਾਂ ਨੇ ਥਾਉਂ ਥਾਈਂ ਆਪਣੀਆਂ ਗੱਦੀਆਂ ਕਾਇਮ ਕਰ ਲਈਆਂ ਸਨ। ਸਿਖਾਂ ਵਿਚ ਉਹ ਸਾਰੇ ਭਰਮ, ਵਹਿਮ ਤੇ ਕੁਰੀਤੀਆਂ ਪਰਵੇਸ਼ ਕਰ ਗਈਆਂ ਸਨ ਜਿਨਾਂ ਨੂੰ ਸਿਖ ਗੁਰੂਆਂ ਤੇ ਸ਼ਹੀਦ ਸਿੰਘਾਂ ਨੇ ਬੜੀਆਂ ਘਾਲਾਂ ਘਾਲ ਕੇ ਤੇ ਕੁਰਬਾਨੀਆਂ ਕਰ ਕੇ ਦੂਰ ਕੀਤਾ ਸੀ। ਕੌਮ ਦੀ ਇਸ ਅਧੋਗਤੀ ਨੂੰ ਨਾ ਸਹਾਰਦਿਆਂ ਹੋਇਆਂ ਬਾਬਾ ਰਾਮ ਸਿੰਘ ਜੀ ਨੇ ਸੰਨ 1857 ਦੀ ਵਸਾਖੀ ਵਾਲੇ ਦਿਨ ਨਗਰ ਭੈਣੀ ਜ਼ਿਲਾ ਲੁਧਿਆਣਾ ਵਿਖੇ ਸਿਖ ਸੰਗਤਾਂ ਦਾ ਇਕਠ ਕੀਤਾ ਤੇ ਚੌਣਵੇਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਗਿਆਨੀ ਗਿਆਨ ਸਿੰਘ ਕਰਤਾ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਹੇਠ ਲਿਖੀ ਸਿਖਿਆ ਦਿਤੀ।

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ, ਰਾਮਮ੍ਰਿਗੇਸ਼ ਉਪਦੇਸ਼ ਦੈਨ ਲਾਗਯੋ।।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ, ਸਿੰਘ ਪੰਥ ਬ੍ਰਿਧਾਨੋਂ ਨਾਮ ਰਸ ਪਾਗਯੋ।
ਹੁਕੇ ਛੁਡਵਾਏ, ਰਖਵਾਏ ਕੇਸ ਮੋਨਯੋ ਕੇ, ਸੁਧਾ ਛਕ ਥੀਏ ਸਿੰਘ ਭਾਗ ਜਿਨ ਜਾਗਯੋ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ, ਠੱਗੀ ਤਜ ਥੀਏ ਸੰਤ ਸਤਿਜੁਗ ਆ ਗਯੋ।

ਬਾਬਾ ਜੀ ਨੇ ਸਿਖਾਂ ਨੂੰ ਆਪਸ ਵਿਚ ਪਿਆਰ ਨਾਲ ਮਿਲ ਬੈਠਣ,ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜਣ, ਢੌਲਕ, ਛੈਣੇ ਖੜਤਾਲਾਂ ਆਦਿ ਸਾਜ਼ਾਂ ਨਾਲ ਸਾਧਾਰਨ ਧਾਰਨਾ ਰਾਹੀਂ ਜੋਸ਼ ਨਾਲ ਸ਼ਬਦ ਕੀਰਤਨ ਕਰਨ, ਨਾਮ ਜਪਣ ਅਤੇ ਮਾਲਾ ਨਾਲ ਭਜਨ ਸਿਮਰਨ ਕਰਨ ਦਾ ਉਪਦੇਸ਼ ਦਿਤਾ। ਇਹ ਨਾਮਧਾਰੀ ਲਹਿਰ ਦਾ ਮੁਢ ਸੀ। ਫੇਰ ਬਾਬਾ ਜੀ ਨੇ ਪੰਜਾਬ ਦਾ ਦੌਰਾ ਅਰੰਭ ਦਿਤਾ। ਸ਼ੇਖੂਪੁਰੇ ਤੇ ਸਿਆਲਕੋਟ ਦੇ ਜ਼ਿਲੇ, ਪਸਰੂਰ, ਉਗੋਚੱਕ, ਵਜ਼ੀਰਾਬਾਦ, ਮਾਨਾਵਾਲੀ, ਆਦਿ ਕੇਂਦਰਾਂ ਦੇ ਦੀਵਾਨਾਂ ਵਿਚ ਹਜ਼ਾਰਾਂ ਮਰਦ ਇਸਤਰੀਆਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਨਾਮਧਾਰੀ ਸਿੰਘ ਸਜ ਗਏ। ਸਾਰੇ ਪੰਜਾਬ ਵਿਚ ਬਾਬਾ ਜੀ ਦੇ ਪਰਚਾਰ ਦਾ ਗੋਗਾ ਫਿਰ ਗਿਆ। ਨਾਮਧਾਰੀ ਸਜੇ ਸਿੰਘਾਂ ਵਿਚ ਸੁਧਾਰ ਦਾ ਅਥਾਹ ਜੋਸ਼ ਠਾਠਾਂ ਮਾਰਨ ਲਗ ਪਿਆ। ਇਹ ਸਤਰਾਂ ਹਰੇਕ ਨਾਮਧਾਰੀ ਦੀ ਜ਼ਬਾਨ ਤੋਂ ਸੁਣੀਆਂ ਜਾਂਦੀਆਂ ਸਨ :—

ਮੜ੍ਹੀ ਮਸਾਣੀ ਢਾਹ ਕੇ ਕਰ ਦਿਉ ਮੈਦਾਨਾ। ਪੈਲ੍ਹਾਂ ਪਾਂਧਾ ਪੀਰ ਫਿਰ ਮਾਰੋ ਸੁਲਤਾਨਾ।
ਉਮਤ ਸਭ ਮੁਹੰਮਦੀ ਖਪ ਜਾਇ ਮੈਦਾਨਾ। ਸੁੰਨਤ ਕੋਇ ਨ ਕਰ ਸਕੇ, ਕੰਬਨ ਤੁਰਕਾਨਾ।
ਭੈਣੀ ਸਤਿਗੁਰੂ ਜਾਗਿਆ, ਹੋਰ ਝੂਠ ਜਹਾਨਾ।

ਇਹ ਅਠਲ੍ਹਵੇਂ ਜੋਸ਼ ਨੇ ਅੰਗਰੇਜ਼ਾਂ ਵਲੋਂ ਖੋਲ੍ਹੇ ਗਏ ਗਊਆਂ ਦੇ ਬੁਚੜਖਾਨਿਆਂ ਵਿਰੁਧ ਜਜ਼ਬਾ ਪੈਦਾ ਕਰ ਦਿਤਾ। ਅੰਗਰੇਜ਼ੀ ਚੀਜ਼ਾਂ ਦੇ ਬਾਈਕਾਟ ਤੇ ਅੰਗਰੇਜ਼ਾਂ ਨਾਲ ਨਾਮਿਲਵਰਤਨ ਦੀ ਲਹਿਰ ਜ਼ੋਰ ਫੜਦੀ ਗਈ। ਨਾਮਧਾਰੀਆਂ ਨੇ ਆਪਣੀਆਂ ਸਥਾਨਕ ਪੰਚਾਇਤਾਂ ਤੇ ਜਥੇਬੰਦੀਆਂ ਬਣਾ ਲਈਆਂ। ਹਰੇਕ ਪਿੰਡ ਦੀ ਆਪਣੀ ਨਾਮਧਾਰੀ ਪੰਚਾਇਤ, ਉਸਦੇ ਉਤੇ ਪਟੜੀ ਪੰਚਾਇਤ ਅਤੇ ਉਸ ਤੋਂ ਉਤੇ ਦੀ ਤਪਾ ਪੰਚਾਇਤ ਵਜੂਦ ਵਿਚ ਆਈ। ਬਾਬਾ ਜੀ ਨੇ ਆਪਣੇ ਬਾਈ ਬਲਵਾਨ ਸੂਬੇ ਤੇ ਬਹੁਤ

ਸਾਰੇ ਨਾਇਬ ਸੂਬੇ ਚੁਣੇ ਹੋਏ ਸਨ ਜੋ ਆਪੋ ਆਪਣੇ ਇਲਾਕਿਆਂ ਦੀ ਨਾਮਧਾਰੀ ਸੰਗਤ ਦੇ ਝਗੜੇ ਨਿਬੇੜਦੇ, ਅਪੀਲਾ ਸੁਣਦੇ, ਅਗਵਾਈ ਕਰਦੇ ਤੇ ਜਥੇਬੰਦੀ ਦੇ ਅਸੂਲਾਂ ਤੇ ਪ੍ਰੋਗਰਾਮਾਂ ਉਤੇ ਵਰਤੋਂ ਕਰਵਾਉਦੇ ਸਨ।

ਬਾਬਾ ਰਾਮ ਸਿੰਘ ਜੀ ਇਕ ਤਕੜੇ ਸਮਾਜ ਸੁਧਾਰਕ ਸਨ। ਉਹ ਪੰਜਾਬ ਵਿਚੋਂ ਪੁਰਾਤਨ ਸਮੇਂ ਤੋਂ ਚਲੀਆਂ ਆ ਰਹੀਆਂ ਭੈੜੀਆਂ ਰਸਮਾ ਦਾ ਜ਼ੋਰਦਾਰ ਖੰਡਨ ਕਰਦੇ ਸਨ ਅਤੇ ਆਪਣੇ ਸ਼ਰਧਾਲੂਆਂ ਨੂੰ ਪਿਆਰ ਨਾਲ ਸਮਝਾ ਬੁਝਾ ਕੇ ਅੰਤ ਵਿਚ ਸਖਤੀ ਨਾਲ ਵੀ ਉਨਾਂ ਦਾ ਤਿਆਗ ਕਰਨ ਲਈ ਕਹਿੰਦੇ ਹੁੰਦੇ ਸਨ। ਉਹ ਅਜਿਹੇ ਸਮਾਜ ਨੂੰ ਕਦੀ ਵੀ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ ਜਿਸ ਵਿਚ ਇਸਤਰੀ ਜਾਤੀ ਨਿਰਬਲ, ਕਮਜ਼ੋਰ ਤੇ ਅਬਲਾ ਸਮਝੀ ਜਾਂਦੀ ਹੋਵੇ ਅਤੇ ਪਸ਼ੂਆਂ ਵਾਂਗ ਵਟਾਈ ਤੇ ਵੇਚੀ ਜਾਂਦੀ ਹੋਵੇ। ਉਨਾਂ ਦੀ ਇਕ ਪਤਰਕਾ ਦੀ ਲਿਖਤ ਇਸ ਪ੍ਰਕਾਰ ਹੈ:

"……..ਅਗੋ ਜੋ ਲੜਕੀ ਮਾਰੇ ਤੇ ਲੜਕੀ ਬੇਚ ਦੇਨੇ ਕਾ ਬੜਾ ਪਾਪ ਹੈ। ਕੁੜੀਆਂ ਮਾਰਨਾ ਗਊ ਤੋਂ ਵੀ ਬਡਾ ਪਾਪ ਹੈ। ਜੋ ਲੜਕੀ ਮਾਰੇ ਜਾਂ ਬੇਚੇ, ਬੱਟਾ ਕਰੇ, ਉਸ ਦੇ ਨਾਲ ਨਹੀਂ ਸੰਗਤ ਨੇ ਬਰਤਨਾ, ਨਾ ਉਸ ਦੇ ਹਥ ਦਾ ਜਲ ਪਾਨ ਕਰਨਾ।"

ਨਾਮਧਾਰੀਆਂ ਵਿਚ ਗਊ ਗਰੀਬ ਦੀ ਰਖਿਆ ਲਈ ਬੁਚੜਾਂ ਦੇ ਵਿਰੁਧ ਬੜਾ ਗੁਸਾ ਅਤੇ ਰੋਹ ਸੀ, ਜਿਸ ਦਾ ਫਲ ਰੂਪ ਕੁਝ ਨਾਮਧਾਰੀਆਂ ਨੇ ਅੰਮ੍ਰਿਤਸਰ ਵਿਚ 14 ਜੂਨ ਸੰਨ 1871 ਦੀ ਰਾਤ ਨੂੰ ਬੁਚੜਾਂ ਉਤੇ ਹਲਾ ਬੋਲ ਦਿਤਾ ਤੇ ਚਾਰ ਬੁਚੜਾਂ ਨੂੰ ਕਤਲ ਕਰ ਦਿਤਾ। ਇਕ ਮਹੀਨਾ ਪਿਛੋਂ ਪਿਡ ਰਾਇਕੋਟ ਜ਼ਿਲਾ ਲੁਧਿਆਣਾ ਵਿਚ ਵੀ ਕੁਝ ਬੁਚੜ ਵਢੇ ਗਏ। 15 ਜੁਲਾਈ ਨੂੰ ਨਾਮਧਾਰੀਆਂ ਦੇ ਇਕ ਜਥੇ ਨੇ ਮਲੇਰਕੋਟਲੇ ਉਤੇ ਧਾਵਾ ਬੋਲ ਦਿਤਾ। ਅਹਿਮਦ ਖਾਂ ਕੋਤਵਾਲ ਤੇ ਸਤ ਸਿਪਾਹੀ ਟਾਕਰਾ ਕਰਦੇ ਹੋਏ ਮਾਰੇ ਗਏ। ਪੰਦਰਾਂ ਆਦਮੀ ਜ਼ਖਮੀ ਹੋਏ। ਸਤ ਨਾਮਧਾਰੀਏ ਵੀ ਸ਼ਹੀਦ ਹੋ ਗਏ। ਇਨਾਂ ਉਤੇਜ਼ਤੀ ਵਾਪਰਨ ਵਾਲੀਆਂ ਹਿੰਸਕ ਘਟਨਾਵਾਂ ਤੋਂ ਅੰਗਰੇਜ਼ ਸਰਕਾਰ ਹਰਕਤ ਵਿਚ ਆਈ। 16 ਜਨਵਰੀ ਸੰਨ 1872 ਨੂੰ 68 ਨਾਮਧਾਰੀਆਂ ਦਾ ਜਥਾ ਫੜਿਆ ਗਿਆ ਤੇ ਮਲੇਰਕੋਟਲੇ ਦੇ ਮੈਦਾਨ ਵਿਚ ਇਕ ਇਕ ਕਰਕੇ ਤੋਪਾਂ ਨਾਲ ਉਡਾਏ ਗਏ। ਬਾਬਾ ਰਾਮ ਸਿੰਘ ਜੀ ਨੂੰ ਲੁਧਿਆਣੇ ਪੇਸ਼ ਹੋਣ ਲਈ ਕਿਹਾ ਗਿਆ ਜਿਥੇ ਉਹਨਾਂ ਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦੇਣ ਲਈ ਸਪੈਸ਼ਲ ਗਡੀ ਰਾਹੀਂ ਅਲਾਹਬਾਦ ਭੇਜ ਦਿਤਾ। ਅਲਾਹਬਾਦ ਪੰਜਾਬ ਦੇ ਨੇੜੇ ਹੋਣ ਕਰਕੇ ਆਪ ਨੂੰ 16 ਮਾਰਚ 1872 ਨੂੰ ਰੰਗੂਨ (ਬਰਮਾ) ਵਿਚ ਨਜ਼ਰਬੰਦ ਕਰ ਦਿਤਾ। ਆਪ ਦੇ ਪ੍ਰਮੁਖ ਸੂਬਿਆਂ ਨੂੰ ਅਦਨ, ਬਰਮਾ, ਯੂ.ਪੀ., ਤੇ ਕਿਲਾ ਅਸੀਰਗੜ (ਬੰਬਈ ਪ੍ਰੈਜੀਡੈਂਸੀ) ਆਦਿ ਥਾਵਾਂ ਤੇ ਜਲਾਵਤਨ ਕਰ ਦਿਤਾ ਗਿਆ।

ਬਾਬਾ ਰਾਮ ਸਿੰਘ ਜੀ ਤੇ ਉਹਨਾਂ ਦੇ ਸ਼ਰਧਾਲੂ ਨਾਮਧਾਰੀ ਜਥੇਬੰਦੀ ਅੰਗਰੇਜ਼ੀ ਸਾਮਰਾਜ ਦੀ ਕਟੜ ਵਿਰੋਧੀ ਸੀ। ਬਾਬਾ ਜੀ ਨੇ ਉਨਾਂ ਨੂੰ ਸਾਦਗੀ , ਸਵੱਛਤਾ, ਭਜਨ, ਸਿਮਰਨ, ਸੰਗਤ ਪੰਗਤ, ਸੰਜਮ ਤਿਆਗ ਅਤੇ ਪਰਉਪਕਾਰ ਦੇ ਨਾਲ ਦੇਸ਼ ਉਤੇ ਅੰਗਰੇਜ਼ਾਂ ਵਲੋਂ ਪਾਈ ਗਈ ਗ਼ੁਲਾਮੀ ਦੀ ਛਟ ਨੂੰ ਲਾਹੁਣ ਲਈ ਭਰਪੂਰ ਉਪਰਾਲੇ ਕੀਤੇ। ਉਨ੍ਹਾਂ ਵਲੋਂ ਅੰਗਰੇਜ਼ੀ ਅਦਾਲਤਾਂ, ਰੇਲਾ, ਡਾਕ, ਤਾਰ, ਦਵਾਈਆਂ ਅਤੇ ਬਦੇਸ਼ੀ ਚੀਜ਼ਾਂ ਦਾ ਬਾਈਕਾਟ ਕੀਤਾ ਗਿਆ। ਸੁਤੰਤਰਤਾ ਸੰਗਰਾਮ ਦੇ ਇਸ ਪ੍ਰੋਗਰਾਮ ਵਿਚ, ਗੁਪਤ ਫੌਜੀ ਜਥੇਬੰਦੀ, 1857 ਦੇ ਗਦਰੀ ਇਨਕਲਾਬ ਵਿਚ ਹਿਸਾ ਲੈਣ ਵਾਲੇ ਆਗੂਆਂ ਨਾਲ ਤਾਲਮੇਲ ਤੇ ਬਦੇਸ਼ੀ ਰਾਜਾਂ ਨਾਲ ਸੰਬੰਧ ਕਾਇਮ ਕਰਨ ਦੇ ਯਤਨ ਸ਼ਾਮਲ ਸਨ। ਨਾਮਧਾਰੀਏ ਇਹ ਤੁਕ ਐਲਾਨੀਆਂ ਗਾਉਂਦੇ ਸਨ:—

ਅਸਾਂ ਹਿੰਦ ਵਿਚ ਗਦਰ ਮਚਾਉਣਾ, ਕਢਣਾਂ ਫਰੰਗੀਆਂ ਨੂੰ।

ਅਤੇ

ਚੁੱਕ ਲੈ ਫਰੰਗੀਆ ਡੇਰਾ, ਖਾਲਸੇ ਨੇ ਰਾਜ ਕਰਨਾ।

ਬਾਬਾ ਜੀ ਦਾ ਇਕ ਸ਼ਰਧਾਲੂ ਸੇਵਕ ਬਿਸ਼ਨ ਸਿੰਘ ਸੀ ਜੋ ਅਰਬੀ, ਫਾਰਸੀ ਤੇ ਪਸ਼ਤੋ ਦਾ ਵਿਦਵਾਨ ਸੀ। ਬਾਬਾ ਜੀ ਨੇ ਇਸ ਨੂੰ ਅਮੀਰ ਕਾਬਲ (ਅਫਗਾਨਿਸਤਾਨ) ਪਾਸ ਬਤੌਰ ਸਫੀਰ ਬਣਾ ਕੇ ਭੇਜਿਆ ਜੋ ਕਾਬਲ ਵਿਚ ਰਹਿ ਕੇ ਬਾਬਾ ਜੀ ਦੇ ਸੰਬੰਧ ਰੂਸ ਨਾਲ ਵੀ ਕਾਇਮ ਰਖਦਾ ਸੀ। ਬਿਸ਼ਨ ਸਿੰਘ ਕੁਝ ਸਾਲ ਕਾਬਲ ਰਹਿਣ ਤੋਂ ਪਿਛੋਂ ਰੂਸ ਜਾ ਪੁਜਾ। ਇਨੀ ਦਿਨੀ ਕਾਬਲ ਦੇ ਸ਼ਾਹੀ ਘਰਾਣੇ ਨਾਲ ਸਬੰਧ ਰਖਣ ਵਾਲੇ ਦੋ ਸ਼ਾਹਜ਼ਾਦੇ ਬਾਬਾ ਜੀ ਪਾਸ ਭੇਣੀ ਪੁਜੇ। ਇਸ ਗਲ ਦਾ ਪਤਾ ਲਗਣ ਪਰ ਅੰਗਰੇਜ਼ ਬੜੇ ਘਬਰਾਏ। ਕਸ਼ਮੀਰ ਦਾ ਮਹਾਰਾਜਾ ਰਣਬੀਰ ਸਿੰਘ ਅੰਗਰੇਜ਼ਾਂ ਨਾਲ ਕੀਤੇ ਗਏ ਸੰਧੀਨਾਮੇ ਨਾਲੋਂ ਵਧੇਰੇ ਅੰਗਰੇਜ਼ੀ ਦਖਲ ਨੂੰ ਬੁਰਾ ਮਨਾਉਦਾ ਸੀ। ਪਰ ਅੰਗਰੇਜ਼ ਅੰਤਰ ਰਾਸ਼ਟਰੀ ਹਾਲਾਤ ਨੂੰ ਨਜ਼ਰ ਵਿਚ ਰਖਦੇ ਹੋਏ ਕਸ਼ਮੀਰ ਨੂੰ ਆਪਣੇ ਹਥਾਂ ਵਿਚ ਰਖਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਆਪਣੇ ਰੈਜ਼ੀਡੈਂਟ ਰਾਹੀਂ ਰਿਆਸਤ ਦੇ ਵਡੇ ਵਜ਼ੀਰ, ਦੀਵਾਨ ਕਿਰਪਾ ਰਾਮ ਨੂੰ ਆਪਣੇ ਪੱਖ ਵਿਚ ਕੀਤਾ ਹੋਇਆ ਸੀ ਜੋ ਮਹਾਰਾਜੇ ਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦਾ। ਦੂਜੇ ਪਾਸੇ ਮਹਾਰਾਜਾ ਗੁਲਾਬ ਸਿੰਘ ਦੇ ਗੁਰੂ ਵੇਦਾਂਤੀ ਜੀ, ਮਹਾਰਾਜਾ ਰਣਬੀਰ ਸਿੰਘ ਦੇ ਨਿਜੀ ਸਲਾਹਕਾਰ ਸਨ। ਵੇਦਾਂਤੀ ਜੀ ਸੁਤੰਤਰ ਖਿਆਲਾਂ ਦੇ ਸਨ ਤੇ ਅੰਗਰੇਜ਼ ਨੀਤੀ ਦੀ ਕਰੜੀ ਟੀਕਾ ਟਿਪਣੀ ਕਰਨ ਵਾਲੇ ਬੰਦੇ ਸਨ। ਆਪ ਬਾਬਾ ਰਾਮ ਸਿੰਘ ਜੀ ਦਾ ਬੜਾ ਸਤਿਕਾਰ ਕਰਦੇ ਸਨ। ਵੇਦਾਂਤੀ ਜੀ ਦੀਆਂ ਸ਼ੁੱਭ ਇਛਾਵਾਂ ਦਾ ਸਦਕਾ ਸੰਨ 1869 ਦੀਆਂ ਸਰਗਰਮੀਆਂ ਵਿਚ ਤੀਹ ਪੈਂਤੀ ਨਾਮਧਾਰੀਏ, ਸੂਦਾਰ ਹੀਰਾ ਸਿੰਘ ਸਢੌਰਾ (ਅੰਬਾਲਾ) ਦੀ ਅਗਵਾਈ ਹੇਠ ਜੰਮੂ ਪਹੁੰਚਕੇ ਮਹਾਰਜਾ ਰਣਬੀਰ ਸਿੰਘ ਨੂੰ ਮਿਲੇ ਤੇ ਉਸਦੀ ਡੋਗਰਾ ਫੌਜ ਵਿਚ ਭਰਤੀ ਹੋਣ ਦੀ ਇਛਾ ਪਰਗਟ ਕੀਤੀ। ਇਹ ਤਾਲ ਮੇਲ ਇਨਾ ਸਫਲ ਰਿਹਾ ਕਿ ਮਹਾਰਾਜੇ ਨੇ ਸੂਦਾਰ ਹੀਰਾ ਸਿੰਘ ਦੀ ਕਮਾਨ ਹੇਠ ਇਕ ਵਖਰੀ ਕੂਕਾ (ਨਾਮਧਾਰੀ) ਪਲਟਨ ਖੜੀ ਕਰ ਦਿਤੀ। ਇਸ ਪਲਟਨ ਵਿਚ ਭਰਤੀ ਹੋਣ ਸਮੇਂ ਹਰੇਕ ਨਾਮਧਾਰੀਏ ਨੂੰ ਆਪਣੇ ਆਚਰਣ ਤੇ ਚੰਗੀ ਰਹਿਤ ਬਹਿਤ ਬਾਰੇ ਬਾਬਾ ਜੀ ਪਾਸੋਂ ਇਕ ਸਰਟੀਫਿਕੇਟ ਲਿਆਉਣਾ ਪੈਂਦਾ ਸੀ।

ਇਨਾਂ ਹੀ ਦਿਨਾਂ ਵਿਚ ਕਈ ਨਾਮਧਾਰੀਏ, ਪੰਜਾਬ ਵਿਚੋਂ ਨਿਕਲ ਕੇ ਨਿਪਾਲ ਦੇ ਸੁਤੰਤਰ ਰਾਜ ਵਿਚ ਜਾ ਕੇ ਸ.ਹਰੀ ਸਿੰਘ ਨਲੂਏ ਦੇ ਸਪੁਤਰ ਸ੍ਰ ਮੋਤੀ ਸਿੰਘ ਦੇ ਰਸੂਖ ਨਾਲ ਭਰਤੀ ਹੋ ਗਏ ਸਨ। ਸ੍ਰ ਮੋਤੀ ਸਿੰਘ ਉਸ ਸਮੇਂ ਨਿਪਾਲ ਦੀਆਂ ਫੌਜਾਂ ਵਿਚ ਉਚੇ ਅਹੁਦੇ ਉਤੇ ਲਗਾ ਹੋਇਆ ਸੀ। ਬਾਬਾ ਜੀ ਵਲੋਂ ਭੇਜਿਆ ਹੋਇਆ ਨਾਮਧਾਰੀਆਂ ਦਾ ਇਕ ਮਿਸ਼ਨ ਨਿਪਾਲ ਦੇ ਮੁਖ ਮੰਤਰੀ ਰਾਣਾ ਜੰਗ ਬਹਾਦਰ ਨੂੰ ਮਿਲਿਆ ਸੀ।

ਏਸ ਤਰਾਂ ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ ਵਿਰੋਧੀ ਦੇਸ਼ ਰੂਸ ਨਾਲ ਵੀ ਆਪਣਾ ਸਬੰਧ ਕਾਇਮ ਕੀਤਾ। ਉਸ ਵੇਲੇ ਆਇਰਨਬਰਗ (ਰੂਸ) ਵਿਚ ਕਈ ਪੰਜਾਬੀ ਰਹਿੰਦੇ ਸਨ ਜੋ ਬਾਬਾ ਜੀ ਦੇ ਰੂਸ ਸਰਕਾਰ ਨਾਲ ਤਾਲ ਮੇਲ ਦੀ ਵਿਚੋਲਗੀ ਕਰਦੇ ਸਨ। ਜ਼ਾਰ ਰੂਸ ਨੇ ਬਾਬਾ ਜੀ ਦੇ ਭੇਜੇ ਹੋਏ ਸਫੀਰ ਰਾਹੀਂ ਸਤ ਬਹੁਮੁਲੇ ਚੋਗੇ ਤੇ ਇਕ ਚਾਂਦਨੀ ਤੋਹਫੇ ਵਜੋਂ ਭੇਣੀ ਸਾਹਿਬ ਭੇਜੀ।

ਬਾਬਾ ਜੀ ਨੇ ਪੰਜਾਬੋਂ ਬਾਹਰ ਹੈਦਰਾਬਾਦ, ਲਖਨਊ, ਬਨਾਰਸ, ਭੂਟਾਨ ਤੇ ਗਵਾਲੀਅਰ

Sri Satguru Jagjit Singh Ji Elibrary NamdhariElibrary@gmail.com

ਆਦਿ ਵਿਚ ਰਹਿਣ ਵਾਲੇ ਸਿਖਾਂ ਨੂੰ ਅੰਗਰੇਜ਼ਾਂ ਵਿਰੁਧ ਜਥੇਬੰਦ ਕਰਨ, ਅੰਗਰੇਜ਼ ਵਿਰੋਧੀ ਗੁਆਂਢੀ ਤਾਕਤਾਂ ਨਾਲ ਮਿਤਰਾਨਾ ਸੰਬੰਧ ਕਾਇਮ ਕਰਨ ਅਤੇ ਯੋਗ ਸਮਾਂ ਆਉਣ ਪਰ ਅੰਗਰੇਜ਼ ਵਿਰੁਧ ਵਰਤਣ ਲਈ ਆਪ ਨੇ ਵਖਰਾ ਵਿਭਾਗ ਖੋਲਿਆ ਹੋਇਆ ਸੀ। ਇਸ ਸੰਬੰਧੀ ਸ੍ਰੀ ਸ਼ਿਵ ਲਾਲ ਵਲੋਂ 11 ਮਈ 1957 ਦੇ "ਟ੍ਰਿਬਿਊਨ" ਅਖਬਾਰ ਵਿਚ ਛਪੀਆਂ ਹੇਠ ਲਿਖੀਆਂ ਸਤਰਾਂ ਦਿਤੀਆਂ ਜਾਂਦੀਆਂ ਹਨ:—

"In order to make his political programme a success, Guru Ram Singh had spread his sphere of activity in the border states of Nepal, Bhutan and Kashmir, contacts were made with rulers through Namdhari embassis. Guru Ram Singh is also stated to have had close contact with the Rani of Jhansi and other leaders of the 1857 rebellion. The Guru, even from jail exchanged letters with Russia through the Governor of Russian Turkistan."

ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗਵਾਸੀ ਪੰਡਤ ਜਵਾਹਰ ਲਾਲ ਨੇ ਬਾਬਾ ਰਾਮ ਸਿੰਘ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਸ਼ਰਧਾਂਜ਼ਲੀ ਪੇਸ਼ ਕੀਤੀ:—

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰੀ ਭੂਮੀ ਨੂੰ ਸੁਤੰਤਰਤਾ ਦਿਵਾਣ ਲਈ ਅਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਤਾਸ਼ਾਲੀ ਪ੍ਰੀਸ਼ਰਮ ਕੀਤਾ ਸੀ, ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ 75 ਸਾਲ ਦੇ ਲਗ ਪਗ ਸਮਾਂ ਗੁਜ਼ਰ ਜਾਣ ਦੇ ਉਪਰੰਤ ਵੀ ਉਹ ਪਰੋਗਰਾਮ ਪੁਰਾਣਾ ਨਹੀਂ ਹੋਇਆ ਜਿਸਨੂੰ ਅਮਲੀ ਸ਼ਕਲ ਦੇਣ ਨਮਿਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ ਸੀ।"

ਬਾਬਾ ਰਾਮ ਸਿੰਘ ਜੀ ਦੀ ਅਦੁਤੀ ਸ਼ਖਸੀਅਤ, ਉਨਾਂ ਵਲੋਂ ਕੀਤਾ ਗਿਆ ਗੁਰਮੱਤ ਪਰਚਾਰ, ਭਾਈਚਾਰਕ ਤੇ ਰਾਜਸੀ ਸੁਧਾਰ ਪੰਜਾਬ ਵਾਸੀਆਂ ਨੂੰ ਇਕ ਅਜੀਬ ਤੇ ਨਵਾਂ ਜੀਵਨ ਹੁਲਾਰਾ ਦੇ ਗਿਆ। ਉਨਾਂ ਦੇ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਦਾ ਸਦਕਾ ਅਸੀਂ ਭਾਰਤਵਾਸੀ ਅਜ ਆਜ਼ਾਦੀ ਦੀ ਹਵਾ ਵਿਚ ਜੀਉ ਰਹੇ ਹਾਂ। ਨਾਮਧਾਰੀ ਲਹਿਰ, ਸੱਚ ਮੁੱਚ ਬਾਬਾ ਜੀ ਦੀ ਭਾਰਤ ਨੂੰ ਇਕ ਅਦੁਤੀ ਦੇਣ ਸੀ।

----------o----------

Sri Satguru Jagjit Singh Ji Elibrary NamdhariElibrary@gmail.com

ਗੁਰੂ ਰਾਮ ਸਿੰਘ
ਨਾਮਧਾਰੀ ਪੰਥ ਦੇ ਸੰਸਥਾਪਕ

ਡਾ. ਕਾਲਾ ਸਿੰਘ ਬੇਦੀ

ਇਤਿਹਾਸ ਤੋਂ ਪਤਾ ਚਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿਛੋਂ ਪੰਜਾਬ ਰਾਜ ਦੀ ਸਥਿਤੀ ਬਿਲਕੁਲ ਡਾਵਾਂਡੋਲ ਹੋ ਗਈ। ਜਿਸ ਰਾਜ ਨੂੰ ਮਹਾਰਾਜਾ ਨੇ ਆਪਣੀਆਂ ਅਣਥਕ ਕੋਸ਼ਿਸ਼ਾਂ ਨਾਲ ਸੰਗਠਿਤ ਕੀਤਾ ਸੀ ਅਤੇ ਇਕ ਉਹ ਸੁਤੰਤਰ ਤੇ ਸ਼ਕਤੀਸ਼ਾਲੀ ਰਾਜ ਬਣਾਇਆ ਸੀ ਜਿਸ ਦੀ ਧਾਂਕ ਸਾਰੇ ਯੂਰਪ ਵਿਚ ਬੈਠ ਗਈ ਸੀ। ਮਹਾਰਾਜਾ ਨੇ ਇਸ ਰਾਜ ਨੂੰ ਵਾਸਤਵ ਵਿਚ ਪੰਜਾਬੀਆਂ ਦਾ ਰਾਜ ਕਾਇਮ ਕੀਤਾ ਸੀ, ਜਿਸ ਵਿਚ ਪੰਜਾਬੀਅਤ ਦਾ ਸ਼ਾਸ਼ਨ ਸੀ ਤੇ ਸਭ ਦਾ ਸਾਂਝਾ ਰਾਜ ਸੀ। ਲੋਕਤੰਤਰਤਾ ਇਸ ਵਿਚ ਲਿਸ਼ਕਾਰੇ ਮਾਰ ਰਹੀ ਸੀ। ਹਿੰਦੂ, ਮੁਸਲਮ, ਸਿਖ ਈਸਾਈ ਸਭ ਭਾਈ ਭਾਈ ਸਨ। ਪੰਜਾਬੀ ਫੌਜਾਂ ਨੂੰ ਯੂਰਪੀਨ ਰੰਗ ਢੰਗ ਵਿਚ ਢਾਲਿਆ ਗਿਆ ਸੀ। ਇਕ ਯੂਰਪੀਨ ਇਤਿਹਾਸਕਾਰ ਨੇ ਹਰੀ ਸਿੰਘ ਨਲੂਏ ਬਾਰੇ ਲਿਖਿਆ ਹੈ ਕਿ ਇਹ ਜਰਨੈਲ ਦੁਨੀਆਂ ਦੇ ਸਿਰਮੌਰ ਜਰਨੈਲਾਂ ਵਿਚੋਂ ਇਕ ਮਹਾਨ ਜਰਨੈਲ ਸੀ ਜੇ ਇਸ ਨੂੰ ਪੂਰੀ ਤਰਾਂ ਜੰਗ ਦਾ ਸਾਜ਼ ਸਾਮਾਨ ਮਿਲ ਜਾਦਾ ਤਦ ਇਹ ਸੰਸਾਰ ਉਪਰ ਵਿਜੈ ਪ੍ਰਾਪਤ ਕਰ ਸਕਦਾ ਸੀ। ਪਰ ਅਫਸੋਸ ਕਿ ਇਤਨੇ ਵਡੇ ਸ਼ਕਤੀਸ਼ਾਲੀ ਰਾਜ ਦੀ ਅਧੋਗਤੀ ਮਹਾਰਾਜਾ ਦੀਆਂ ਅਖਾਂ ਮੀਟਣ ਨਾਲ ਹੀ ਸ਼ੁਰੂ ਹੋ ਗਈ। ਅਫੜਾ ਦਫੜੀ ਮਚ ਗਈ। ਤਾਕਤ ਹਾਸਲ ਕਰਨ ਦੀ ਦੌੜ ਸ਼ੁਰੂ ਹੋ ਗਈ। ਨਾਇਤਫਾਕੀ ਦਾ ਜ਼ੋਰ ਵਧ ਗਿਆ। ਨਤੀਜੇ ਵਜੋਂ ਫੌਜਾਂ ਵਿਚ ਫੁਟ ਪੈ ਗਈ। ਅੰਗਰੇਜ਼ ਲੋਕਾਂ ਨੇ ਇਸ ਫੁਟ ਦਾ ਲਾਭ ਉਠਾਇਆ ਤੇ ਪੰਜਾਬ ਦੀ ਹਾਲਤ ਖੇਰੂੰ ਖੇਰੂੰ ਹੋ ਗਈ। ਇਸ ਅਧੋਗਤੀ ਦੇ ਸਮੇਂ ਅਕਾਲ ਪੁਰਖ ਵਲੋਂ ਭੇਜੀ ਹੋਈ ਇਕ ਮਹਾਨ ਹਸਤੀ ਅਗੇ ਆਈ ਜਿਸ ਨੇ ਇਸ ਵਿਗੜੀ ਹੋਈ ਸਥਿਤੀ ਦਾ ਐਕਸ-ਰੇ ਜਾਇਜ਼ਾ ਲਿਆ ਤੇ ਆਉਣ ਵਾਲੇ ਸਮਿਆਂ ਨੂੰ ਦੂਰ ਦ੍ਰਸ਼ਤਾ ਦੀ ਐਨਕ ਨਾਲ ਵੇਖਿਆ। ਇਸ ਬਰਬਾਦੀ ਦੇ ਹੜ੍ਹ ਨੂੰ ਰੋਕਣ ਲਈ ਇਕ ਨਵੀਂ ਬੁਨਿਆਦੀ ਲਹਿਰ ਦੀ ਨੀਂਹ ਰਖੀ, ਜਿਸ ਨੇ ਮੁੜ ਮੁਰਦਾ ਕੌਮ ਵਿਚ ਜਾਨ ਪਾਈ। ਇਹ ਮਹਾਨ ਹਸਤੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਨੁਮਾਇਆਂ ਹੋਈ।

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਚ ਹੋਇਆ। ਆਪ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਸਨ ਜੋ ਰਾਮਗੜ੍ਹੀਆ ਵੰਸ਼ ਨਾਲ ਸੰਬੰਧਤ ਸਨ। ਇਨਾਂ ਦੇ ਹੋਰ ਭੈਣ ਭਰਾ ਵੀ ਸਨ ਪਰ ਇਹ ਬਚਪਨ ਤੋਂ ਹੀ ਬਾਕੀ ਬਚਿਆਂ ਨਾਲੋਂ ਵਿਲੱਖਣ ਸਨ। ਗੁਰਮਤ ਦਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਕ੍ਰਿਤ ਕਰਮ ਅਨੁਸਾਰ ਹੀ ਮਨੁਖ ਨੂੰ ਸੰਸਾਰ ਅੰਦਰ ਚਲਣਾ ਪੈਂਦਾ ਹੈ ਤੇ ਪਿਛਲੇ ਜਨਮਾਂ ਦੇ ਸੰਸਕਾਰ ਵੀ ਮਨੁਖ ਦੇ ਜੀਵਨ ਨਾਲ ਸਦਾ ਉਸ ਦੀ ਅਗਵਾਈ ਤੇ ਸਹਾਇਤਾ ਕਰਦੇ ਰਹਿੰਦੇ ਹਨ। ਇਹ ਅਸੂਲ ਬਾਬਾ ਰਾਮ ਸਿੰਘ ਜੀ ਤੇ ਪੂਰਾ ਉਤਰਦਾ ਹੈ। ਕਿਉਂ ਕਿ ਆਪ ਜੀ ਬਚਪਨ ਵਿਚ ਸ਼ੋਖ ਤੇ ਸ਼ਰਾਰਤੀ ਜਾਂ ਚੰਚਲ ਹੋਣ ਦੀ ਬਜਾਏ, ਈਸ਼ਵਰ ਭਗਤੀ ਵਿਚ ਲੀਨ ਰਹਿੰਦੇ ਸਨ। ਉਸ ਵੇਲੇ ਕਿਸੇ ਨੂੰ ਕੀ ਪਤਾ ਸੀ

Sri Satguru Jagjit Singh Ji Elibrary NamdhariElibrary@gmail.com

ਕਿ ਇਹ ਈਸ਼ਵਰ ਭਗਤ ਬਾਲਕ ਕਿਸੇ ਨਾ ਕਿਸੇ ਦਿਨ ਇਕ ਮਹਾਨ ਹਸਤੀ ਦੇ ਰੂਪ ਵਿਚ ਕੌਮ ਦੀ ਅਗਵਾਈ ਕਰੇਗਾ ਤੇ ਵਡਾ ਸੁਧਾਰਕ ਸਿੱਧ ਹੋਵੇਗਾ।

ਇਨ੍ਹਾਂ ਦਿਨਾਂ ਵਿਚ ਸਤਿਗੁਰੂ ਰਾਮ ਸਿੰਘ ਦੇ ਬਹਿਨੋਈ (ਭਣਵਈਆ) ਸ੍ਰ ਕਾਬਲ ਸਿੰਘ ਜੀ ਸਿਖ ਫੌਜ ਵਿਚ ਇਕ ਜਮਾਂਦਾਰ ਦੀ ਹੈਸੀਅਤ ਵਿਚ ਕੰਮ ਕਰ ਰਹੇ ਸਨ। 1837 ਈ: ਵਿਚ ਆਪ ਸਿਖ ਫੌਜ ਵਿਚ ਭਰਤੀ ਹੋਏ ਸਨ। ਸ੍ਰ ਕਾਬਲ ਸਿੰਘ ਇਕ ਸਚੇ ਤੇ ਸੁਚੇ ਸਿੰਘ ਸਨ ਇਸ ਲਈ ਆਪ ਨੇ ਬੜੇ ਉਤਸ਼ਾਹ, ਜੀਅ ਜਾਨ ਅਤੇ ਵਫਾਦਾਰੀ ਨਾਲ ਸਿਖ ਫੌਜ ਦੀ ਸੇਵਾ ਕੀਤੀ ਤੇ ਆਪਣੀ ਜ਼ਿੰਮੇਂਦਾਰੀ ਨੂੰ ਨਿਭਾਇਆ। ਇਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਨੂੰ ਸਿਖ ਫੌਜ ਵਿਚ ਭਰਤੀ ਕਰਵਾ ਲਿਆ ਸੀ। ਇਕ ਵਾਰ ਜਦੋਂ ਇਨਾਂ ਦੀ ਨਿਗਰਾਨੀ ਅਧੀਨ ਸਰਕਾਰੀ ਖਜ਼ਾਨਾ ਪਿਸ਼ਾਵਰ ਨੂੰ ਲੈ ਜਾਇਆ ਜਾ ਰਿਹਾ ਸੀ ਕਿ ਰਾਮ ਸਿੰਘ ਜੀ ਨੇ ਹਜ਼ਰੋਂ ਵਿਚ ਯਾਰਵੇਂ ਗੁਰੂ ਸ੍ਰੀ ਬਾਲਕ ਸਿੰਘ ਦੇ ਹਜ਼ੂਰ ਹਾਜ਼ਰ ਹੋਣ ਲਈ ਤੇ ਚਰਨਾਂ ਵਿਚ ਸ਼ਰਧਾਂਜ਼ਲੀ ਪੇਸ਼ ਕਰਨ ਲਈ ਆਪਣੇ ਅਫਸਰਾਂ ਪਾਸੋਂ ਛੁਟੀ ਮੰਗੀ। ਆਗਿਆ ਦੇ ਪ੍ਰਬੰਧ ਹੋਣ ਮਗਰੋਂ ਆਪ ਗਏ। ਸਤਿਗੁਰੂ ਬਾਲਕ ਸਿੰਘ ਨੇ ਰਾਮ ਸਿੰਘ ਜੀ ਦਾ ਸਾਥੀਆਂ ਸਹਿਤ ਨਿਘਾ ਤੇ ਪਿਆਰ ਭਰਪੂਰ ਸੁਆਗਤ ਕੀਤਾ ਤੇ ਨਵਾਜਿਆ। ਆਪ ਜੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ, "ਅਸੀਂ ਬੜੀ ਦੇਰ ਤੋਂ ਆਪ ਜੀ ਦੀ ਉਡੀਕ ਕਰ ਰਹੇ ਸਾਂ ਤਾਂ ਕਿ ਗੁਰਿਆਈ ਦਾ ਕਾਰਜ-ਭਾਰ ਤੇ ਜ਼ਿੰਮੇਂਦਾਰੀ ਆਪ ਦੇ ਸਪੁਰਦ ਕਰ ਦਿਤੀ ਜਾਵੇ।" ਆਪਣੇ ਪਕੇ ਇਰਾਦੇ ਅਨੁਸਾਰ ਆਪ ਨੇ (ਸਤਿਗੁਰੂ ਬਾਲਕ ਸਿੰਘ) ਗੁਰੂ ਰਾਮ ਸਿੰਘ ਨੂੰ ਗਦੀ ਬਖਸ਼ ਦਿਤੀ। ਗੱਦੀ ਉਪਰ ਬਿਰਾਜਮਾਨ ਹੋਣ ਪਿਛੋਂ ਅਮਲੀ ਜੀਵਨ ਤੇ ਗੁਰੂ ਸਿਖਿਆ ਦੇ ਸਚੇ ਵਿਚ ਢਲਣ ਪਿਛੋਂ, ਗੁਰੂ ਰਾਮ ਸਿੰਘ ਜੀ ਦੇ ਮਨ ਦੇ ਕਪਾਟ ਖੁਲ ਗਏ ਅਤੇ ਗਿਆਨ ਪ੍ਰਕਾਸ਼ ਨੇ ਹਿਰਦੇ ਨੂੰ ਰੋਸ਼ਨ ਕਰ ਦਿਤਾ। ਆਪ ਨੇ ਛੇਤੀ ਹੀ ਫੌਜੀ ਨੌਕਰੀ ਨੂੰ ਠੋਕਰ ਮਾਰ ਦਿਤੀ ਅਤੇ ਦਸਾਂ ਨਹੁੰਆਂ ਦੀ ਕ੍ਰਿਤ ਕਰਨ ਦਾ ਸਬਕ ਸਿਖਾਉਣ ਲਈ ਸ੍ਰੀ ਭੈਣੀ ਸਾਹਿਬ ਵਿਚ ਦੁਕਾਨ ਪਾ ਲਈ ਅਤੇ ਕਾਫੀ ਸਮੇਂ ਤਕ ਦੁਕਾਨਦਾਰੀ ਕਰਦੇ ਰਹੇ। ਜਿਸ ਰਾਹੀਂ ਸੱਚੇ ਸੌਦੇ ਦਾ ਵਪਾਰ ਕੀਤਾ। ਇਸ ਦੁਕਾਨਦਾਰੀ ਦੇ ਨਾਲ ਨਾਲ ਆਪਣੇ ਅਮਲੀ ਜੀਵਨ ਰਾਹੀਂ ਤੇ ਪ੍ਰਚਾਰ ਰਾਹੀਂ ਸਿਖੀ ਸਿਧਾਤਾਂ ਨੂੰ ਲੋਕ ਸਮੂਹ ਅਗੇ ਪੇਸ਼ ਕਰਦੇ ਰਹੇ ਅਤੇ ਆਪ ਜੀ ਦਾ ਨਾਮ ਪੰਜਾਬ ਵਿਚ ਛੇਤੀ ਹੀ ਪ੍ਰਸਿਧ ਹੋ ਗਿਆ। ਥੋੜੇ ਜਹੇ ਸਮੇਂ ਵਿਚ ਹੀ ਆਪ ਦੀ ਕੀਰਤੀ ਤੇ ਜਸ ਫੈਲ ਗਿਆ ਤੇ ਅਨੇਕਾਂ ਲੋਕ ਆਪਦੇ ਸਿਖ ਬਣ ਗਏ ਅਤੇ ਆਪ ਦੀ ਯੋਗ ਅਗਵਾਈ ਹੇਠ ਆ ਗਏ। ਆਪ ਜੀ ਦਾ ਜੀਵਨ ਬਹੁਤ ਹੀ ਸਰਲ, ਸਾਦਾ ਤੇ ਪਵਿਤਰ ਸੀ। ਆਪ ਜੀ ਸਦਾ ਸੁਤੰਤਰਤਾ ਤੇ ਦੇਸ਼ ਪ੍ਰੇਮ ਦੇ ਜਜ਼ਬੇ ਵੀ ਪ੍ਰਗਟ ਕਰਦੇ ਰਹਿੰਦੇ ਸਨ। ਇਸ ਲਈ ਕੁਝ ਦੁਸ਼ਮਣਾਂ ਨੇ ਬਰਤਾਨਵੀ ਸਰਕਾਰ ਦੇ ਉਚ ਅਧਿਕਾਰੀਆਂ ਦੇ ਕੰਨ ਭਰਨੇ ਸ਼ੁਰੂ ਕਰ ਦਿਤੇ ਤੇ ਇਹ ਸ਼ਿਕਾਇਤ ਕੀਤੀ ਗਈ ਕਿ ਗੁਰੂ ਰਾਮ ਸਿੰਘ ਬਰਤਾਨਵੀ ਸਰਕਾਰ ਦੇ ਕਟੜ ਤੇ ਜਾਨੀ ਦੁਸ਼ਮਣ ਹਨ ਅਤੇ ਉਹ ਅੰਗਰੇਜ਼ ਰਾਜ ਦਾ ਤਖਤਾ ਉਲਟਾ ਕੇ ਦੇਸੀ ਰਾਜ ਸਥਾਪਤ ਕਰਨਾ ਚਾਹੁੰਦੇ ਹਨ। ਅੰਗਰੇਜ਼ ਬੜੇ ਨੀਤੀਵਾਨ ਸਨ ਤੇ ਉਹ ਭਾਰਤ ਵਿਚ ਸਦੀਵੀ ਅੰਗਰੇਜ਼ੀ ਰਾਜ ਨੂੰ ਰਖਣਾ ਚਾਹੁੰਦੇ ਸਨ, ਇਸ ਲਈ ਅੰਗਰੇਜ਼ ਸ਼ਾਸ਼ਕਾਂ ਨੇ ਇਨਾਂ ਰਪੋਟਾਂ ਦੇ ਆਧਾਰ ਉਪਰ ਗੁਰੂ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿਤਾ। ਗੁਰੂ ਰਾਮ ਸਿੰਘ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਕ ਸਚੇ ਸੁਚੇ ਤੇ ਮਹਾਨ ਪੈਰੋਕਾਰ ਸਨ। ਬੜੇ ਹੀ ਦੂਰ ਦਰਸ਼ੀ ਤੇ ਨੀਤੀਵਾਨ ਵੀ ਸਨ। ਨਜ਼ਰਬੰਦੀ ਦੇ ਹੁੰਦਿਆਂ ਉਨਾਂ ਨੇ ਸਿਖੀ ਦੇ ਉਘੇ ਤੇ ਪਵਿਤਰ ਅਸੂਲਾਂ ਦੇ ਪ੍ਰਚਾਰ ਲਈ ਪੰਜ ਸੂਬੇ ਮੁਕਰਰ ਕੀਤੇ। ਜਿਨਾਂ ਨੇ ਆਪਣੇ ਪ੍ਰਚਾਰ ਕੇਂਦਰ ਵਿਚ ਸਿਖੀ ਦਾ ਪਰਚਾਰ ਸ਼ੁਰੂ ਕਰ ਦਿਤਾ। ਪਰ ਅੰਗਰੇਜ਼ ਸਰਕਾਰ ਨੇ ਇਹਨਾਂ ਨੂੰ ਵੀ

Sri Satguru Jagjit Singh Ji Elibrary NamdhariElibrary@gmail.com

ਨਜ਼ਰਬੰਦ ਕਰ ਦਿਤਾ। ਇਤਿਹਾਸ ਦਸਦਾ ਹੈ ਕਿ ਆਪ ਜੀ ਦੀ ਇਸ ਹਰ ਦਿਲ ਅਜੀਜ਼ੀ ਨੇ ਆਪ ਵਿਚ ਲੋਕਾਂ ਦੇ ਵਧਦੇ ਵਿਸ਼ਵਾਸ਼ ਨੂੰ ਦੇਖ ਕੇ ਪੰਜਾਬ ਦਾ ਅੰਗਰੇਜ਼ ਲੈਫਟੀਨੈਂਟ ਗਵਰਨਰ ਖੁਦ ਸ੍ਰੀ ਭੈਣੀ ਸਾਹਿਬ ਆਇਆ ਤੇ ਗੁਰੂ ਰਾਮ ਸਿੰਘ ਨੂੰ ਪੁਛਿਆ ਕਿ ਹੁਣ ਤੁਸੀਂ ਕਿਹੜਾ ਅਗਲਾ ਕਦਮ ਚੁਕਣਾ ਚਾਹੁੰਦੇ ਹੋ। ਇਕ ਗਲ ਏਥੇ ਯਾਦ ਰਖਣੀ ਚਾਹੀਦੀ ਹੈ ਕਿ ਪੰਜ ਸੂਬਿਆਂ ਦੇ ਨਜ਼ਰਬੰਦ ਹੋਣ ਪਿਛੋਂ ਗੁਰੂ ਰਾਮ ਸਿੰਘ ਨੇ ਪਰਚਾਰ ਲਈ ਸਤਾਰਾਂ ਹੋਰ ਸੂਬੇ ਨੀਅਤ ਕਰ ਦਿਤੇ ਸਨ, ਜਿਨਾਂ ਨੂੰ ਅੰਗਰੇਜ਼ ਸ਼ਾਸ਼ਕਾਂ ਨੇ ਪਹਿਲਿਆਂ ਸੂਬਿਆਂ ਦੀ ਤਰਾਂ ਹੀ ਨਜ਼ਰਬੰਦ ਕਰ ਦਿਤਾ ਸੀ। ਹੁਣ ਲੈਫਟੀਨੈਂਟ ਨੇ ਜਦ ਸਿਕੰਦਰ ਮਹਾਨ ਵਾਲੀ ਆਕੜ ਨਾਲ ਪੁਛਿਆ ਕਿ ਹੁਣ ਤੁਸੀਂ ਅਗੇ ਕੀ ਕਰਨਾ ਚਾਹੁੰਦੇ ਹੋ ਤਦ ਆਪਣੀ ਭਾਰਤੀ ਸਭਿਤਾ ਦਲੇਰੀ ਤੇ ਇਕ ਸਿੰਘ ਦੀ ਹੈਸੀਅਤ ਨਾਲ ਵਡੀ ਦਲੇਰੀ ਸਹਿਤ ਜਵਾਬ ਦਿਤਾ ਘਰ ਘਰ ਵਿਚ ਰਾਮ ਸਿੰਘ ਪੈਦਾ ਕੀਤੇ ਜਾਣਗੇ।" ਆਪ ਜੀ ਦਾ ਭਾਵ ਇਹ ਸੀ ਕਿ ਸਾਡਾ ਪਰਚਾਰ ਜਾਰੀ ਰਹੇਗਾ ਜੇ ਤੁਸੀਂ ਸਾਨੂੰ ਕੈਦ ਕਰ ਲਵੋਂਗੇ ਤਦ ਅਨੇਕਾਂ ਹੋਰ ਦੇਸ਼ ਦੀ ਸ਼ਮਾ ਤੋਂ ਕੁਰਬਾਨ ਹੋਣ ਵਾਲੇ ਪਰਵਾਨੇ ਪੈਦਾ ਹੋ ਜਾਣਗੇ। ਸਾਡੇ ਵਿਚਾਰ ਵਿਚ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦੀ ਨੀਂਹ ਗੁਰੂ ਰਾਮ ਸਿੰਘ ਨੇ ਆਪਣੇ ਇਕ ਛੋਟੇ ਜਹੇ ਵਾਕ ਵਿਚ ਰਖ ਦਿਤੀ। ਇਨਾਂ ਸਮਿਆਂ ਵਿਚ ਅੰਗਰੇਜ਼ ਨੇ ਫੁਟ ਪਾਓ ਤੇ ਰਾਜ ਕਰੋ ਦੀ ਨੀਤੀ ਅਧੀਨ ਕਈ ਜਗਾ ਬੁਚੜਖਾਨੇ ਖੋਲ ਦਿਤੇ। ਗੁਰੂ ਰਾਮ ਸਿੰਘ ਜੀ ਦੇ ਪਰਚਾਰ ਨੇ ਨਾਮਧਾਰੀ ਸਿਖਾਂ ਵਿਚ ਇਕ ਜ਼ਬਰਦਸਤ ਸ਼ਕਤੀ ਭਰ ਦਿਤੀ ਸੀ ਜੋ ਦੇਸ਼ ਸੇਵਾ ਅਤੇ ਧਰਮ ਦੀ ਖਾਤਰ ਹਰ ਕੁਰਬਾਨੀ ਕਰਨ ਲਈ ਤਿਆਰ ਬਰ ਤਿਆਰ ਸਨ।

ਸੋ ਸਿਟੇ ਵਜੋਂ ਇਹਨਾਂ ਹੀ ਦਿਨਾਂ ਵਿਚ ਗਊ ਬਧ ਕਰਨ ਵਾਲੇ ਅਨੇਕਾਂ ਬੁਚੜਾਂ ਨੂੰ ਜਾਨ ਦੀ ਬਾਜ਼ੀ ਲਗਾ ਕੇ ਕਤਲ ਕਰ ਦਿਤਾ ਗਿਆ। ਅੰਗਰੇਜ਼ਾਂ ਨੂੰ ਬੁਚੜਾਂ ਦੇ ਕਤਲ ਕੇਸ ਵਿਚ ਕੁਝ ਨਿਰਦੋਸ਼ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਜਦ ਕਿ ਕਤਲ ਨਾਮਧਾਰੀ ਸਿੰਘਾਂ ਨੇ ਕੀਤਾ ਸੀ। ਗੁਰੂ ਰਾਮ ਸਿੰਘ ਨੇ ਬੁਚੜਾਂ ਦੇ ਕਾਤਲ ਨਾਮਧਾਰੀ ਸਿੰਘਾਂ ਨੂੰ ਰਾਏ ਦਿਤੀ ਕਿ ਨਿਰਦੋਸ਼ ਨਿਹੰਗ ਸਿੰਘਾਂ ਨੂੰ ਛੁਡਾਉਣ ਲਈ ਉਹ ਅੰਗਰੇਜ਼ੀ ਅਧਿਕਾਰੀਆਂ ਸਾਹਵੇਂ ਆਪਣੇ ਜੁਰਮ ਦਾ ਇਕਬਾਲ ਕਰ ਲੈਣ। ਆਪ ਜੀ ਦੇ ਪਵਿਤਰ ਬਚਨਾਂ ਵਿਚ ਉਹ ਸ਼ਕਤੀ ਸੀ ਕਿ ਨਾਮਧਾਰੀ ਸਿੰਘਾਂ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਐਸਾ ਹੀ ਕੀਤਾ। ਨਿਰਦੋਸ਼ ਨਿਹੰਗ ਸਿੰਘਾਂ ਨੂੰ ਛੁਟਕਾਰਾ ਦਵਾਇਆ ਗਿਆ। ਅੰਗਰੇਜ਼ ਹਾਕਮਾਂ ਨੇ ਇਨਾਂ ਚਾਰ ਨਾਮਧਾਰੀ ਸਿੰਘਾਂ ਨੂੰ ਬੁਚੜਾਂ ਨੂੰ ਕਤਲ ਕਾਰਨ ਫਾਂਸੀ ਤੇ ਚਾੜ੍ਹ ਦਿਤਾ। ਗੁਰੂ ਰਾਮ ਸਿੰਘ ਦੇ ਪਰਚਾਰ ਵਿਚ ਸੱਚ ਦੀ ਉਹ ਜ਼ਬਰਦਸਤ ਸ਼ਕਤੀ ਭਰੀ ਹੋਈ ਸੀ ਕਿ ਇਸ ਫਾਂਸੀ ਦੀ ਵਾਰਦਾਤ ਮਗਰੋਂ ਨਾਮਧਾਰੀਆਂ ਵਿਚ ਹੋਰ ਜੋਸ਼ ਵਧ ਗਿਆ ਤੇ ਦੇਸ਼ ਵਿਚ ਇਸ ਵਿਚਾਰਧਾਰਾ ਨੇ ਦੇਸ਼ ਪਰੇਮ ਨੂੰ ਹੋਰ ਵਧਾ ਦਿਤਾ।

ਨਾਮਧਾਰੀ ਸਿਖਾਂ ਵਿਚ ਕੁਰਬਾਨੀ ਦਾ ਜਜ਼ਬਾ ਜ਼ੋਰ ਫੜਦਾ ਗਿਆ। ਮਲੇਰ ਕੋਟਲੇ ਵਿਚ ਵੀ ਨਾਮਧਾਰੀ ਸਿਖਾਂ ਨੇ ਕੁਝ ਮੁਸਲਮਾਨ ਰਈਸਾਂ ਤੇ ਬੁਚੜਾਂ ਨੂੰ ਮਲੇਰ ਕੋਟਲੇ ਵਿਚ ਵੀ ਗਊ ਬਧ ਕੀਤਾ ਸੀ। ਕੁਝ ਉਥੋਂ ਦੇ ਮੁਸਲਮਾਨ ਰਈਸਾਂ ਤੇ ਕੋਤਵਾਲ ਨੇ ਇਸ ਗੰਦੇ ਕਾਰਜ਼ ਲਈ ਬੁਚੜਾਂ ਨੂੰ ਹਲਾਸ਼ੇਰੀ ਤੇ ਸ਼ਹਿ ਦਿਤੀ ਸੀ। ਕਤਲ ਤੋਂ ਪਹਿਲੋਂ ਜਦੋਂ ਰਾਮ ਸਿੰਘ ਨੂੰ ਇਸ ਮਨਸੂਬੇ ਦਾ ਪਤਾ ਚਲਿਆ ਤਦ ਉਨਾਂ ਨੇ ਆਪਣੇ ਇਕ ਪ੍ਰਚਾਰਕ ਸੂਬੇ ਲਖਾਂ ਸਿੰਘ ਨੂੰ ਇਨਾਂ ਕਾਤਲ ਸਿੰਘਾਂ ਪਾਸ ਭੇਜਿਆ ਅਤੇ ਇਸ ਕਤਲ ਤੋਂ ਰੋਕਿਆ ਪਰ ਸਿੰਘਾਂ ਵਿਚ ਦੇਸ਼ ਪ੍ਰੇਮ ਦੇ ਤੂਫਾਨ ਉਠ ਰਹੇ ਸਨ। ਉਹ ਇਸ ਗਊ ਬਧ ਨੂੰ ਸਹਿਨ ਨਾ ਕਰ ਸਕੇ। ਅਤੇ ਸਾਕਾ ਅੰਤ ਹੋ ਹੀ ਗਿਆ। ਇਸ ਕੇਸ ਵਿਚ 66 ਨਾਮਧਾਰੀ ਸਿਖ ਗ੍ਰਿਫਤਾਰ

ਕੀਤੇ ਗਏ ਤੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਸਾਹਮਣੇ ਇਨਾਂ ਨੂੰ ਪੇਸ਼ ਕੀਤਾ ਗਿਆ। ਇਨਾ ਨਾਮਧਾਰੀ ਸਿਖਾਂ ਦੇ ਵਿਰੁਧ ਹਕੂਮਤ ਨੇ ਕੋਈ ਮੁਕਦਮਾ ਨਹੀਂ ਚਲਾਇਆ ਸਗੋਂ ਪੁਰਾਣੇ ਸ਼ਾਸ਼ਨ ਢੰਗ ਦੇ ਆਧਾਰ ਉਪਰ ਇਨਾਂ ਨੂੰ ਤੋਪਾਂ ਨਾਲ ਬੜੀ ਬੇਰਹਿਮੀ ਤੇ ਨਿਰਦਯਤਾ ਨਾਲ ਉਡਾ ਦਿਤਾ। ਸਿਖਾਂ ਦੀਆਂ ਇਹ ਸ਼ਹਾਦਤਾਂ ਪੰਜਾਬ ਵਿਚ ਇਕ ਨਵਾਂ ਰੰਗ ਭਰ ਰਹੀਆਂ ਸਨ। ਲੋਕ ਸਮੂਹ ਵਿਚ ਅੰਗਰੇਜ਼ੀ ਹਕੂਮਤ ਦੇ ਵਿਰੁਧ ਇਕ ਨਫਰਤ ਦਾ ਜਜ਼ਬਾ ਪੈਦਾ ਹੋਣ ਲਗ ਪਿਆ।

ਜਦ ਅੰਗਰੇਜ਼ ਸ਼ਾਸ਼ਕਾਂ ਨੇ ਦੇਖਿਆ ਕਿ ਗੁਰੂ ਰਾਮ ਸਿੰਘ ਦੀ ਇਸ ਚਲਾਈ ਲਹਿਰ ਨੂੰ ਉਨਾਂ ਦਾ ਦੰਡ, ਬੇਰਹਿਮੀ ਤੇ ਨਿਰਦਯਤਾ ਨਹੀਂ ਰੋਕ ਸਕੀ ਤਦ ਉਨ੍ਹਾਂ ਨੇ ਇਕ ਮਲੇਰ ਕੋਟਲੇ ਵਾਲੇ ਸਾਕੇ ਮਗਰੋਂ, ਗੁਰੂ ਰਾਮ ਸਿੰਘ ਤੇ ਉਨਾਂ ਦੇ ਪੰਜੇ ਥਾਪੇ ਸੂਬਿਆਂ ਨੂੰ ਜਲਾਵਤਨ ਕਰਨ ਦਾ ਪਕਾ ਫੈਸਲਾ ਕਰ ਲਿਆ। ਇਨਾਂ ਸਾਰਿਆਂ ਨੂੰ ਲੁਧਿਆਣੇ ਮੰਗਵਾਇਆ ਗਿਆ ਤੇ ਇਕ ਸਪੈਸ਼ਲ ਟਰੇਨ ਰਾਹੀਂ ਅਲਾਹਬਾਦ ਪਹੁੰਚਾਇਆ ਗਿਆ। ਗੁਰੂ ਰਾਮ ਸਿੰਘ ਤੇ ਇਹਨਾਂ ਦੇ ਸਾਥੀਆਂ ਨਾਲ ਅੰਗਰੇਜ਼ਾਂ ਨੇ ਸ਼ਾਹੀ ਕੈਦੀਆਂ ਵਾਲਾ ਸਲੂਕ ਕੀਤਾ। ਪਰ ਆਪ ਜੀ ਤੇ ਆਪ ਜੀ ਦੇ ਸੇਵਕ ਨਾਨੂੰ ਸਿੰਘ ਨੂੰ ਬਤੇਰ ਇਕ ਜਲਾਵਤਨ ਦੇ ਬਰਮਾ ਭੇਜ ਦਿਤਾ ਗਿਆ। ਆਪ ਦੀ ਜਲਾਵਤਨੀ ਵੀ ਇਕ ਰੰਗ ਲਿਆਈ। ਜਿਸ ਦੇ ਫਲ ਸਰੂਪ ਪੰਜਾਬ ਨਿਵਾਸੀਆਂ ਵਿਚ ਹੋਰ ਜਾਗਰਤੀ ਪੈਦਾ ਹੋਈ ਤੇ ਚਾਰੇ ਬੰਨੇ ਦੇਸ਼ ਸੁਤੰਤਰਤਾ ਦਾ ਜੋਸ਼ ਫੈਲ ਗਿਆ।

ਰੰਗੂਨ ਵਿਚ ਗੁਰੂ ਰਾਮ ਸਿੰਘ ਜੀ ਕਈ ਸਾਲ ਤਕ ਰਹੇ ਅਤੇ ਆਪਣੇ ਵਿਚਾਰਾਂ ਦਾ ਪਰਚਾਰ ਕਰਦੇ ਰਹੇ। ਸਚਾਈ ਵਲੋਂ ਉਨਾਂ ਨੂੰ ਕੋਈ ਤਾਕਤ ਨਹੀਂ ਰੋਕ ਸਕੀ। ਇਹ ਦੇਖ ਉਨਾਂ ਨੂੰ ਤੇ ਉਹਨਾਂ ਦੇ ਸੇਵਕਾਂ ਨੂੰ ਮਰਗੋਈ ਭੇਜ ਦਿਤਾ ਗਿਆ। ਆਪ ਜੀ ਦੀ ਹਸਤੀ ਇਤਨੀ ਹਰ ਦਿਲ ਅਜੀਜ਼ ਤੇ ਆਕਰਸ਼ਕ ਸੀ ਕਿ ਭਾਰਤ ਵਿਚੋਂ ਕਈ ਨਾਮਧਾਰੀ ਸਿੰਘ ਕਾਫੀ ਖਰਚਾ ਕਰਕੇ ਤੇ ਤਕਲੀਫਾਂ ਸਹਿਨ ਕਰਕੇ ਆਪ ਦੇ ਦਰਸ਼ਨਾਂ ਲਈ ਦੂਰ ਦੂਰਾਡੇ ਪੰਧ ਤੈਅ ਕਰਕੇ ਉਨਾਂ ਪਾਸ ਜਾ ਪਹੁੰਚਦੇ। ਨਾਮਧਾਰੀ ਦੁਲਾਰੇ ਸਿੰਘਾਂ ਨੂੰ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਤੋਂ ਵੰਚਿਤ ਰਖਣ ਲਈ ਬਰਮਾ ਹਕੂਮਤ ਨੇ ਝੂਠ ਮੂਠ ਹੀ 1885 ਵਿਚ ਐਲਾਨ ਕਰ ਦਿਤਾ ਕਿ ਗੁਰੂ ਰਾਮ ਸਿੰਘ ਅਕਾਲ ਚਲਾਣਾ ਕਰ ਗਏ ਹਨ। ਪਰ ਸ਼ੁਦਾਗਰ ਆਲਿਮ ਸਿੰਘ ਤੇ ਕੁਝ ਹੋਰ ਸ਼ਰਧਾਲੂਆਂ ਨੇ 1891 ਈ ਵਿਚ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਆਲਿਮ ਸਿੰਘ ਨੇ ਆਪ ਜੀ ਨਾਲ ਵਿਚਾਰ ਵਟਾਂਦਰਾ ਕੀਤਾ, ਵਿਚਾਰ ਵਿਮਰਸ਼ ਤੇ ਬਚਨ ਵਿਲਾਸ ਕੀਤੇ। ਇਸ ਘਟਨਾ ਤੋਂ ਇਹ ਸਿਧ ਹੁੰਦਾ ਹੈ ਕਿ ਹਕੂਮਤ ਦੇ ਐਲਾਨ ਮਗਰੋਂ ਵੀ 6 ਸਾਲ ਤਕ ਆਪ ਸਹੀ ਸਲਾਮਤ ਸਨ।

ਗੁਰੂ ਰਾਮ ਸਿੰਘ ਜੀ ਦਾ ਵਿਅਕਤੀਤਵ ਬਹੁਤ ਹੀ ਪ੍ਰਭਾਵਸ਼ਾਲੀ ਸੀ। ਆਪ ਜੀ ਦਾ ਜੀਵਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਕ ਸਚੇ ਤੇ ਸੁਚੇ ਸੇਵਕ ਵਾਲਾ ਸੀ ਜੋ ਕੁਝ ਆਪ ਦੇ ਦਿਲ ਵਿਚ ਸੀ ਉਹੋ ਕੁਝ ਜ਼ਬਾਨ ਉਪਰ ਸੀ। ਦੇਸ਼ ਪ੍ਰੇਮ ਹਿਤ ਦੇਸ਼ ਸੁਤੰਤਰਤਾ ਤੇ ਲੋਕ ਕਲਿਆਣ ਦਾ ਜਜ਼ਬਾ ਆਪ ਵਿਚ ਅਥਾਹ ਸੀ, ਇਹੋ ਕਾਰਨ ਹੈ ਕਿ ਅਜ ਵੀ ਨਾਮਧਾਰੀ ਸਿੰਘ ਤੇ ਹੋਰ ਲੋਕ ਆਪ ਜੀ ਨਾਲ ਅਗਾਧ ਪ੍ਰੇਮ ਰਖਦੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਅਧਿਅਨ ਤੋਂ ਪਤਾ ਚਲਦਾ ਹੈ ਕਿ ਗੁਰੂਦੇਵ ਉਸ ਵੇਲੇ ਦੇ ਗੁੰਝਲਦਾਰ ਧਰਮ ਤੇ ਅਧਾਰਤ ਵਿਕ੍ਰਤ ਸਮਾਜ ਦੀ ਥਾਂ ਇਕ ਨਵੇਂ ਨਰੋਏ ਤੇ ਸਮੇਂ ਦੇ ਨਾਲ ਨਾਲ ਚਲਣ ਵਾਲੇ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸਨ। ਇਸ ਕਾਰਜ ਨੂੰ

Sri Satguru Jagjit Singh Ji Elibrary NamdhariElibrary@gmail.com

ਪੂਰਾ ਕਰਨ ਲਈ ਉਹਨਾਂ ਨੇ ਸਾਰੇ ਜੀਵਨ ਭਰ ਕੋਸ਼ਿਸ਼ ਜਾਰੀ ਰਖੀ। ਆਪਣਾ ਸੰਦੇਸ਼ ਪਹੁੰਚਾਉਣ ਲਈ ਉਹਨਾਂ ਨੇ ਚਾਰ ਲੰਮੀਆਂ ਯਾਤਰਾਵਾਂ ਕੀਤੀਆ ਅਤੇ ਸਹਿਤ ਰਚਨਾ ਕੀਤੀ। ਆਪਣੇ ਪਵਿਤਰ ਤੇ ਉਸਾਰੂ ਵਿਚਾਰਾਂ ਦੀ ਪੂਰਤੀ ਲਈ ਇਕ ਨਵੇਂ ਨਰੋਏ ਤੇ ਸਿਹਤਮੰਦ ਸਮਾਜ ਦੀ ਨੀਂਹ ਰਖੀ। ਇਸ ਸਮਾਜ ਦੀ ਉਚੀ ਸ਼ਾਨ ਵਧਾਉਣ ਲਈ ਗੁਰ ਗੱਦੀ ਦਾ ਸਿਲਸਿਲਾ ਟੋਰਿਆ ਕਿਉਂ ਕਿ ਇਹ ਨਵਾਂ ਸਮਾਜ ਇਕ ਜਾਮੇ ਵਿਚ ਉਨਤੀ ਦੀਆਂ ਸਿਖਰਾਂ ਤਕ ਨਹੀਂ ਪੁਜ ਸਕਦਾ ਸੀ। ਸੋ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਵੇਂ ਸਮਾਜ ਦੇ ਬਾਹਰੀ ਪਖ ਵਿਚ ਇਕ ਜ਼ਬਰਦਸਤ ਇਨਕਲਾਬ ਪੈਦਾ ਕੀਤਾ,ਅਧਿਆਤਮਕ ਅਸੂਲ,ਸਿਧਾਂਤ ਤੇ ਵਿਚਾਰਧਾਰਾ ਸਤਿਗੁਰੂ ਨਾਨਕ ਵਾਲੀ ਹੀ ਪਕੇ ਤੌਰ ਤੇ ਕਾਇਮ ਰਖੀ ਗਈ ਕਿਉਂ ਕਿ ਇਸ ਵਿਚ ਪਰੀਵਰਤਨ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਸੀ। ਬਾਹਰੀ ਪਖ ਵਿਚ ਇਕ ਤਬਦੀਲੀ ਪੈਦਾ ਕਰ ਕੇ ਸਾਹਿਬ ਕਲਗੀਧਰ ਨੇ ਗੁਰੂ ਨਾਨਕ ਦੇ ਨਿਰਮਾਣ ਕੀਤੇ ਸਿਖ ਸਮਾਜ ਨੂੰ ਖਾਲਸਾ ਰੂਪ ਵਿਚ ਬਦਲਿਆ ਜੋ ਗੁਰੂ ਨਾਨਕ ਦੇਵ ਦੇ ਸਿਧਾਂਤਾਂ ਉਪਰ ਟੁਰਦਾ ਹੋਇਆ ਸਮੇਂ ਦੇ ਨਾਲ ਟੁਰ ਸਕਦਾ ਸੀ ਤੇ ਜ਼ੁਲਮ ਅਤੇ ਅਤਿਆਚਾਰ ਦਾ ਟਾਕਰਾ ਕਰ ਸਕਦਾ ਸੀ। ਖਾਲਸਾ ਪੰਥ ਦੀ ਨੀਂਹ ਸਰਬਤ ਦੇ ਭਲੇ ਉਪਰ ਸੀ। ਇਸ ਲਈ ਖਾਲਸਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਉਹ ਘਾਲਾਂ ਘਾਲੀਆਂ ਤੇ ਮੰਗਰੋਂ ਬੰਦਾ ਬਹਾਦਰ ਤੇ ਉਸਦੇ ਸਾਥੀ ਖਾਲਸੇ ਨੇ ਉਹ ਮਾਰਾਂ ਮਾਰੀਆਂ ਜੋ ਸਦਾ ਇਤਿਹਾਸ ਵਿਚ ਪ੍ਰੇਰਣਾ ਸਰੋਤ ਬਣੀਆਂ ਰਹਿਣਗੀਆਂ। ਸਮੇਂ ਦੇ ਚਕਰ ਵਿਚ ਫਸ ਕੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਖਾਲਸੇ ਵਿਚ ਫੁਟ ਪੈ ਗਈ ਅਤੇ ਵਧਦੀ ਹੋਈ ਸ਼ਕਤੀ ਵਿਚ ਰੋਕ ਪੈ ਗਈ। ਇਨਾਂ ਸਮਿਆਂ ਵਿਚ ਸ਼੍ਰੀ ਗੁਰੂ ਰਾਮ ਸਿੰਘ ਜੀ ਨੂੰ ਗਿਆਨ ਪ੍ਰਕਾਸ਼ ਮਿਲਿਆ ਤੇ ਉਹਨਾਂ ਨੇ ਇਸ ਸਾਰੀ ਸਥਿਤੀ ਦਾ ਡੂੰਘੀਆਂ ਨਜ਼ਰਾਂ ਨਾਲ ਜ਼ਾਇਜ਼ਾ ਲਿਆ। ਖਾਲਸਾ ਪੰਥ ਦੇ ਵਜੂਦ ਵਿਚ ਆਉਣ ਪਿਛੋਂ ਠੀਕ ਪੰਦਰਾਂ ਸਾਲ ਮਗਰੋਂ ਸ਼੍ਰੀ ਗੁਰੂ ਰਾਮ ਸਿੰਘ ਜੀ ਨੇ ਉਸ ਨਵੇਂ ਨਰੋਏ ਸਮਾਜ ਵਿਚ ਮੁੜ ਜਾਗ੍ਰਤੀ ਅਣਖ ਤੇ ਉਤਸ਼ਾਹ ਨੂੰ ਜਗਾਉਣ ਲਈ ਆਪਣੇ ਅਨੁਭਵ ਉਪਰ ਅਧਾਰਤ ਅਸੂਲਾਂ ਦਾ ਪਰਚਾਰ ਕੀਤਾ ਜਿਨਾਂ ਉਪਰ ਨਾਮਧਾਰੀ ਪੰਥ, ਸੰਤ ਖਾਲਸਾ ਤੇ ਕੂਕਾ ਪੰਥ ਦੇ ਨਾਂ ਨਾਲ ਪੁਕਾਰਿਆ ਜਾਣ ਲਗ ਪਿਆ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਨਾਮ ਸਿਮਰਨ ਉਪਰ ਬਲ ਦਿਤਾ ਸੀ। ਸੋ ਇਸ ਉਪਰ ਅਮਲ ਕਰਨ ਕਰਕੇ ਭਾਵ ਨਾਮ ਸਿਮਰਨ ਜਾਂ ਨਾਮ ਜਪਣ ਦੇ ਆਧਾਰ ਉਪਰ ਇਸ ਪੰਥ ਨੂੰ ਨਾਮਧਾਰੀ ਪੰਥ ਨਾਲ ਸੰਬੋਧਤ ਕੀਤਾ ਗਿਆ ਚੂੰਕਿ ਇਸ ਪੰਥ ਵਿਚ ਸਾਤਵਿਕ ਤੇ ਬ੍ਰਹਮ ਕਰਮਾਂ ਉਪਰ ਟੁਰਨ ਲਈ ਕਿਹਾ ਗਿਆ ਸੀ ਸੋ ਇਸ ਨੂੰ ਸੰਤ ਖਾਲਸਾ ਨਾਮ ਨਾਲ ਵੀ ਪੁਕਾਰਿਆ ਗਿਆ। ਦੇਸ਼ ਪ੍ਰੇਮ ਇਸ ਸਮਾਜ ਦਾ ਬੁਨਿਆਦੀ ਅਸੂਲ ਸੀ ਜਿਸ ਦੇ ਅਧੀਨ ਨਾਮਧਾਰੀ ਸਿਖ ਦੇਸ਼ ਸੁਤੰਤਰਤਾ ਤੇ ਜ਼ੁਲਮ ਦੇ ਵਿਰੁਧ ਇਕ ਸੰਘਰਸ਼ ਵਿਚ ਜੁਟੇ ਹੋਏ ਸਨ ਸੋ ਇਸ ਕਾਰਜ ਦੀ ਪੂਰਤੀ ਲਈ ਉਹ "ਆਜ਼ਾਦੀ ਦੀ ਕੂਕ" ਮਾਰਦੇ ਸਨ ਜਿਸ ਨਾਲ ਦੁਸ਼ਮਣਾਂ ਦੇ ਦਿਲ ਹਿਲ ਜਾਂਦੇ ਸਨ। ਇਸ ਕਾਰਨ ਆਪ ਨੂੰ ਕੂਕੇ ਵੀ ਕਿਹਾ ਜਾਣ ਲਗ ਪਿਆ।

ਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਸੁਤੰਤਰ ਅਤੇ ਨਾਮਧਾਰੀ ਸਮਾਜ ਨੂੰ ਪ੍ਰਫੁਲਤ ਦੇਖਣ ਤੇ ਕਰਨ ਲਈ ਆਪਣੇ ਜੀਵਨ ਤਜਰਬੇ ਦੇ ਅਧਾਰ ਉਪਰ ਕੁਝ ਇਕ ਬੁਨਿਆਦੀ ਅਸੂਲ ਕਾਇਮ ਕੀਤੇ ਜਿਨ੍ਹਾਂ ਨੂੰ ਪਰਚਾਰਨ ਦਾ ਹੁਕਮ ਵੀ ਦਿਤਾ।

ਨਾਮਧਾਰੀ ਅਸੂਲ

1. **ਸਦਾਚਾਰ** : ਇਨਸਾਨ ਤਦ ਹੀ ਅਸਲੀ ਇਨਸਾਨ ਹੋ ਸਕਦਾ ਹੈ ਜੇ ਉਹ ਇਖਲਾਕੀ (ਸਦਾਚਾਰ)

Sri Satguru Jagjit Singh Ji Elibrary NamdhariElibrary@gmail.com

ਤੰਰ ਤੇ ਜੀਵਨ ਬਤੀਤ ਕਰੇ। ਗੁਰੂ ਰਾਮ ਸਿੰਘ ਨੇ ਸਦਾਚਾਰਕ ਜੀਵਨ ਬਤੀਤ ਕਰਨ ਲਈ ਬਲ ਦਿਤਾ ਅਤੇ ਮਾਸ, ਸ਼ਰਾਬ, ਚੋਰੀ, ਯਾਰੀ, ਬਖੀਲੀ, ਪਰ-ਨਿੰਦਿਆ, ਅਤੇ ਝੂਠ ਦੇ ਤਿਆਗ ਲਈ ਹੁਕਮ ਦਿਤਾ, ਵਿਆਜ ਖਾਣ ਤੋਂ ਮਨ੍ਹਾਂ ਕੀਤਾ।

2. **ਨਰੋਆ ਸਮਾਜ:** ਕੁੜੀਆਂ ਮਾਰਨ, ਵੇਚਣ, ਵਟੇ ਦੇ ਸਾਕ ਤੇ ਬਾਲ ਵਿਆਹ ਦੀ ਮਨਾਹੀ ਕੀਤੀ। ਵਿਧਵਾ ਵਿਆਹ ਦੀ ਖੁਲ ਦਿਤੀ। ਦਾਜ ਦੇਣ ਵਿਚ ਸਾਦਗੀ, ਸਰਲਤਾ, ਤੇ ਸੰਕੋਚ ਦੀ ਸਿਖਿਆ ਦਿਤੀ। ਗਊ ਸੇਵਾ ਵਲ ਧਿਆਨ ਦੇਣ ਲਈ ਕਿਹਾ। ਵਹਿਜ਼ਕੋ ਖਸੀ ਕਰਨ ਦੀ ਮਨਾਹੀ ਕੀਤੀ।

3. **ਧਾਰਮਕ ਨਿਯਮ:** ਗੁਰੂ ਰਾਮ ਸਿੰਘ, ਸਤਿਗੁਰੂ ਦੀ ਬਾਣੀ ਉਪਰ ਪੂਰੀ ਤਰਾਂ ਅਮਲ ਕਰਦਿਆਂ ਹੋਇਆਂ ਨਾਮਧਾਰੀ ਸਿਖਾਂ ਲਈ ਇਹ ਜ਼ਬਰਦਸਤ ਪਰੇਰਣਾ ਦਿਤੀ ਕਿ ਅੰਮ੍ਰਿਤ ਵੇਲੇ ਸਣੇ ਕੇਸਾਂ ਅਸ਼ਨਾਨ ਕਰਕੇ ਨਾਮ ਜਪਣਾ ਚਾਹੀਦਾ ਹੈ। ਬਾਣੀ ਦਾ ਪਾਠ ਕਰਨਾ, ਸਾਦੀ ਪੁਸ਼ਾਕ, ਸਾਦੀ ਖੁਰਾਕ, ਸਿਧੀ ਦਸਤਾਰ ਧਾਰਨ ਕਰਨੀ ਚਾਹੀਦੀ ਹੈ ਕਿਉਂ ਕਿ ਆਪ ਜੀ ਇਸ ਅਸੂਲ ਨੂੰ ਭਲੀ ਪ੍ਰਕਾਰ ਜਾਣਦੇ ਸਨ ਕਿ ਮਨੁਖ ਦੀ ਪਛਾਣ - ਰਫਤਾਰ, ਗੁਫਤਾਰ ਤੇਦਸਤਾਰ ਤੋਂ ਕੀਤੀ ਜਾਂਦੀ ਹੈ। ਉਨੱ ਦੀ ਮਾਲਾ, ਆਸਣ ਪਉਏ ਤੇ ਗੜਵਾ (ਪਾਣੀ ਲਈ) ਰਖਣਾ ਚਾਹੀਦਾ ਹੈ। ਸੁਚ ਸੰਜਮ ਦੀ ਧਾਰਨਾ, ਮਹਿਮਾਨ ਨਵਾਜ਼ੀ, ਗਊ ਰਖਿਆ, ਯਗ ਹੋਮ ਤੇ ਪੰਜਾਂ ਕਕਾਰਾਂ ਦੀ ਮਰਯਾਦਾ ਦਾ ਵਿਧਾਨ ਸਦਾ ਕਾਇਮ ਰਖਣਾ ਚਾਹੀਦਾ ਹੈ। ਜੀਵਾਂ ਦੀ ਰਖਿਆ ਕਰਨਾ, ਮਨੁਖ ਦਾ ਪਹਿਲਾ ਕਰਤੱਵ ਹੈ।

4. **ਰਾਜਨੀਤੀ :** ਰਾਜਨੀਤੀ ਬਾਰੇ ਆਪ ਜੀ ਦੇ ਇਹ ਵਿਚਾਰ ਸਨ, ਕਿ ਅੰਗਰੇਜ਼ੀ ਹਕੂਮਤ ਵਿਦੇਸ਼ੀ ਹਕੂਮਤ ਹੈ। ਇਸ ਲਈ ਦੇਸ਼ਵਾਸੀਆਂ ਨੂੰ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ ਵਿਚ ਜੁਟ ਜਾਣਾ ਚਾਹੀਦਾ ਹੈ। ਇਸ ਕਾਰਜ ਦੀ ਪੂਰਤੀ ਲਈ ਸਰਕਾਰੀ ਨੌਕਰੀ ਨਹੀਂ ਕਰਨੀ, ਸਰਕਾਰੀ ਸਕੂਲਾਂ ਵਿਚ ਬਚੇ ਨਹੀਂ ਪੜਾਉਣੇ, ਆਦਿ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਤਰੀ ਜਾਤੀ ਨੂੰ ਬੁਰੀ ਤਰਾਂ ਭੰਡਿਆ ਜਾਂਦਾ ਸੀ। ਇਥੋਂ ਉਪਨਿਸ਼ਦਾਂ ਵਰਗੇ ਸਾਹਿਤ ਵਿਚ ਵੀ ਇਸਤਰੀਆਂ ਬਾਰੇ ਘਟੀਆ ਵਿਚਾਰ ਮਿਲ ਜਾਂਦੇ ਹਨ। ਕਬੀਰ ਜੀ ਤੇ ਤੁਲਸੀ ਦਾਸ ਜੀ ਵਰਗੇ ਭਗਤਾਂ ਨੇ ਵੀ ਦਬੀ ਜ਼ਬਾਨ ਨਾਲ ਇਸਤਰੀ ਜਾਤੀ ਨੂੰ ਸਮੁਚੇ ਰੂਪ ਵਿਚ ਕੁਝ ਘਟੀਆ ਹੀ ਦਸਿਆ। ਗੁਰੂ ਗੋਰਖ ਨਾਥ ਤੇ ਹੋਰ ਸੰਤਾਂ ਫਕੀਰਾਂ ਨੇ ਇਸਤਰੀ ਨੂੰ ਬਾਘਣੀ ਤੇ ਹੋਰ ਭੈੜੀਆਂ ਵਿਸ਼ੇਸ਼ਣਾਂ ਨਾਲ ਸੰਬੋਧਿਆ। ਕੇਵਲ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਭਗਤੀ ਲਹਿਰ ਦੇ ਸਮੇਂ ਇਸਤਰੀ ਸਮਾਜ ਨੂੰ ਮਨੁਖ-ਸਮਾਜ ਦੇ ਬਰਾਬਰ ਸਮਝਣ ਲਈ ਆਪਣੀ ਆਵਾਜ਼ ਬੁਲੰਦ ਕੀਤੀ। ਅਤੇ ਫੁਰਮਾਇਆ :—

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਗੁਰੂ ਰਾਮ ਸਿੰਘ ਜੀ ਦੇ ਸਮੇਂ ਤਕ ਮੁੜ ਇਸਤਰੀ ਜਾਤੀ ਨੂੰ ਹੀਨ ਸਮਝਿਆ ਜਾਣ ਲਗ ਪਿਆ ਸੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਬਨਾਣ ਤੇ ਛਕਣ ਦੀ ਮਰਯਾਦਾ ਤੋਰੀ ਸੀ ਤੇ ਖਾਲਸਾ ਪੰਥ ਨੂੰ ਇਸ ਅੰਮ੍ਰਿਤ ਦੇ ਆਧਾਰ ਉਪਰ ਸਾਜਿਆ ਸੀ। ਕਲਗੀਧਰ ਦੀ ਇਸ ਮਰਯਾਦਾ ਦਾ

Sri Satguru Jagjit Singh Ji Elibrary NamdhariElibrary@gmail.com

ਪਾਲਣ ਪੂਰੀ ਤਰਾਂ ਕੀਤਾ ਜਾਂਦਾ ਸੀ। ਚੂੰਕਿ ਗੁਰੂ ਸਾਹਿਬ ਦੇ ਵੇਲੇ ਮਰਦਾਂ ਨੂੰ ਹੀ ਜ਼ੁਲਮ ਦੇ ਵਿਰੁਧ ਲੜਨ ਦੀ ਲੋੜ ਮਹਿਸੂਸ ਕੀਤੀ ਗਈ, ਇਸ ਲਈ ਇਸਤਰੀ ਜਾਤੀ ਨੂੰ ਅੰਮ੍ਰਿਤ ਛਕਣ ਲਈ ਜੋਰ ਨਹੀਂ ਦਿਤਾ ਗਿਆ। ਇਸਦਾ ਮਤਲਬ ਇਹ ਨਹੀਂ ਸੀ ਕਿ ਇਸਤਰੀ ਜਾਤੀ ਨੂੰ ਮਰਦਾਂ ਨਾਲੋਂ ਘਟ ਖਿਆਲ ਕੀਤਾ ਗਿਆ। ਬਲਕਿ ਉਸ ਸਮੇਂ ਦੀਆਂ ਲੋੜਾਂ ਨੂੰ ਮੁਖ ਰਖਕੇ ਮਰਦਾਂ ਨੂੰ ਅੰਮ੍ਰਿਤ ਛਕਾਇਆ ਗਿਆ ਸੋ ਸਾਡੇ ਵਿਚਾਰ ਵਿਚ ਜਿਥੋਂ ਤਕ ਅੰਮ੍ਰਿਤ ਛਕਣ ਦੀ ਰਹੁ ਰੀਤੀ ਦਾ ਸਬੰਧ ਸੀ ਉਹ ਕੇਵਲ ਮਰਦਾਂ ਤੀਕ ਹੀ ਸੀਮਤ ਸੀ। ਗੁਰੂ ਰਾਮ ਸਿੰਘ ਜੀ ਨੇ ਇਸ ਤਥ ਦਾ ਅਹਿਸਾਸ ਕੀਤਾ ਤੇ ਇਸਤਰੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਸ਼ ਕਰਨ ਦਾ ਹੁਕਮ ਦਿਤਾ। ਆਪ ਜੀ ਨੇ ਇਹ ਆਵਾਜ਼ ਬੁਲੰਦ ਕੀਤੀ ਕਿ ਮਰਦ ਤੇ ਔਰਤਾਂ ਬਰਾਬਰ ਹਨ। ਆਪ ਨੇ ਮਰਦਾਂ ਤੇ ਔਰਤਾਂ ਦੋਹਾਂ ਲਈ ਅੰਮ੍ਰਿਤ ਛਕਣਾ ਜ਼ਰੂਰੀ ਕਰਾਰ ਦਿਤਾ। ਇਸ ਬਾਰੇ ਗੁਰੂ ਰਾਮ ਸਿੰਘ ਜੀ ਨੂੰ ਕਾਫੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਕਿਉਂ ਕਿ ਇਹ ਨਵੀਂ ਰਹੁ ਰੀਤ ਸੀ। ਗੁਰੂ ਰਾਮ ਸਿੰਘ ਨੇ ਗੁਲਾਬ ਦੇ ਫੁਲ ਵਾਂਗ ਖਿੜੇ ਮਥੇ ਇਸ ਵਿਰੋਧਤਾ ਦਾ ਸਾਹਮਣਾ ਕੀਤਾ ਅਤੇ ਅਖੀਰ ਉਪਰ ਸਫਲਤਾ ਪ੍ਰਾਪਤ ਕੀਤੀ।

ਉਪਰੋਕਤ ਵਿਚਾਰਾਂ ਪਿਛੋਂ ਅਸੀਂ ਇਸ ਸਿਟੇ ਉਪਰ ਪੁਜਦੇ ਹਾਂ ਕਿ ਗੁਰੂ ਰਾਮ ਸਿੰਘ ਜੀ ਸਾਰੀ ਉਮਰ ਦੇਸ਼ ਸੁਤੰਤਰਤਾ ਲਈ ਜੂਝਦੇ ਰਹੇ। ਆਪ ਜੀ ਨੇ ਆਪਣੇ ਸਮੇਂ ਵਿਚ ਸੁਤੰਤਰਤਾ ਲਈ ਉਹ ਪਕੀਆਂ ਬੁਨਿਆਦਾਂ ਰਖੀਆਂ ਕਿ ਜਿਨਾਂ ਉਪਰ ਅਜ ਦਾ ਸੁਤੰਤਰਤਾ ਮਹਿਲ ਤਿਆਰ ਹੋ ਗਿਆ ਹੈ। ਆਪ ਨੇ ਆਪਣੇ ਸਿਖਾਂ ਨੂੰ ਹੁਕਮ ਦਿਤਾ ਕਿ ਚਾਹੇ ਕਿਤਨਾ ਵੀ ਸੰਸਾਰਕ ਨੁਕਸਾਨ ਹੋ ਜਾਵੇ ਸਚ ਤੋਂ ਪਿਛਾਂਹ ਨਹੀਂ ਹਟਣਾ। ਸਾਰੀ ਉਮਰ ਆਪ ਸੱਚ ਉਪਰ ਟੁਰਦੇ ਰਹੇ। ਵਾਸਤਵ ਵਿਚ ਆਪ ਜੀ ਨੇ ਇਨਸਾਨੀਅਤ ਦਾ ਖੁਲ੍ਹਾ ਪਰਚਾਰ ਕੀਤਾ, ਜਿਸ ਲਈ ਗੁਰੂ ਸਾਹਿਬਾਨ ਨੇ ਵਡੀਆਂ ਵਡੀਆਂ ਕੁਰਬਾਨੀਆਂ ਦਿਤੀਆਂ ਸਨ। ਇਹ ਸਾਰੀ ਪਰੇਰਣਾ ਆਪ ਜੀ ਨੇ ਗੁਰਮਤ ਦੇ ਸੋਮੇ ਤੋਂ ਲਈ ਅਤੇ ਇਕ ਸਚੇ ਸੁਚੇ ਤੇ ਮਹਾਨ ਗੁਰਮੁਖ ਦਾ ਜੀਵਨ ਬਤੀਤ ਕੀਤਾ। ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਲਈ ਆਪ ਜੀ ਨੇ ਆਪਣੇ ਸਿਖਾਂ ਵਿਚ ਇਕ ਅਥਾਹ ਜੋਸ਼ ਭਰਿਆ। ਸੋ ਆਪ ਜੀ ਦੀ ਕੌਮੀ ਸਾਹਿਤ ਅਤੇ ਭਾਸ਼ਾ ਵਿਚ ਵੀ ਵਡਮੁਲਾ ਹਿਸਾ ਹੈ। ਨਾਮਧਾਰੀ ਸਿਖਾਂ ਨੇ ਪੰਜਾਬੀ ਵਿਚ ਬਹੁਤ ਕੁਝ ਲਿਖਿਆ ਹੈ ਜਿਸ ਨੂੰ ਹੁਣ ਤਕ ਪੁਸਤਕਾਂ ਦੇ ਰੂਪ ਵਿਚ ਅਗੇ ਲਿਆਉਣ ਦੀ ਲੋੜ ਹੈ।

----------o----------

ਗੁਰਬਖਸ਼ ਸਿੰਘ ਜੀ ਪ੍ਰੀਤ ਨਗਰ

ਸਵਰਗੀਮ: ਪ੍ਰਤਾਪ ਸਿੰਘ ਜੀ ਤੇ ਨਾਮਧਾਰੀ ਪੰਥ

"ਪ੍ਰੀਤ ਲੜੀ" ਦੇ ਪਿਛਲੇ ਅੰਕ ਵਿਚ ਰਾਧਾ ਸਵਾਮੀ ਪਰਚਾਰ ਸਬੰਧੀ ਕਿਸੇ ਸਵਾਲ ਦਾ ਜੁਆਬ ਦੇਂਦਿਆਂ ਮੈਂ ਲਿਖਿਆ ਸੀ : "ਸ੍ਰੀ ਮਾਨ ਬਾਬਾ ਸਾਵਣ ਸਿੰਘ ਜੀ ਦੇ ਨਾਲ ਸਵਰਗੀ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਇਕ ਰਾਤ ਮਹਿਮਾਨ ਹੋਣ ਦਾ ਅਵਸਰ ਮੈਨੂੰ ਮਿਲਿਆ ਸੀ। ਕਈ ਸੰਸਥਾਵਾਂ ਦੇ ਸਤਿਗੁਰਾਂ ਦੇ ਦਰਸ਼ਨਾਂ ਦਾ ਮਾਣ ਵੀ ਮੈਨੂੰ ਪ੍ਰਾਪਤ ਹੈ, ਪਰ ਪਰਚਾਰ ਸਿਰਫ ਮੈਂ ਕ੍ਰਿਸ਼ਨਾ ਮੂਰਤੀ ਦਾ ਹੀ ਸੁਣਿਆ ਹੈ। ਜਿਹੜੀਆਂ ਬਖਸ਼ਸ਼ਾਂ ਇਹ ਮਹਾਂਪੁਰਖ ਆਪਣੇ ਸੇਵਕਾਂ ਨੂੰ ਦੇਂਦੇ ਹਨ, ਉਹ ਵਡਮੁਲੀਆਂ ਹੋਣਗੀਆਂ, ਪਰ ਮੇਰੇ ਵਰਗੇ ਸਾਧਾਰਨ ਖੂਬੀਆਂ ਦੇ ਚਾਹਵਾਨ ਮਨੁਖ ਲਈ ਉਹ ਥੋ-ਲੋੜੀਆਂ ਹਨ — "

ਏਸ ਮੇਰੇ ਜਵਾਬ ਸੰਬੰਧੀ ਸੰਤ ਇੰਦਰ ਸਿੰਘ ਚਕਰਵਰਤੀ ਜੀ ਨੇ ਇਕ ਲੰਮਾ ਪਤਰ ਮੈਨੂੰ ਲਿਖਿਆ ਹੈ, ਜਿਦ੍ਹਾ ਜ਼ਾਤੀ ਉਤਰ ਮੈਂ ਉਹਨਾਂ ਨੂੰ ਦੇ ਦਿਤਾ ਹੈ ਪਰ, ਉਹਨਾਂ ਦੇ ਪਤਰ ਦੇ ਇਕ ਭਾਗ ਦਾ ਉਤਰ ਮੈਂ ਸਮਝਦਾ ਹਾਂ, ਪ੍ਰਕਾਸ਼ਤ ਕੀਤਾ ਜਾਣਾ ਜ਼ਰੂਰੀ ਹੈ। ਚਰਕਵਰਤੀ ਜੀ ਨੇ ਲਿਖਿਆ ਹੈ:

"ਤੁਸੀਂ ਸ੍ਰੀ ੧੦੮ ਹਜ਼ੂਰ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਬੰਧੀ ਐਵੇਂ ਹੀ ਗਲਤ ਮਲਤ ਤਕ ਲਿਆ ਜੋ, ਜੋ ਤੁਹਾਨੂੰ ਤਕਣਾ ਜ਼ਰੂਰੀ ਨਹੀਂ ਸੀ। ਉਹਨਾਂ ਦਾ ਜ਼ਿਕਰ ਓਸ ਸਿਲਸਿਲੇ ਵਿਚ ਬੇਲੋੜਾ ਹੈ, ਅਤੇ ਕੂੜਾਵਾ ਵੀ ਹੈ, ਕਿਉਂ ਕਿ ਤੁਸੀਂ ਉਹਨਾਂ ਦਾ ਪਰਚਾਰ ਸੁਣਿਆ ਸੀ। ਤੁਸੀਂ ਰਾਤੀਂ ਹੀ ਮਹਿਮਾਨ ਰਹਿਕੇ ਨਹੀਂ ਸੀ ਤੁਰ ਗਏ, ਸਗੋਂ ਦਿਨੇ ਵੀ ਰਹੇ ਸੋ, ਤੇ ਉਹਨਾਂ ਦਾ ਦੀਵਾਨ ਤੱਕਿਆ, ਤੇ ਪਰਚਾਰ ਵੀ ਉਹਨਾਂ ਕੀਤਾ ਸੀ।"

Sri Satguru Jagjit Singh Ji Elibrary NamdhariElibrary@gmail.com

ਮੈਂ ਸਹਿਮਤ ਹਾਂ ਕਿ ਓਸ ਸਿਲਸਿਲੇ ਵਿਚ ਉਹਨਾਂ ਦੇ ਜ਼ਿਕਰ ਦੀ ਲੋੜ ਨਹੀਂ ਸੀ। ਇਹ ਜ਼ਿਕਰ ਗਲਤ ਫਹਿਮੀ ਪੈਦਾ ਕਰ ਸਕਦਾ ਹੈ। ਮੇਰਾ ਅਨੁਮਾਨ ਇਹ ਸੀ, ਕਿ ਉਹਨਾਂ ਸੰਬੰਧੀ ਮੇਰੇ ਵਿਚਾਰ ਏਨੀ ਸ਼ਰਧਾ ਨਾਲ ਪ੍ਰਗਟ ਹੋ ਚੁਕੇ ਹੋਏ ਹਨ ਕਿ ਕਿਸੇ ਗਲਤ ਫਹਿਮੀ ਦੀ ਗੁੰਜਾਇਸ਼ ਹੈ ਨਹੀਂ, ਮੈਂ ਕਦੇ ਵੀ ਉਹਨਾਂ ਨੂੰ ਉਹਨਾਂ ਧਾਰਮਕ ਪੇਸ਼ਵਾਆਂ ਵਿਚ ਸ਼ਾਮਲ ਨਹੀਂ ਕੀਤਾ ਜਿਹੜੇ ਨਿਹਕਲੰਕ ਜਾਂ ਅਵਤਾਰ ਹੋਣ ਦਾ ਦਾਅਵਾ ਕਰਦਿਆਂ ਮੁਕਤੀ ਦਾ ਕੋਈ ਉਚੇਚਾ ਮਾਰਗ ਦਸਦੇ ਹਨ। ਮੇਰੇ ਓਸ ਜਵਾਬ ਵਿਚ ਲੁਕੀ ਜਾਂ ਉਘੜੀ ਕਿਸੇ ਅਲੋਚਣਾ ਦਾ ਇਸ਼ਾਰਾ ਮਹਾਰਾਜ ਪ੍ਰਤਾਪ ਸਿਘ ਜੀ ਵਲ ਨਹੀਂ ਸੀ ਹੋ ਸਕਦਾ।

ਚਕਰਵਰਤੀ ਜੀ ਦੀ ਦੂਜੀ ਗੱਲ ਵੀ ਸੱਚੀ ਹੈ। ਸਿਰਫ ਓਸ ਦਿਨ ਹੀ ਨਹੀਂ, ਮੈਂ ਦੋ ਵਾਰੀ ਹੋਰ ਵੀ — ਇਕ ਵਾਰੀ ਗੁਜਰਾਂਵਾਲੇ, ਤੇ ਦੂਜੀ ਵਾਰੀ ਚੌਗਾਵੇਂ — ਮਹਾਰਾਜ ਦੇ ਦੀਵਾਨ ਵਿਚ ਹਾਜ਼ਰ ਹੋਇਆ ਸਾਂ। ਪਰ ਮਹਾਰਾਜ ਦਾ ਦੀਵਾਨ ਤਾਂ ਗੁਰਬਾਣੀ ਦਾ ਕੀਰਤਨ ਹੀ ਹੁੰਦਾ ਸੀ, ਤੇ ਉਹਨਾਂ ਦਾ ਪਰਚਾਰ ਗੁਰਸਿਖੀ ਦਾ ਪਰਚਾਰ ਸੀ। ਉਸ ਜਵਾਬ ਵਿਚ ਮੇਰਾ ਇਸ਼ਾਰਾ ਸਿਰਫ ਉਸ ਪਰਚਾਰ ਵਲ ਸੀ, ਜਿਹੜਾ ਨਿਹਕਲੰਕੀ ਅਵਤਾਰ, ਬ੍ਰਹਮਕੁਮਾਰੀਆਂ ਦੇ ਸਵਾਮੀ, ਤੇ ਸ਼ਰਾਬ ਦੀ ਸਹਾਇਤਾ ਨਾਲ ਸਮਾਧੀਆਂ ਪ੍ਰਾਪਤ ਕਰਨ, ਤੇ ਭਿੰਨ ਭਿੰਨ ਮਤ ਚਲਾਣ ਵਾਲੇ ਕਰਦੇ ਹਨ।

ਮਹਾਰਾਜ ਪ੍ਰਤਾਪ ਸਿਘ ਜੀ ਦੀ ਮਾਨਵਤਾ ਲਈ ਮੇਰੀ ਸ਼ਰਧਾ ਬੇਅੰਤ ਹੈ। ਉਹਨਾਂ ਦੇ ਪੰਥ ਦਾ ਵੀ ਮੈਨੂੰ ਬੜਾ ਸਤਿਕਾਰ ਹੈ। ਇਹ ਪੰਥ ਮੈਨੂੰ ਕਿਰਤੀਆਂ ਤੇ ਕਾਮਿਆਂ ਦਾ ਪੰਥ ਨਜ਼ਰ ਆਉਦਾ ਹੈ। ਏਸ ਪੰਥ ਦੀ ਸਾਦਗੀ ਤੇ ਮਨੁਖਤਾ ਦਾ ਮੈਂ ਦਿਲੋਂ ਪ੍ਰਸੰਸਿਕ ਹਾਂ। ਆਮ ਨਾਮਧਾਰੀ ਸਿਖ ਦਾ ਜੀਵਨ ਆਮ ਮਨੁਖ ਨਾਲੋਂ ਵਧੇਰੇ ਸੋਧਿਆ ਹੋਇਆ ਹੁੰਦਾ ਹੈ। ਵਿਆਹ, ਕੁੜਮਾਈਆਂ, ਮਰਨਿਆਂ ਤੇ ਹੋਰ ਰਸਮਾਂ ਉਤੇ ਵਿਖਾਲਾ ਸਾਡੀ ਵਡੀ ਕੌਮੀ ਕਮਜ਼ੋਰੀ ਹੈ, ਪਰ ਨਾਮਧਾਰੀ ਪੰਥ ਵਿਚ ਇਹ ਵਿਖਾਲਾ ਬਿਲਕੁਲ ਹੈ ਨਹੀਂ।

ਧਾਰਮਿਕ ਸੰਸਥਾਵਾਂ ਵਿਚੋਂ ਇਹੋ ਇਕ ਸੰਸਥਾ ਮੈਨੂੰ ਦਿਸਦੀ ਹੈ, ਜਿਸ ਨੇ ਦੇਸ ਦੀ ਹਰ ਅਗਾਂਹ ਵਧੂ ਸਿਆਸੀ ਤਹਿਰੀਕ ਵਿਚ ਕਦਰ-ਯੋਗ ਹਿੱਸਾ ਪਾਇਆ ਹੈ। ਜਿਥੇ ਬਹੁਤੀਆਂ ਧਾਰਮਕ ਸੰਸਥਾਵਾਂ ਹਮੇਸ਼ਾਂ ਪ੍ਰਦੇਸੀ ਸਰਕਾਰ ਦੀਆਂ ਖੁਸ਼ਾਮਦੀ ਹੋਣ ਤੇ ਕੌਮੀ ਸੰਗਰਾਮ ਤੋਂ ਨਿਰਲੇਪ ਰਹਿਣ ਦਾ ਮਾਣ ਕਰਦੀਆਂ ਰਹੀਆਂ ਹਨ, ਉਥੇ ਮਹਾਰਾਜ ਬਾਬਾ ਰਾਮ ਸਿਘ ਜੀ ਤੇ ਉਹਨਾਂ ਦੇ ਨਿਧੜਕ ਸਿੱਖਾਂ ਦੀਆਂ ਕੁਰਬਾਨੀਆਂ ਸਾਡੇ ਦੇਸ ਦੇ ਇਤਿਹਾਸ ਦਾ ਰੱਤਾ ਕਾਂਡ ਹਨ।

ਮਹਾਰਾਜ ਪ੍ਰਤਾਪ ਸਿਘ ਜੀ ਤਾਂ ਮੇਰੇ ਅਤਿ ਖੂਬਸੂਰਤ ਇਨਸਾਨਾਂ ਵਿਚੋਂ ਹਨ। ਮੈਂ ਅਨੇਕਾਂ ਧਾਰਮਕ ਮਹਾਂਪੁਰਖਾਂ ਨੂੰ ਮਿਲਿਆ ਹਾਂ। ਕੀ ਦੇਸ ਵਿਚ ਤੇ ਕੀ ਪ੍ਰਦੇਸਾਂ ਵਿਚ, ਪਰ ਸਿਰਫ ਮਹਾਰਾਜਾ ਪ੍ਰਤਾਪ ਸਿਘ ਜੀ ਨੇ ਹੀ ਮੈਨੂੰ ਮਨੁਖੀ ਪੱਧਰ ਉਤੇ ਮਿਲਣ ਦੀ ਖੁਸ਼ੀ ਦਿਤੀ ਸੀ। ਜਦੋਂ ਧਾਰਮਕ ਲੋਕਾਂ, ਅਕਾਲੀ ਪੰਥ ਤੇ ਚੀਫ ਖਾਲਸਾ ਦੀਵਾਨ ਨੇ ਮੈਨੂੰ ਅਛੂਤ ਕਰਾਰ ਦੇ ਦਿਤਾ ਸੀ, ਓਦੋਂ ਮਹਾਰਾਜ ਪ੍ਰਤਾਪ ਸਿਘ ਜੀ ਨੇ ਮੈਨੂੰ ਗਲ ਨਾਲ ਲਾਇਆ ਸੀ। ਜਦੋਂ "ਪ੍ਰੀਤ ਲੜੀ" ਨੂੰ ਛੂਹਣ ਦੀ ਆਗਿਆ ਵੀ ਕਿਸੇ ਧਾਰਮਕ ਮਨੁਖ ਨੂੰ ਨਹੀਂ ਸੀ, ਓਦੋਂ ਮਹਾਰਾਜ ਚੰਦਾ ਭੇਜ ਕੇ "ਪ੍ਰੀਤ ਲੜੀ" ਮੰਗਵਾਂਦੇ ਤੇ ਆਪਣੇ ਸਿਖਾਂ ਨੂੰ ਪਰਚੇ ਜਾਰੀ ਕਰਵਾਉਦੇ ਸਨ। ਓਸ ਵੇਲੇ ਨਾਮਧਾਰੀ ਸਿੱਖਾਂ ਵਿਚ ਪ੍ਰੀਤ ਲੜੀ ਦਾ ਪੜ੍ਹੇ ਜਾਣਾ ਦਸਦਾ ਹੈ ਕਿ ਇਹ ਸੰਸਥਾ ਹੋਰਨਾਂ ਸੰਸਥਾਵਾਂ ਵਾਂਗ ਆਪਣੇ ਸਿਖਾਂ ਦੇ ਦਿਮਾਗਾਂ ਉਤੇ ਕੋਈ ਬਾਧਕ ਹੁਕਮ ਨਹੀਂ ਸੀ ਚਾੜ੍ਹਦੀ।

ਜਦ ਕਦੇ ਮਹਾਰਾਜ ਪ੍ਰੀਤ ਨਗਰ ਦੇ ਨੇੜੇ ਕਿਸੇ ਪਿਡ ਆਉਂਦੇ ਤਾਂ ਉਹ ਦੋਂਹ 'ਚੋਂ ਇਕ ਗਲ ਜ਼ਰੂਰ ਕਰਦੇ, ਆਪ ਮੇਰੇ ਕੋਲ ਆਉਦੇ ਜਾਂ ਮੈਨੂੰ ਆਪਣੀ ਗੱਡੀ ਭੇਜ ਕੇ ਮੰਗਵਾਂਦੇ। ਮੇਰੀ ਪੁਤਰੀ ਉਰਮਿਲਾ ਜਲੰਧਰ ਵਿਚ ਰਹਿੰਦੀ ਹੈ, ਉਹਦੇ ਘਰ ਵੀ ਉਹ ਮਿਲਣ ਜਾਂਦੇ ਤੇ ਜੇ ਉਹ ਕੋਈ ਸੇਵਾ ਕਰਨ ਲਗਦੀ ਤਾਂ ਮਹਾਰਾਜ ਕਹਿੰਦੇ: "ਨਹੀਂ ਬੀਬੀ, ਤੂੰ ਸਾਡੀ ਧੀ ਹੈਂ" ਮਹਾਰਾਜ ਜੀ ਦੇ ਸਪੁਤਰ ਮਹਾਰਾਜ ਜਗਜੋਤ ਸਿਘ

Sri Satguru Jagjit Singh Ji Elibrary NamdhariElibrary@gmail.com

ਜੀ ਵੀ ਉਰਮਿਲਾ ਨੂੰ ਮਿਲਣ ਜਾਂਦੇ ਤੇ ਉਹਦੇ ਨਾਲ ਸਵਰਗੀ ਮਹਾਰਾਜ ਜੀ ਵਾਂਗ ਧੀ ਵਰਗਾ ਹੀ ਸਲੂਕ ਕਰਦੇ ਹਨ। ਮੇਰੇ ਕੱਲ ਆਉਣ ਦਾ ਮਾਣ ਵੀ ਮਹਾਰਾਜ ਜਗਜੀਤ ਸਿੰਘ ਜੀ ਮੈਨੂੰ ਦੇ ਗਏ ਹਨ।

ਮਹਾਰਾਜ ਪ੍ਰਤਾਪ ਸਿੰਘ ਜੀ ਆਪਣੀ ਉਮਰ ਦੇ ਪਿਛਲੇ ਵਰ੍ਹਿਆਂ ਵਿਚ ਆਪਣੇ ਪੰਥ ਨੂੰ ਧਾਰਮਿਕ ਤੇ ਦਸਤਕਾਰੀ ਦੀ ਵਿਦਿਆ ਦੇਣ ਦੀ ਯੋਜਨਾਂ ਬਣਾ ਰਹੇ ਹਨ। ਏਸ ਸਬੰਧ ਵਿਚ ਉਹ ਦੋ ਵਾਰੀ ਉਚੇਚੇ ਮੈਨੂੰ ਮਿਲਣ ਆਏ। ਇਕ ਵਾਰੀ ਉਹਨਾਂ ਨੇ ਸੁਣਿਆ ਕਿ ਮੈਂ ਕਿਸੇ ਮੀਟਿੰਗ ਉਤੇ ਜਲੰਧਰ ਜਾਵਾਂਗਾ। ਉਹਨਾਂ ਮੈਨੂੰ ਸੰਦੇਸ਼ਾ ਘਲਿਆ, ਕਿ ਉਹ ਵੀ ਜਾਲੰਧਰ ਮੈਨੂੰ ਮਿਲਣ ਲਈ ਆਉਣਾ ਚਾਹੁੰਣਗੇ। ਜਦੋਂ ਉਹ ਮੀਟਿੰਗ ਵਿਚ ਆਪ ਮੈਨੂੰ ਮਿਲੇ, ਮੈਂ ਪੁਛਿਆ: "ਕਿਥੇ ਹਾਜ਼ਰ ਹੋਵਾਂ?" — "ਨਹੀਂ, ਕੰਮ ਮੇਰਾ ਹੈ, ਖੇਚਲ ਤੁਸੀਂ ਕਿਉਂ ਕਰੋ — ਮੈਂ ਆਵਾਂਗਾ, ਦਸੋ ਕਿੱਥੇ ਆਵਾਂ?

ਬੜਾ ਜ਼ੋਰ ਮੈਂ ਦਿਤਾ ਕਿ ਉਹਨਾਂ ਵਲ ਹਾਜ਼ਰੀ ਮੇਰੀ ਬਣਦੀ ਹੈ, ਪਰ ਇਹ ਉਹਨਾਂ ਦੀ ਨਿਰਮਾਣਤਾ ਦੀ ਖੂਬਸੂਰਤੀ ਸੀ ਕਿ ਉਹੀ ਮੇਰੇ ਮਿਤਰ ਦੇ ਘਰ ਮੇਰੇ ਕੱਲ ਆਏ। ਆਪਣੇ ਜੀਵਨ ਨਗਰ ਵਿਚ ਇਕ ਚੰਗੇ ਜਿਹੇ ਸਕੂਲ ਨੂੰ ਰੂਪ ਦੇਣ ਲਈ ਉਹ ਮੇਰਾ ਤਜਰਬਾ ਪੁਛਦੇ ਸਨ।

ਆਪਣੇ ਅੰਤ ਤੋਂ ਥੋਹੜੇ ਦਿਨ ਪਹਿਲਾਂ ਉਹ ਲੱਪੋਕੀ ਆਏ। ਆਪਣੀ ਕਾਰ ਉਹਨਾਂ ਭੇਜੀ। ਮੈਂ ਮਿਲਣ ਗਿਆ। ਇਹ ਕਹਿੰਦੇ ਆਪ ਉਠ ਕੇ ਮਿਲੇ : "ਖਿਮਾ ਕਰਨਾ, ਮੇਰਾ ਸਰੀਰ ਰਾਜੀ ਨਹੀਂ ਸੀ, ਮੈਂ ਤੁਹਾਨੂੰ ਖੇਚਲ ਦਿਤੀ।"

ਇਹ ਗੱਲਾਂ ਮੈਂ ਉਹਨਾਂ ਦੀ ਸਾਧਾਰਨ ਨਿਰਮਾਣਤਾ ਪ੍ਰਗਟ ਕਰਨ ਲਈ ਲਿਖ ਰਿਹਾ ਹਾਂ। ਜਿਹਨੂੰ ਧਾਰਮਕ ਲੋਕ ਨਾਸਤਕ ਆਖ ਕੇ ਛਿਣਕ ਛਡਦੇ ਹੋਣ, ਉਹਨੂੰ ਆਦਰ ਕੋਈ ਆਪਣੀ ਮੰਜ਼ਿਲ ਉਤੇ ਪਹੁੰਚਾ ਮਹਾਨ ਮਨੁਖ ਹੀ ਦੇ ਸਕਦਾ ਹੈ।

ਜਿਸ ਪੰਥ ਦੇ ਸਤਿਗੁਰੂ ਏਡੇ ਨਿਰਮਾਣ ਤੇ ਮਾਨਵੀ ਮਸਲਿਆਂ ਵਿਚ ਵਧ ਚੜ੍ਹਕੇ ਭਾਗ ਲੈਂਦੇ ਹੋਣ, ਓਸ ਪੰਥ ਦੀ ਧਾਰਮਕ ਸਿਖਿਆ ਵੀ ਹੋਵੇ, ਓਸ ਸਿਖਿਆ ਦੇ ਸਿੱਟਿਆਂ ਦੀ ਕਦਰ ਕੌਣ ਨਾ ਕਰੇ? ਸਾਦਗੀ, ਸਵੱਛਤਾ, ਮਾਨਵਤਾ, ਕਿਰਤ ਦੀ ਮਹੱਤਤਾ, ਕੌਮੀ ਕੰਮਾਂ ਵਿਚ ਭਾਗ, ਤੇ ਖੁਸ਼ ਅਖਲਾਕੀ ਕਿਸੇ ਉਤਮ ਸਿਖਿਆ ਦੇ ਹੀ ਸਿਟੇ ਹੋ ਸਕਦੇ ਹਨ।

ਏਸ ਪੰਥ ਦੀਆਂ ਦੋ ਹੋਰ ਰਵਾਇਤਾਂ ਵੀ ਧਾਰਮਕ ਸੰਸਥਾਵਾਂ ਲਈ ਪਰੇਰਨਾ ਭਰੀਆਂ ਹਨ। ਨਾਮਧਾਰੀ ਪੰਥ ਦੀ "ਰਾਜਧਾਨੀ" ਭੈਣੀ ਸਾਹਿਬ ਇਕ ਬੜਾ ਹੀ ਸਾਦਾ ਅਸਥਾਨ ਹੈ। ਮਹਾਰਾਜ ਪ੍ਰਤਾਪ ਸਿੰਘ ਜੀ ਇਕ ਕੁਟੀਆ ਜਿਹੀ ਵਿਚ ਬੈਠੇ ਮੈਨੂੰ ਦਸ ਰਹੇ ਸਨ ਕਿ ਉਹਨਾਂ ਦੇ ਬਜ਼ੁਰਗਾਂ ਦਾ ਹੁਕਮ ਹੈ ਕਿ ਕੋਈ ਸ਼ਾਨਦਾਰ ਮੰਦਰ ਨਾ ਉਸਾਰਿਆ ਜਾਵੇ, ਤੇ ਨਾ ਰਹਿਣ ਸਹਿਣ ਹੀ ਆਪਣੇ ਸਿੱਖਾਂ ਨਾਲੋਂ ਉਚਾ ਰਖਿਆ ਜਾਏ।

ਦੂਜੀ ਚੰਗੀ ਰਵਾਇਤ ਪਸ਼ੂਆਂ ਨਾਲ ਪ੍ਰੇਮ ਹੈ। ਉਹ ਬੜੀ ਚੰਗੀ ਨਸਲ ਦੇ ਬੈਲਦ, ਗਊਆਂ, ਮੱਝਾਂ, ਘੋੜੇ ਪਾਲਦੇ ਤੇ ਆਪਣੇ ਸਿੱਖਾਂ ਨੂੰ ਪਸ਼ੂ-ਪਰਵਰੀ ਲਈ ਉਤਸ਼ਾਹ ਦੇਂਦੇ ਹਨ। ਪਸ਼ੂ-ਪਾਲਣ ਵਿਚ ਉਹਨਾਂ ਨੂੰ ਸਰਕਾਰ ਵਲੋਂ ਕਈ ਵਾਰੀ ਇਨਾਮ ਮਿਲੇ ਹਨ।

ਨਾਮਧਾਰੀ ਪੰਥ ਦੀਆਂ ਚੰਗੀਆਂ ਰਵਾਇਤਾਂ ਉਹਨਾਂ ਦੇ ਪੰਥ ਨੂੰ ਸੁਚੱਜੀ ਜੀਵਨ-ਜਾਚ ਦਾ ਪੰਥ ਬਣਾਂਦੀਆਂ ਹਨ, ਤੇ ਮੇਰੀ ਸਾਇੰਸੀ ਸੋਚਣੀ ਵੀ ਉਹਨਾਂ ਨੂੰ ਵਧਾਈ ਦੇਂਦੀ ਹੈ।

ਮੈਂ ਚਕਰਵਰਤੀ ਜੀ ਦਾ ਕਿਰਤੱਗ ਹਾਂ ਕਿ ਉਹਨਾਂ ਨੇ ਸੰਭਵ ਗਲਤ ਫ਼ਹਿਮੀ ਦਾ ਨੁਕਤਾ ਉਠਾਕੇ ਉਸ ਗਲਤ ਫ਼ਹਿਮੀ ਨੂੰ ਦੂਰ ਕਰਨ ਦਾ ਮੌਕਾ ਮੈਨੂੰ ਦਿਤਾ ਹੈ।

****

Sri Satguru Jagjit Singh Ji Elibrary NamdhariElibrary@gmail.com

ਮੇਰੇ ਨਾਮਧਾਰੀ ਪੰਥ ਨਾਲ ਸੰਬੰਧ

ਸ੍ਰ ਅਵਤਾਰ ਸਿੰਘ ਜੀ 'ਆਜ਼ਾਦ'

ਮੈਂ ਆਪਣੇ ਨਾਨਕੇ ਗੰਡੀਵਿੰਡ ਜ਼ਿਲਾ ਅੰਮ੍ਰਿਤਸਰ ਰਹਿੰਦਾ ਸਾਂ, ਜਦੋਂ ਦੀ ਇਹ ਗਲ ਹੈ। ਜਿਥੋਂ ਤਕ ਮੇਰੀ ਯਾਦ ਕੰਮ ਕਰਦੀ ਹੈ, ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਦੇ ਦੀਵਾਨ ਰੋਜ਼ ਖਰਾਸੀਆਂ ਵਾਲੀ ਪਤੀ ਲਗਦੇ ਹੁੰਦੇ ਸਨ। ਮੈਂ ਓਦੋਂ ਤੀਜੀ ਜਮਾਤ ਵਿਚ ਪੜ੍ਹਦਾ ਹੁੰਦਾ ਸਾਂ ਤੇ ਦਸ ਕੁ ਸਾਲ ਦੇ ਆਨ - ਮਾਨ ਮੇਰੀ ਉਮਰ ਸੀ। ਸੰਤ ਹੱਲੇ ਦੇ ਸ਼ਬਦ ਬੜੇ ਜੋਸ਼ ਨਾਲ ਪੜ੍ਹਦੇ ਤੇ ਦੂਰੋਂ ਨਸਕੇ ਨਿਰਤ ਕਰਦੇ ਸਨ। ਵਿਚਲੇ ਕੁ ਮੇਲ ਦਾ ਕੱਦ ਸੀ ਉਨਾਂ ਦਾ ਤੇ ਧਾਰਨਾ ਚੁਕਣ ਵੇਲੇ ਸੱਜੀ ਬਾਂਹ ਬਹੁਤ ਹਿਲਾਉਦੇ ਸਨ। ਸ਼ਬਦ ਪੜ੍ਹਨ ਦੇ ਨਾਲ ਵਿਆਖਿਆ ਵੀ ਕਰਦੇ ਸਨ ਅਤੇ ਮੈਨੂੰ ਚੇਤੇ ਆਉਦਾ ਹੈ ਕਿ ਮੇਰਾ ਮਨ ਉਹਨਾਂ ਦੇ ਦੀਵਾਨ ਵਿਚ ਬੈਠ ਕੇ ਕੀਲਿਆ ਜਾਦਾ ਸੀ। ਮੇਰੇ ਨਾਨਾ ਜੀ ਸੰਤ ਸ਼ੋਣੀ ਬਜ਼ੁਰਗ ਸਨ। ਮੇਰੇ ਇਕ ਮਾਮਾ ਜੀ ਉਦਾਸੀ ਸੰਤ ਸਨ ਤੇ ਸਤਿਸੰਗ ਦਾ ਪਿਆਰ ਨਾਨਾ ਜੀ ਪਾਸੋਂ ਮਿਲਿਆ । ਸੰਤ ਸੁੰਦਰ ਸਿੰਘ ਜੀ ਕਈ ਦਿਨ ਗੰਡੀਵਿੰਡ ਰੋਣਕ ਲਾਉਦੇ ਤੇ ਅਨੇਕਾਂ ਕੁਰਾਹੇ ਜਾ ਰਹੇ ਭੁਲੜਾਂ ਨੂੰ ਸਿੱਖੀ ਦੇ ਅੰਮ੍ਰਿਤ ਕੁੰਡ ਦੇ ਨੇੜੇ ਆਉਣ ਦੀ ਅਸਰ ਭਰਪੂਰ ਪਰੇਰਨਾ ਦੇਂਦੇ ਰਹੇ।

ਜਦ ਮੈਂ ਅੰਮ੍ਰਿਤਸਰ ਆ ਟਿਕਿਆ ਤੇ ਮੇਰਾ ਮਕਾਨ ਬਾਬਾ ਭੋਂਡੀ ਵਾਲੇ ਦੇ ਚੌਕ ਵਿਚ ਸੀ, ਜਿਥੋਂ ਨਾਮਧਾਰੀ ਗੁਰਦੁਆਰਾ ਕੁਝ ਕਦਮਾਂ ਉਤੇ ਹੈ। ਏਥੇ ਸੰਤ ਬਾਬਾ ਲਾਲ ਸਿੰਘ ਜੀ ਭੂਰੇ ਗਿਲ ਦੇ ਦੀਵਾਨ ਸੁਣਨ ਦਾ ਸਮਾਂ ਕਈ ਵੇਰ ਮਿਲਿਆ। ਬਾਬਾ ਜੀ ਜਦ ਕੀਤਰਨ ਕਰਦੇ ਸਨ ਤੇ ਸ਼ਬਦ ਤੇ ਸੰਗੀਤ ਦੇ ਰਸ ਵਿਚ ਆ ਕੇ ਮਸਤੀਆਂ ਦੇ ਝੂਲ ਝੂਲ ਪੈਂਦੇ ਪਿਆਲੇ ਅਰਪਦੇ ਸਹੀ ਹੁੰਦੇ ਸਨ। ਜਦ ਮੈਂ ਉਹਨਾਂ ਦੇ ਦਰਸ਼ਨ ਕੀਤੇ, ਜਿਥੋਂ ਤੀਕ ਮੈਨੂੰ ਚੇਤਾ ਹੈ 1926 ਦਾ ਏੜ ਗੇੜ ਸੀ। ਓਦੋਂ ਉਹ ਕਾਫੀ ਵਡੇਰੀ ਉਮਰ ਦੇ ਸਨ, ਪਰ ਉਹਨਾਂ ਦੇ ਗਲੇ ਵਿਚ ਇਕ ਅਜੀਬ ਰਸ ਸੀ, ਕਿ ਸ਼ਬਦ ਸੰਗੀਤ ਗਮਕਾ ਨਾਲ ਗਲਵਕੜੀ ਹੁੰਦੇ ਜਾਦੂ ਧੂੜਦੇ ਜਾਪਣ ਲਗ ਪੈਂਦੇ ਸਨ। ਉਹਨਾਂ ਦੇ ਨੇਤਰਾਂ ਵਿਚ ਅਸਚਰਜ

Sri Satguru Jagjit Singh Ji Elibrary NamdhariElibrary@gmail.com

ਜਹੀ ਕੋਈ ਚਮਕ ਸੀ, ਜੋ ਸਰੋਤਿਆਂ ਦੇ ਮਨਾਂ ਨੂੰ ਥਦੋਂ ਬਦੀ ਪ੍ਰਭਾਵਤ ਕਰਦੀ ਸੀ। ਨਿਕੀ ਨਿਕੀ ਸੁਰ ਵਿਚ ਬੜੇ ਠਰ੍ਹੰਮੇ ਤੇ ਰਸਿਕ ਸੁਆਦ ਨਾਲ ਭਰਪੂਰ ਹੋ ਕੇ ਉਹ ਗੁਰੂ ਸ਼ਬਦਾਂ ਦਾ ਕੀਰਤਨ ਕਰਦੇ ਸਨ। ਵਧੀਕ ਰਸ ਆ ਜਾਏ ਤਾਂ ਨਿਕਾ ਨਿਕਾ ਹਲੋਰੀਆਂ ਲੈਂਦਾ ਨਿਰਤ ਵੀ ਕਰਦੇ ਸਨ। ਸੰਗੀਤ ਦੀ ਉਹਨਾਂ ਨੂੰ ਬਹੁਤ ਸੂਝ ਜਾਪਦੀ ਸੀ। ਰਸ ਵਿਚ ਝੂਲ੍ਹਦੇ ਹੋਏ ਤਾਲੀ ਵੀ ਵਜਾਉਂਦੇ ਸਨ। ਮੈਨੂੰ ਉਹਨਾਂ ਦੇ ਦੀਵਾਨਾਂ ਵਿਚ ਆਪਾ ਭੁਲ ਜਾਣ ਜਿੰਨਾ ਸਰੂਰ ਆਉਂਦਾ ਸੀ। ਸੰਤ ਆਪ ਗੁਰੂ ਮਿਹਰਾਂ ਸਦਕਾ ਸੁਆਦ ਸਾਕਾਰ ਸਨ ਤੇ ਉਹ ਜਿਥੇ ਵੀ ਬੈਠਦੇ, ਬੋਲਦੇ ਤੇ ਕੁਹਕਦੇ ਸਨ, ਉਥੇ ਹੀ ਬੈਕੁੰਠ ਦੇ ਧਰਤੀ ਉਤੇ ਦਰਸ਼ਨ ਹੋਣ ਲਗ ਪੈਂਦੇ ਸਨ।

ਮੈਂ ਉਹਨਾਂ ਨੂੰ ਸਤਿਗੁਰੂ ਦੇ ਹਜ਼ੂਰ ਮਸਤ ਅਲਮਸਤੀ ਲਟਕ ਵਿਚ ਕੀਰਤਨ ਕਰਦਿਆਂ ਤੇ ਉਚੇ ਸੰਕੇਤ ਸੁਣਦੇ ਵੇਖਦਾ ਰਿਹਾ ਹਾਂ।

ਸ੍ਰੀ ਭੈਣੀ ਸਾਹਿਬ ਨਾਲ ਵੀ ਮੇਰੇ ਸੰਬੰਧ ਢੇਰ ਚਿਰ ਦੇ ਹਨ। ਮੈਂ ਕਵੀ ਹਾਂ ਤੇ ਮੇਰੇ ਜੀਵਨ ਦੇ ਹਰ ਹਿਸੇ ਵਿਚ ਕਵੀਆਂ ਵਾਲੀ ਜਗਤ ਤੋਂ ਨਿਆਰੀ ਲਟਕ ਰਹੀ ਹੈ — "ਐ ਰੋਸ਼ਨੀਏ ਤਬਾਅ ਤੂ ਬਰ ਮਨ ਬਲਾ ਸ਼ੁਦੀ" (ਹੇ ਮੇਰੀ ਅਕਲੇ! ਤੂੰ ਮੇਰੇ ਲਈ ਬੜਾ ਪਾਕ ਹੋ ਕੇ ਢੁਕੀ ਏਂ) ਵਾਲੀ ਗਲ ਮੇਰੇ ਨਾਲ ਹੋਈ ਹੈ। ਮੈਂ ਸਮਝਦਾ ਹਾਂ ਕਿ ਮੈਂ ਸਦੀਆਂ ਪਹਿਲਾਂ ਏਸ ਸਰੀਰ ਵਿਚ ਆ ਗਿਆ ਹਾਂ। ਆਮ ਸੰਸਾਰੀ ਭਾਈਚਾਰੇ ਵਿਚ ਮੈਂ ਵਧੀਕ ਨਹੀਂ ਪਚ ਫੈਲ ਸਕਿਆ।

ਨਾਮਧਾਰੀ ਪੰਥ ਵਿਚ ਮੇਰੇ ਵਰਗਿਆਂ ਲਈ ਵੀ ਥਾਂ ਹੈ। ਇਹ ਦੀਵਾਨਿਆਂ ਮਸਤਾਨਿਆਂ ਦਾ ਪੰਥ ਹੈ। ਮਸਤਾਨਾ ਕਵੀ ਮਸਤਾਨਿਆਂ ਦੇ ਨੇੜੇ ਜਾਣ ਸਾਰ ਇੰਜ ਅਨੁਭਵ ਕਰਨ ਲਗ ਪਿਆ ਕਿ ਇਹ ਭਾਈਚਾਰਾ ਤਾਂ ਮੇਰਾ ਆਪਣਾ ਹੈ। ਇਥੇ ਨਿਰੀ ਚਮੜੀ ਤੀਕ ਹੀ ਨਜ਼ਰ ਨਹੀਂ ਜਾਂਦੀ, ਉਹ ਦਿਲਾਂ ਦੀਆਂ ਅੰਤਲੀਆਂ ਤੈਹਾਂ ਤੀਕ ਪਹੁੰਚਦੀ ਹੈ। ਹਾਂ, ਏਥੇ ਦਿਲਾਂ ਦੇ ਸੌਦੇ ਕਰਨ ਵਾਲੇ ਹਨ। ਦਿਲ ਲੈਣ ਵਾਲੇ ਵੀ ਤੇ ਦਿਲ ਦੇਣ ਵਾਲੇ ਵੀ।

ਇਹ ਉਹ ਦਰਬਾਰ ਹੈ, ਜਿਥੇ ਉਹੋ ਸੁਚਾ ਅਖੰਡ ਹਰੀ ਕੀਰਤਨ ਹੁੰਦਾ ਹੈ, ਜੋ ਮੈਂ ਸਮਝਦਾ ਤੇ ਆਪਣੀ ਕਲਪਣਾਂ ਵਿਚੋਂ ਅਨੁਭਵ ਕਰਦਾ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਤੇ ਦੀਵਾਨਾਂ ਵਿਚ ਹੁੰਦਾ ਸੀ। ਕੀਰਤਨ ਨੂੰ ਕਲੀ ਦਾ ਅਧਾਰ ਮੰਨਿਆ ਗਿਆ ਹੈ। ਕੀਰਤਨ ਦਾ ਮਤਲਬ ਇਹ ਹੈ ਕਿ ਗੁਰੂ ਕੇ ਸ਼ਬਦ ਕਿਸੇ ਅਸਚਰਜ ਤਾਸੀਰ ਹੇਠ ਮਨਾਂ ਉਤੇ ਅੰਕੇ ਜਾਣ। ਹਿਰਦੇ ਤਾਰਾਂ ਨੂੰ ਝੁਨਝੁਨਾ ਦੇਣ। ਬਾਣੀ ਦੇ ਸ਼ਬਦਾਂ ਦੀ ਅਦਾਇਗੀ ਸਪਸ਼ਟ ਹੋਵੇ ਤੇ ਬਾਣੀ ਦੇ ਭਾਵਾਂ ਨੂੰ ਕੀਰਤਨ ਕਰਨ ਵਾਲਾ ਸੰਗੀਤ ਸਰਗਮਾਂ ਵਿਚੋਂ ਨਿਖੇੜ ਨਿਖੇੜ ਵਿਖਾਉਂਦਾ ਪ੍ਰਤੀਤ ਹੋਵੇ।

ਨਾਮਧਾਰੀ ਦੀਵਾਨਾਂ ਵਿਚ ਪੰਥ ਦੇ ਆਦਰਸ਼ ਗੁਰੂ ਜੀ ਆਪ ਕੀਰਤਨ ਵਿਚ ਸ਼ਾਮਲ ਹੁੰਦੇ ਹਨ। ਮਹਾਰਾਜ ਜੀ ਨੂੰ ਗੁਰਮਤ ਸੰਗੀਤ ਦੀ ਅਲੌਕਿਕ ਸੂਝ ਹੈ। ਬਿਰਧ ਹੋ ਜਾਣ ਕਰਕੇ ਉਹਨਾਂ ਦਾ ਗਲਾ ਪੂਰੀ ਤਰਾਂ ਕੰਮ ਨਹੀਂ ਕਰਦਾ, ਪਰ ਜਿਸ ਰੰਗ ਤੇ ਰਸ ਵਿਚ ਡੂਬੇ ਉਹ ਕੀਰਤਨ ਕਰਨ ਜਾਂ ਸੁਣਨ ਲਗੇ ਉਹ ਜਾਪਦੇ ਹਨ, ਉਨਾਂ ਦੀ ਦੂਜੀ ਮਿਸਾਲ ਕਿਧਰੇ ਨਹੀਂ ਮਿਲੇਗੀ। ਪੂਰੇ ਨੇਮ ਨਾਲ ਤ੍ਰਪਹਿਰਾ ਬੀਤਦਿਆਂ ਹੀ ਉਹ ਜਾਗ ਪੈਂਦੇ ਹਨ। ਫੇਰ ਇਸ਼ਨਾਨ ਕਰਕੇ ਰੋਜ਼ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਦੇ ਤੇ ਸੰਗਤਾਂ ਨੂੰ ਅੰਮ੍ਰਿਤ ਉਪਦੇਸ਼ ਦੇਂਦੇ ਹਨ। ਬੜੇ ਮਿਠੇ, ਲੁਭਾਉਣੇ ਤੇ ਅਸਲ ਵਾਲੇ ਢੰਗ ਨਾਲ, ਮੈਂ ਉਹਨਾਂ ਨੂੰ ਨਾਮਧਾਰੀ ਇਤਿਹਾਸ ਦੀ ਕਥਾ ਕਰਦਿਆਂ ਵੀ ਸੁਣਿਆ ਹੈ। ਉਹਨਾਂ ਦੀ ਮਹਾਨ ਵਡੀ ਵਿਅਕਤੀ ਵਿਚ ਮਾਨਵਤਾ ਦੀਆਂ ਕਿੰਨੀਆਂ ਹੀ ਉਚਤਾਈਆਂ ਸਹਿਜੇ ਸਹਿਜੇ ਨਜ਼ਰ ਆਉਣ ਲਗ

Sri Satguru Jagjit Singh Ji Elibrary NamdhariElibrary@gmail.com

ਪੈਂਦੀਆਂ ਹਨ। ਉਹ ਬੜੇ ਗੁਣ ਗ੍ਰਾਹਕ, ਸਪਸ਼ਟ ਵਾਦੀ ਖਰੇ ਖਰੇ ਅਤੇ ਉਦਾਰਤਾ ਵਾਲਾ ਖੁਲਾ ਸੁਭਾਅ ਰਖਣ ਵਾਲੇ ਹਨ। ਮੇਰੇ ਵਿਚ ਅਨੇਕਾਂ ਭੁਲਾਂ ਤੇ ਔਗੁਣ ਹਨ ਪਰ ਉਹਨਾਂ ਨੇ ਮੈਨੂੰ ਫੇਰ ਵੀ ਆਪਣਾ ਪਿਆਰ ਦਿਤਾ। ਕਈ ਵੇਰ ਜਦ ਮੈਨੂੰ ਆਪਣੇ ਸੰਸਾਰੀ ਜੀਵਨ ਵਿਚ ਔੜ-ਸੋੜ ਆਉਦੀ ਰਹੀ ਹੈ ਤਾਂ ਉਹਨਾਂ ਨੇ ਸਦਾ ਹੀ ਮੈਨੂੰ ਆਪਣੀ ਹਮਦਰਦੀ ਅਤੇ ਆਪਣੇ ਪਿਆਰ ਨਾਲ ਨਿਵਾਜਿਆ। ਮੈਂ ਜਿਹੋ ਜਿਹਾ ਵੀ ਸਾਂ, ਉਹਨਾਂ ਨੂੰ ਕਬੂਲ ਹੋਇਆ। ਉਹਨਾਂ ਦਾ ਇਹ ਪਿਆਰ ਮੇਰੇ ਜੀਵਨ ਲਈ ਸਭ ਤੋਂ ਵਧ ਮਾਣ ਵਾਲੀ ਗਲ ਹੈ। ਇਸ ਪਿਆਰ ਦੇ ਅਸਰ ਥਲੇ ਹੀ ਮੈਂ ਸਮੇਂ ਸਮੇਂ ਤਿਲ ਫੁਲ "ਸਤਿਜੁਗ" ਦੀ ਸੇਵਾ ਕਰਦਾ ਰਿਹਾ ਹਾਂ। ਸ੍ਰੀ ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ' ਸ੍ਵਰਗੀ ਸੰਤ ਨਿਧਾਨ ਸਿੰਘ ਜੀ 'ਆਲਿਮ' ਸ੍ਵਰਗੀ ਸੰਤ ਭੂਰੀ ਵਾਲੇ, ਸ੍ਵਰਗੀ ਸੰਤ ਮੰਗਲ ਸਿੰਘ ਜੀ 'ਅਰਸ਼ੀ-ਫਰਿਸ਼ਤੇ' ਸ੍ਵਰਗੀ ਸ੍ਰ ਆਤਮਾ ਸਿੰਘ ਜੀ ਰਾਵਲ ਪਿੰਡੀ, ਸੰਤ ਫਤਿਹ ਸਿੰਘ ਜੀ ਮਾਂਗਾ, ਸ੍ਵਰਗੀ ਸੰਤ ਹਰਨਾਮ ਸਿੰਘ ਜੀ ਚਵਿੰਡੇ ਵਾਲੇ, ਸੰਗੀਤਾਚਾਰਯ ਮੇਰੇ ਪਹਿਲੇ ਨਿਕਟ ਵਰਤੀਆਂ ਤੇ ਮਿਹਰਵਾਨਾਂ ਵਿਚੋਂ ਸਨ। ਇਸ ਵੇਰਾਂ ਕਈ ਹੋਰ ਮਾਨਯੋਗ ਹਸਤੀਆਂ ਦੇ ਦਰਸ਼ਨ ਕਰ ਆਇਆ ਹਾਂ। ਮੈਂ ਫੇਰ ਅਨੁਭਵ ਕਰ ਆਇਆ ਹਾਂ ਕਿ ਏਥੇ ਹੀ ਉਹ ਮੇਰੇ ਆਪਣੇ ਹਨ ਜਿਨਾਂ ਪਾਸੋਂ ਮੈਨੂੰ ਆਪਣਿਆਂ ਵਾਲਾ ਪਿਆਰ ਮਿਲਦਾ ਹੈ। ਭੈਣੀ ਸਾਹਿਬ ਤੇ ਜੀਵਨ ਨਗਰ ਮਾਨਵਤਾ ਦੇ ਤੀਰਥ ਹਨ। ਏਥੇ ਨਾਮ ਵਿਚ ਇਸਥਿਤ ਆਤਮਾਵਾਂ ਵਿਚਰਦੀਆਂ ਹਨ, ਇਹ ਤਪੋ-ਭੂਮੀਆਂ ਹਨ। ਇਹਨਾਂ ਦੇ ਕਿਣਕੇ-ਕਿਣਕੇ ਨੂੰ ਮੈਂ ਲੱਖ ਲੱਖ ਪ੍ਰਨਾਮ ਕਰਦਾ ਹਾਂ।

---------o----------

Sri Satguru Jagjit Singh Ji Elibrary NamdhariElibrary@gmail.com

ਜਬ ਰੂਸ ਪੰਜਾਬੈ ਆਵੈ

ਕਾਮਰੇਡ ਅਰਜਨ ਸਿੰਘ ਜੀ ਗੜਗਜ

ਅਜ ਇਹ ਗਲ ਸਿਧ ਹੋ ਚੁਕੀ ਹੈ ਕਿ ਭਾਰਤ ਵਰਸ਼ ਨੂੰ ਅੰਗਰੇਜ਼ ਸਾਮਰਾਜੀਆਂ ਦੇ ਪੰਜੇ ਵਿਚੋਂ ਆਜ਼ਾਦ ਕਰਵਾਉਣ ਲਈ ਨਾਮਧਾਰੀ ਬਜ਼ੁਰਗ ਗੁਰੂ ਰਾਮ ਸਿੰਘ ਜੀ ਨੇ ਰੂਸ ਕੋਲੋਂ ਮਦਦ ਮੰਗੀ ਸੀ। ਜੇਹਾ ਕਿ ਸੋਵੀਅਤ ਯੂਨੀਅਨ ਦੀ ਨੀਊਜ਼ ਏਜੰਸੀ ਤਾਸ਼ ਨੇ ਦਸਿਆ ਹੈ। ਇਹਦਾ ਪਤਾ ਰੂਸ ਵਿਚ ਕੇਂਦਰੀ ਏਸ਼ੀਆ ਦੇ ਮੁਹਾਫਜ਼ਖਾਨਿਆਂ ਵਿਚੋਂ ਮਿਲੀਆਂ ਦਸਤਾਵੇਜ਼ਾਂ ਤੋਂ ਲਗਦਾ ਹੈ। ਇਸ ਗਲ ਨੇ ਓਸ ਪੁਰਾਤਨ ਤੁਕ ਨੂੰ ਮੁੜ ਸਾਹਮਣੇ ਲੈ ਆਂਦਾ ਤੇ ਸਚਾ ਸਾਬਤ ਕਰ ਦਿਤਾ ਹੈ ਜੇਹੜੀ "ਜਬ ਰੂਸ ਪੰਜਾਬੈ ਆਵੈ" ਕਰਕੇ ਚਰੋਕਣੀ ਮੂੰਹ ਚੜ੍ਹੀ ਹੋਈ ਹੈ।

ਤਾਸ ਏਜੰਸੀ ਨੇ ਲਿਖਿਆ: "ਦਸਤਾਵੇਜ਼ਾਂ ਵਿਚ ਦਸਿਆ ਗਿਆ ਹੈ ਕਿ 1879 ਸੰਨ ਵਿਚ ਗੁਰੂ ਬਾਬਾ ਰਾਮ ਸਿੰਘ ਜੀ ਦੀ ਇਕ ਚਿਠੀ ਲੈ ਕੇ ਸਿਖ ਏਲਚੀ ਗੁਰਚਰਨ ਸਿੰਘ ਕੇਂਦਰੀ ਏਸ਼ੀਆ ਦੇ ਰੂਸੀ ਗਵਰਨਰ ਜਨਰਲ ਕੋਲ ਪੁਜਿਆ।"

ਅੰਗਰੇਜ਼ਾਂ ਨੇ ਗੁਰੂ ਬਾਬਾ ਜੀ ਨੂੰ ਰੰਗੂਨ ਜਲਾਵਤਨ ਕੀਤਾ ਹੋਇਆ ਸੀ। ਇਸ ਲਈ ਖਿਆਲ ਕੀਤਾ ਜਾਂਦਾ ਹੈ ਕਿ ਉਨਾਂ ਦਾ ਏਲਚੀ ਕੇਂਦਰੀ ਏਸ਼ੀਆ (ਬਰਮਾ) ਤੋਂ ਹੀ ਗਿਆ ਹੋਵੇਗਾ। ਇਹ ਚਿਠੀ ਹਿੰਦੁਸਤਾਨੀ ਕਾਗਜ਼ ਉਪਰ ਪੰਜਾਬੀ ਵਿਚ ਪੁਰਾਣੀ ਸ਼ਿਕਸ਼ਤਾ ਲਿਪੀ ਵਿਚ ਲਿਖੀ ਹੋਈ ਦਸੀ ਗਈ ਹੈ।

ਗੁਰੂ ਰਾਮ ਸਿੰਘ ਨੇ ਜੇਹੜੀ ਚਿਠੀ ਰੂਸੀ ਗਵਰਨਰ ਨੂੰ ਘਲੀ ਸੀ, ਉਸ ਵਿਚ ਉਨ੍ਹਾਂ ਇਹ ਤਜਵੀਜ਼ ਰਖੀ ਕਿ ਰੂਸੀ ਅਤੇ ਉਹ (ਨਾਮਧਾਰੀ) ਰਲਕੇ ਅੰਗਰੇਜ਼ਾਂ ਵਿਰੁਧ ਫੌਜੀ ਕਾਰਵਾਈ ਕਰਨ ਉਹਨਾਂ ਲਿਖਿਆ, "ਜੇ ਰੂਸੀ ਹਮਲਾ ਕਰਨ ਤਾਂ ਉਹ ਪੰਜਾਬ ਵਿਚ ਆਪਣੇ ਸਿਖਾਂ ਨਾਲ ਉਹਨਾਂ ਦੀ ਮਦਦ ਕਰਨਗੇ।"

ਗੁਰੂ ਬਾਬਾ ਰਾਮ ਸਿੰਘ ਜੀ ਨੇ ਰੂਸ ਨੂੰ ਇਹ ਚਿਠੀ ਕਿਉਂ ਲਿਖੀ? ਜ਼ਾਹਰ ਹੈ ਕਿ ਉਹ ਸਮਝਦੇ ਹੋਣਗੇ ਕਿ ਭਾਰਤ ਵਰਸ਼ ਵਿਚ ਅਜੇ ਏਨੀ ਜਾਗਰਤੀ ਅਤੇ ਸੂਝ ਪੈਦਾ ਨਹੀਂ ਹੋਈ, ਅਜੇ ਗੁਲਾਮੀ ਦੇ ਸੋਕ ਨੇ ਆਮ ਲੋਕਾਂ ਨੂੰ ਏਨਾ ਤਾਅ ਨਹੀਂ ਮਹਿਸੂਸ ਕਰਵਾਇਆ ਕਿ ਹਰ ਹਿੰਦੁਸਤਾਨੀ ਇਕ ਦਮ ਅੰਗਰੇਜ਼ੀ ਚੁਲਾ ਲਾਹ ਕੇ ਵਗਾਹ ਮਾਰਨ ਲਈ ਉਠ ਖੜ੍ਹਾ ਹੋਵੇ। ਪਰ ਉਹਨਾਂ ਦੀ ਆਜ਼ਾਦੀ ਦੀ ਖਾਹਸ਼ ਤੇ ਤੀਬਰਤਾ ਨੇ ਉਨਾਂ ਨੂੰ ਇਹ ਸੁਝਾਇਆ ਹੋਵੇਗਾ ਕਿ ਭਾਵੇਂ ਗੁਲਾਮੀ ਵਿਰੁਧ ਸੂਝ ਤੇ ਜਾਗਰਤੀ ਅਜੇ ਬਹੁਤ ਹੀ ਸੌੜੀ ਹੈ ਤਾਂ ਵੀ ਸੂਝਵਾਨ ਬਣ ਚੁਕੇ ਤੇ ਜਾਗਰਤ ਵਿਚ ਆ ਚੁਕੇ ਲੋਕਾਂ ਦਾ ਭਾਂਵੇ ਉਹ ਉਂਗਲਾਂ ਤੇ ਗਿਣੇ ਜਾਣ ਜੋਗੇ ਹੀ ਕਿਉਂ ਨਾ ਹੋਣ, ਫਰਜ਼ ਹੈ ਕਿ ਉਹ ਆਪਣੇ ਪਿਆਰੇ ਦੇਸ਼ ਦੀ ਆਜ਼ਾਦੀ ਲਈ ਅਹੂਤੀਆਂ ਪਾ ਦੇਣ। ਏਸ ਸੂਝ ਤੇ ਜਾਗ੍ਰਤੀ ਨੇ ਗੁਰੂ ਰਾਮ ਸਿੰਘ ਜੀ ਨੂੰ ਐਨ ਉਸੇ ਤਰਾਂ ਕਰਨ ਲਈ (ਰੂਸ ਤੋਂ ਮਦਦ ਹਾਸਲ ਕਰਨ ਲਈ) ਪਰੇਰਿਆ ਜਿਵੇਂ ਦੂਜੀ ਵਡੀ ਜੰਗ ਸਮੇਂ ਸ੍ਰੀ ਸੁਭਾਸ਼ ਚੰਦਰ ਬੋਸ ਦੀ ਸੂਝ ਤੇ ਜਾਗਰਤੀ ਨੇ ਉਨਾਂ ਨੂੰ ਹਿਟਲਰ ਤੇ ਟੋਜੋ ਤੋਂ ਮਦਦ ਲੈਣ ਲਈ ਪਰੇਰਿਆ ਸੀ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸੁਭਾਸ਼ ਚੰਦਰਬੋਸ ਵਲੋਂ ਹਿਟਲਰ ਤੇ ਟੋਜੋ ਤੋਂ ਮਦਦ ਦੀ ਆਸ ਨੂੰ ਦੇਸ਼ ਦੇ ਅਗਾਂਹ ਵਧੂ ਤੇ ਸੂਝਵਾਨ ਹਿਸੇ ਚੰਗਾ ਨਹੀਂ ਸਨ ਸਮਝਦੇ ਕਿਉਂ ਕਿ ਫਾਸ਼ਿਸਟਾਂ ਤੋਂ ਕਦੇ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਕਿਸੇ ਦੇਸ਼ ਨੂੰ ਸਹੀ ਮਾਅਨਿਆਂ ਵਿਚ ਆਜ਼ਾਦੀ ਦਵਾ ਜਾਂ ਦੇ ਸਕਦੇ ਹਨ। ਇਹੋ ਕਾਰਨ ਸੀ ਕਿ ਪੰਡਤ ਜਵਾਹਰ ਲਾਲ ਨੇ 1941 ਵਿਚ ਇਕ ਤਕਰੀਰ ਕੀਤੀ ਸੀ ਜਿਸਦਾ ਭਾਵ ਸੀ ਇਹ ਸੀ ਕਿ ਜੇ ਸੁਭਾਸ਼ ਬਾਬੂ ਵੀ ਫਾਸ਼ਿਸਟਾਂ ਨੂੰ ਲੈ ਕੇ ਹਿੰਦ ਤੇ ਚੜ੍ਹ ਆਏ ਤਾਂ ਮੈਂ ਤਲਵਾਰ ਲੈ ਕੇ ਹਿੰਦੁਸਤਾਨ ਦੀ ਰਾਖੀ ਲਈ ਉਨਾਂ ਵਿਰੁਧ ਲੜਾਂਗਾ। ਇਹ ਸੀ ਫਾਸ਼ਿਸਟਾਂ ਵਿਰੁਧ ਹਿੰਦੁਸਤਾਨ ਦੇ ਅਗੇ ਵਧੂ ਤੇ ਤਿਖੇਰੀ ਸੂਝ ਰਖਣ ਵਾਲੇ ਅਨਸਰਾਂ ਦਾ ਰਵਯਾ ਅਤੇ ਹਿਟਲਰ ਟੋਜੋ ਤੇ ਮਸੋਲੀਨੀ, ਇਹ ਫਾਸਿਸਟ ਤਰਿਕੜੀ ਸੀ। ਦੂਜੀ ਵਡੀ ਜੰਗ ਵਿਚ ਏਸ ਤਰਿਕੜੀ ਵਲੋਂ ਗੁਲਾਮ ਬਣਾਏ ਗਏ ਦੇਸ਼ਾਂ ਉਤੇ ਘੋਰ ਅਤਿਆਚਾਰਾਂ ਵਿਰੁਧ ਹਾ-ਹਾ ਕਾਰ ਦੀ ਆਵਾਜ਼ ਸਾਰੀ ਦੁਨੀਆਂ ਵਿਚ ਉਠ ਖਲੋਤੀ ਸੀ। ਏਸੇ ਫਾਸ਼ਿਸਟ ਤਰਿਕੜੀ - ਹਿਟਲਰ, ਟੋਜੋ ਤੇ ਮਸੋਲੀਨੀ ਵਿਰੁਧ ਜਜ਼ਬਾ ਪ੍ਰਗਟਾਉਦਿਆਂ ਭਾਰਤ ਦੀ ਸਭ ਤੋਂ ਵਡੀ ਰਾਜਸੀ ਜਥੇਬੰਦੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਆਪਣੇ 8 ਅਗਸਤ 1942 ਦੇ ਪ੍ਰਸਿਧ "ਕਰੋ ਜਾਂ ਮਾਰੋ" ਦੇ ਮਤੇ ਵਿਚ ਇਉਂ ਲਿਖਿਆ ਸੀ:

"ਕਮੇਟੀ ਏਸ ਗਲ ਵਲੋਂ ਚੇਤੰਨ ਹੈ ਕਿ ਕਿਸੇ ਵੀ ਤਰਾਂ ਚੀਨ ਜਾਂ ਰੂਸ ਦੇ ਡੀਫੈਂਸ (ਬਚਾਅ) ਨੂੰ, ਜਿਨਾਂ ਦੀ ਆਜ਼ਾਦੀ ਬੜੀ ਕੀਮਤੀ ਹੈ, ਅਤੇ ਉਸ ਦੀ ਜ਼ਰੂਰ ਰਾਖੀ ਹੋਣੀ ਚਾਹੀਦੀ ਹੈ ਜਾਂ ਇਤਹਾਦੀ ਕੌਮਾਂ ਦੀ ਡੀਫੈਂਸ (ਬਚਾਅ) ਦੀ ਸ਼ਕਤੀ ਲਈ ਖਤਰਾ ਪੈਦਾ ਨਹੀਂ ਕਰਨਾ ਚਾਹੀਦਾ। (ਕਾਂਗਰਸ ਵਰਕਿੰਗ ਕਮੇਟੀ ਦੇ 8 ਅਗਸਤ 1942 ਦੇ ਮਤੇ ਵਿਚੋਂ) ਏਸੇ ਹੀ ਤਰਿਕੜੀ (ਫਾਸ਼ਿਸਟ ਟੋਲੇ) ਵਿਰੁਧ ਸ੍ਰੀ ਗਾਂਧੀ ਜੀ ਦਾ ਦਾਹਵਾ ਸੀ ਕਿ ਉਹਨਾਂ ਦੀ ਇਤਹਾਦੀਆ (ਬਰਤਾਨੀਆਂ, ਫਰਾਂਸ, ਅਮਰੀਕਾ, ਰੂਸ ਤੇ ਚੀਨ) ਦੇ ਫਾਸ਼ਿਜ਼ਮ ਵਿਰੁਧ ਕਾਜ਼ ਨਾਲ ਅਖਲਾਕੀ ਹਮਦਰਦੀ ਹੈ।

ਸਾਫ ਹੈ ਕਿ ਫਾਸ਼ਿਸਟਾਂ ਦੀ ਕਿਸੇ ਤਰਾਂ ਦੀ ਮਦਦ ਵੀ ਹਿੰਦ ਲਈ ਖਤਰਨਾਕ ਸਮਝੀ ਗਈ ਸੀ ਤੇ ਹੈ ਵੀ ਠੀਕ ਸੀ। ਪਰ ਗੁਰੂ ਬਾਬਾ ਰਾਮ ਸਿੰਘ ਜੀ ਵਲੋਂ ਅਜ ਤੋਂ ਪੌਣੀ ਸਦੀ ਪਹਿਲਾਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਰੂਸ ਨੂੰ ਦਿਤਾ ਗਿਆ ਪਤਰ ਹੋਰ ਹੀ ਮਹਾਨਤਾ ਰਖਦਾ ਹੈ। ਇਸ ਕਰਕੇ ਉਹ ਅਜ ਵੀ ਬਾਬਾ ਜੀ ਦੀ ਅਨਿੰਨ ਦੇਸ਼ ਭਗਤੀ ਦਾ ਸੂਚਕ ਜ਼ਾਹਰ ਹੋ ਰਿਹਾ ਹੈ ਕਿਉਂ ਕਿ:—

(1) ਓਸ ਵੇਲੇ ਦਾ ਰੂਸ ਭਾਵੇਂ ਅਜ ਦਾ ਲੋਕ ਜਮਹੂਰੀ ਰੂਸ ਨਹੀਂ ਸੀ ਪਰ ਸਾਮਰਾਜ ਦੀ ਅੰਤਲੀ ਸ਼ਕਲ — ਫਾਸ਼ਿਸ਼ਟ ਵੀ ਨਹੀਂ ਸੀ। ਹਾਂ ਅੰਗਰੇਜ਼ ਸਾਮਰਾਜ ਦਾ ਇਕ ਸ਼ਰੀਕ ਜ਼ਰੂਰ ਸੀ ਜਿਸਨੂੰ ਆਪਣਾ ਸ਼ਰੀਕਾ ਕਢਣ ਦਾ ਇਕ ਮੌਕਾ ਮਿਲ ਸਕਦਾ ਸੀ ਤੇ ਹਿੰਦ ਨੂੰ ਵੀ ਲਾਭ ਪੁਜਣ ਦੀ ਆਸ ਹੋ ਸਕਦੀ ਸੀ।

(2) ਓਸ ਸਮੇਂ ਭਾਰਤ ਵਾਸੀਆਂ ਵਿਚ ਏਨੀਂ ਜਾਗਰਤੀ ਤੇ ਸੂਝ ਪੈਦਾ ਨਹੀਂ ਸੀ ਹੋਈ, ਜਿੰਨੀ ਦੂਜੀ ਵਡੀ ਜੰਗ ਸਮੇਂ ਹੋ ਚੁਕੀ ਸੀ।

(3) ਨਾ ਸਿਰਫ ਵਡੇ ਪੈਮਾਨੇ ਤੇ ਜਾਗ੍ਰਤੀ ਤੇ ਸੂਝ ਹੀ ਪੈਦਾ ਹੋ ਚੁਕੀ ਸੀ, ਸਗੋਂ ਬਾਬਾ ਰਾਮ ਸਿੰਘ ਜੀ ਦੇ ਸਮੇਂ ਨਾਲੋਂ ਦੂਜੀ ਵਡੀ ਜੰਗ ਸਮੇਂ ਕਿਤੇ ਵਧੀਕ ਲੋਕ ਆਪਣੇ ਦੇਸ਼ ਲਈ ਅਹੂਤੀਆਂ ਦੇ ਚੁਕੇ ਤੇ ਦੇ ਰਹੇ ਸਨ।

(4) ਨਾ ਸਿਰਫ ਲੋਕ ਕੁਰਬਾਨੀ ਹੀ ਕਰਦੇ ਸਨ, ਸਗੋਂ ਪੂਰੀ ਤਰਾਂ ਜਥੇਬੰਦ ਹੋ ਚੁਕੇ ਸਨ।

Sri Satguru Jagjit Singh Ji Elibrary NamdhariElibrary@gmail.com

(੫) ਸਭ ਤੋਂ ਵਧੀਕ ਇਹ ਕਿ ਓਸ ਵੇਲੇ ਨਾਲੋਂ ਹੁਣ ਦੇ ਵੇਲਿਆਂ ਵਿਚ ਵਿਦਿਅਕ ਤੇ ਤੇ ਵੀ ਰਾਜਸੀ ਸੂਝ ਦਾ ਪਛੜੇਵਾਂ ਕਾਫੀ ਦੂਰ ਹੋ ਚੁਕਾ ਸੀ।

(6) ਬਾਬਾ ਰਾਮ ਸਿੰਘ ਜੀ ਨੂੰ ਇਸ ਗਲ ਦਾ ਨਿਸਚਾ ਸੀ ਕਿ ਰੂਸੀ ਸਾਨੂੰ ਆਜ਼ਾਦ ਕਰਾਉਣ ਵਿਚ ਮਦਦ ਦੇਣਗੇ, ਉਨਾਂ ਨੂੰ ਹੋਰ ਕੋਈ ਲਾਲਚ ਨਹੀਂ ਹੋਵੇਗਾ। ਜੇਹਾ ਕਿ ਉਹਨਾਂ ਸੱਦਾ ਪਤਰ ਵਾਲੀ ਚਿਠੀ ਵਿਚ ਲਿਖਿਆ ਹੈ। ''ਹਿੰਦੀਆਂ ਨੂੰ ਪਤਾ ਹੈ ਕਿ ਰੂਸੀਆਂ ਨੂੰ ਹਿੰਦ ਦੀ ਲੋੜ ਨਹੀਂ, ਓਹ ਤਾਂ ਏਥੇ ਸਿਰਫ ਏਥੋਂ ਫਰੰਗੀਆਂ ਨੂੰ ਕਢਣ ਲਈ ਹੀ ਔਣਗੇ।''

ਭਾਵ ਇਹ ਕਿ ਗੁਰੂ ਬਾਬਾ ਰਾਮ ਸਿੰਘ ਜੀ ਵਲੋਂ ਇਸ ਵੇਲੇ ਦੇ ਰੂਸ ਨੂੰ ਸੱਦਾ ਦੇਸ਼ ਦੀ ਆਜ਼ਾਦੀ ਲਈ ਓਸ ਵੇਲੇ ਦੀ ਸੂਝ, ਜਾਗ੍ਰਤੀ ਤੇ ਹਾਲਾਤ ਨੂੰ ਮੁਖ ਰਖਕੇ ਬੜੀ ਮਹਾਨਤਾ ਰਖਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਓਨਾਂ ਰੂਸ ਕੋਲੋਂ ਹੀ ਮਦਦ ਕਿਉਂ ਮੰਗੀ?

ਇਸ ਕਰਕੇ ਕਿ ਓਸ ਵੇਲੇ ਅੰਗਰੇਜ਼ਾਂ ਤੇ ਰੂਸੀਆਂ ਵਿਚ ਕਾਫੀ ਇੱਟ ਖੜਕਾ ਸੀ ਅਤੇ ਰੂਸ ਤੇ ਹਿੰਦੁਸਤਾਨੀਆਂ ਦੀ ਸਰਹਦ ਪੁਰ ਅਫਗਾਨਿਸਤਾਨ ਵਿਚ ਅੰਗਰੇਜ਼ਾਂ ਅਤੇ ਅਫਗਾਨੀਆਂ ਵਿਚਕਾਰ ਲੜਾਈ ਹੋ ਗਈ ਸੀ।

ਅਫਗਾਨਿਸਤਾਨ ਥਾਣੀ ਔਂਦੇ ਹੋਏ ਬਾਬਾ ਰਾਮ ਸਿੰਘ ਜੀ ਦੇ ਏਲਚੀ ਭਾਈ ਗੁਰਚਰਨ ਸਿੰਘ ਜੀ ਦਾ ਵੀ ਕੁਝ ਪਤਾ ਨਹੀਂ ਲਗ ਸਕਿਆ।

ਉਕਤ ਰੂਸੀ ਦਸਤਾਵੇਜ਼ਾਂ ਤੋਂ ਇਹ ਗਲ ਵੀ ਮਿਲ ਸਕਦੀ ਹੈ ਕਿ ਗੁਰੂ ਰਾਮ ਸਿੰਘ ਜੀ ਨੂੰ ਆਪਣੇ ਏਸ ਮਕਸਦ ਵਿਚ ਸਫਲਤਾ ਨਹੀਂ ਹੋਈ, ਕਿਉਂ ਕਿ ਜੋੜ੍ਹਾ ਜਵਾਬ ਓਸ ਵੇਲੇ ਦੇ ਰੂਸੀ ਗਵਰਨਰ ਜਨਰਲ ਨੇ ਬਾਬਾ ਰਾਮ ਸਿੰਘ ਜੀ ਤੇ ਉਨਾਂ ਦੇ ਭਾਈ ਬੁਧ ਸਿੰਘ ਜੀ ਨੂੰ ਘਲਿਆ ਸੀ, ਉਹ ਟਾਲ ਮਟੋਲੇ ਵਾਲਾ ਸੀ। ਇਹ ਗਲ ਵੀ ਹੋ ਸਕਦੀ ਹੈ ਕਿ ਓਸ ਵੇਲੇ ਦੀ ਰੂਸੀ ਹਕੂਮਤ ਦਾ ਖਾਸਾ ਵੀ ਸਾਮਰਾਜੀ ਹੋਣ ਕਰਕੇ ਉਸਨੂੰ ਇਸ ਕੰਮ ਵਿਚ ਨਫਾ ਨਾ ਜਾਪਿਆ ਹੋਵੇ, ਜਾਂ ਇਉਂ ਕਹੋ ਕਿ ਬਾਬਾ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦੀ ਰੰਗਣ ਵਿਚ ਰੰਗੀ ਹੋਈ ਸੱਦਾ ਪਤਰ ਵਾਲੀ ਚਿਠੀ ਚੋਂ ਹੀ ਰੂਸੀ ਹਾਕਮਾਂ ਨੂੰ ਇਹ ਥੋ ਆ ਗਈ ਹੋਵੇ ਕਿ ਭਾਰਤ ਵਰਸ਼ ਅੰਗਰੇਜ਼ ਤੋਂ ਆਜ਼ਾਦ ਹੋਣ ਪਿਛੋਂ ਹੋਰ ਕਿਸੇ ਦਾ ਦਖਲ ਵੀ ਬਰਦਾਸ਼ਤ ਨਹੀਂ ਕਰੇਗਾ। ਇਸ ਲਈ ਉਨ੍ਹਾਂ ਟਾਲ ਹੀ ਦਿਤਾ ਹੋਵੇ।

ਅਜ ਪੌਣੀ ਸਦੀ ਪਿਛੋਂ ਇਸ ਗਲ ਦਾ ਕਿ ਰੂਸ ਨੂੰ ਮਦਦ ਲਈ ਗੁਰੂ ਬਾਬਾ ਰਾਮ ਸਿੰਘ ਜੀ ਨੇ ਯਾਦ ਕੀਤਾ ਸੀ, ਖੁਰਾ ਖੋਜ ਵੀ ਰੂਸ ਨੇ ਹੀ ਲਭਕੇ ਸਾਡੇ ਅਗਾੜੀ ਰਖਿਆ ਹੈ। ਪਰ ਓਸ ਵੇਲੇ ਦੇ ਰੂਸ ਵਿਚ ਤੇ ਅਜ ਦੇ ਰੂਸ ਵਿਚ ਫਰਕ ਹੈ, ਜ਼ਮੀਨ ਅਸਮਾਨ ਦਾ ਫਰਕ, ਦਿਨ ਤੇ ਰਾਤ ਦਾ ਫਰਕ ਉਸ ਵੇਲੇ ਦਾ ਰੂਸ ਸਾਮਰਾਜ, ਦਾ ਇਕ ਅੰਗ ਸੀ ਤੇ ਅਜ ਦਾ ਰੂਸ ਲੋਕ ਜਮਹੂਰੀ ਰਾਜ ਦਾ ਇਕ ਨਮੂਨਾਂ ਤੇ ਲੋਕਾਂ ਦਾ ਮਿਤਰ ਹੈ।

ਓਸ ਵੇਲੇ ਦੇ ਰੂਸੀ ਹਾਕਮ ਕਿਸੇ ਦੀ ਮਦਦ ਕਰਨ ਲਗਿਆਂ ਬਦਲਾ ਚਾਹੁੰਦੇ ਹੋਣਗੇ ਜਿਸ ਕਰਕੇ ਉਹ ਮਦਦ ਲਈ ਨਾ ਪਹੁੰਚੇ ਪਰ ਅਜ ਦਾ ਰੂਸ ਬਿਨਾਂ ਕਿਸੇ ਸ਼ਰਤ ਗੁਲਾਮ ਤੇ ਦਬਾਏ ਹੋਏ ਦੇਸ਼ਾਂ ਦੀ ਮਦਦ ਤੇ ਪਹੁੰਚਦਾ ਹੈ ਜਿਵੇਂ ਮਿਸਰ ਤੇ ਸੀਰੀਆ ਵਿਚ।

ਓਸ ਵੇਲੇ ਦਾ ਸਾਮਰਾਜੀ ਤੇ ਜ਼ਾਰਸ਼ਾਹੀ ਰੂਸ ਦੂਜੇ ਦੇਸ਼ਾਂ ਨੂੰ ਗੁਲਾਮ ਬਨੌਣ ਲਈ ਲੜਦਾ ਸੀ।

Sri Satguru Jagjit Singh Ji Elibrary NamdhariElibrary@gmail.com

ਪਰ ਅਜ ਦਾ ਰੂਸ ਗੁਲਾਮ ਤੇ ਦਬਾਏ ਹੋਏ ਦੇਸ਼ਾਂ ਨੂੰ ਆਜ਼ਾਦ ਕਰੰਦਾ ਹੈ। ਜਿਵੇਂ ਉਸਨੇ ਪੋਲੈਂਡ, ਰੋਮਾਨੀਆਂ, ਯੋਗੋਸਲਾਵੀਆ, ਜ਼ੈਚੋਸਲਵਾਕੀਆ, ਬਲਗਾਨੀਆ, ਹੰਗਰੀ, ਪੂਰਬੀ ਜਰਮਨੀ ਆਦਿ ਕਈ ਦੇਸ਼ਾਂ ਨੂੰ ਇਹਨਾਂ ਦੇ ਪੰਜੇ ਤੋਂ ਮੁਕਤ ਕਰਾਇਆ।

ਪੌਂਣੀ ਸਦੀ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਪਣੀ ਆਜ਼ਾਦੀਲਈ ਰੂਸ ਨੂੰ ਦਿਤਾ ਗਿਆ ਸੱਦਾ ਪਤਰ ਅਜ ਵੀ ਨਾਮਧਾਰੀ ਵੀਰਾਂ ਤੇ ਅਜ ਦੇ ਰੂਸ ਵਿਚ ਪਿਆਰ ਦੋਸਤੀ ਦੇ ਰਿਸ਼ਤੇ ਨੂੰ ਗੰਢਦਾ ਤੇ ਹੋਰ ਮਜ਼ਬੂਤ ਕਰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਰੂਸੀ ਪੰਜਾਬੀ ਸਬੰਧਾਂ ਦੇ ਇਤਿਹਾਸ ਵਿਚੋਂ

ਲੇਖਕ ਏ: ਗੌਰਬੋਵਸਕੀ, ਐਮ ਐਸਸੀ (ਇਤਿਹਾਸ)

17ਵੀਂ ਸਦੀ ਵਿਚ ਪੰਜਾਬ ਤੋਂ ਹਿੰਦ ਦੇ ਵਪਾਰੀਆਂ ਦੇ ਕਾਰਵਾਨ ਦਰਿਆ ਦੇ ਕੰਢੇ, ਈਰਾਨ ਦੇ ਮਾਰੂਥਲ ਵਿਚੋਂ ਅਤੇ ਅਫਗਾਨਿਸਤਾਨ ਦੇ ਪਹਾੜਾਂ ਉਪਰੋਂ ਔਖਾ ਤੇ ਬਿਖੜਾ ਰਾਹ ਤੈ ਕਰਕੇ ਰੂਸ ਆਇਆ ਕਰਦੇ। ਉਹ ਆਪਣੇ ਨਾਲ ਜ਼ਰੀ ਦਾ ਕਪੜਾ. ਕਸ਼ਮੀਰ ਦੀਆਂ ਸ਼ਾਲਾਂ ਅਤੇ ਹਿੰਦੁਸਤਾਨੀ ਦਸਤਕਾਰੀ ਦਾ ਸਾਮਾਨ ਲਿਆਇਆ ਕਰਦੇ।

ਰੂਸ ਵਿਚ ਪੰਜਾਬੀ ਵਪਾਰੀ ਵਧੇਰੇ ਦੋ ਸ਼ਹਿਰਾਂ ਮਾਸਕੋ ਅਤੇ ਅਸਤਰਖਾਨ ਵਿਚ ਰਹਿੰਦੇ ਸਨ। ਸਮੇਂ ਨਾਲ ਹਿੰਦੀਆਂ ਦੀ ਵਡੀ ਬਸਤੀ ਅਸਤਰਖਾਨ ਬਣ ਗਿਆ। ਇਥੇ ਹਿੰਦੁਸਤਾਨੀ ਵਪਾਰੀ ਇਕ ਵਿਸ਼ੇਸ਼ ਸਰਾਂ ਵਿਚ ਰਹਿੰਦੇ ਜਿਹੜੀ ਉਹਨਾਂ ਲਈ ਹੀ ਬਣਾਈ ਗਈ ਸੀ। ਉਹ ਆਪਣੇ ਰਵਾਜਾਂ ਤੇ ਧਾਰਮਕ ਰੀਤਾਂ ਤੇ ਚਲਦੇ। ਉਹਨਾਂ ਨੂੰ ਮੁਕੰਮਲ ਆਜ਼ਾਦੀ ਸੀ।

ਅਸਤਰਖਾਨ ਵਿਚ ਹਿੰਦੁਸਤਾਨੀ ਬਸਤੀ ਦੋ ਸੌ ਸਾਲ ਤੋਂ ਵਧ ਕਾਇਮ ਰਹੀ। ਪੁਰਾਣੀਆਂ ਦਸਤਾਵੇਜ਼ਾਂ ਅਤੇ ਹੋਰ ਸਾਧਨਾਂ ਤੋਂ ਇਸ ਸਬੰਧੀ ਰੋਚਕ ਵਾਕਫੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਅਸਤਰਖਾਨ ਦੀ ਹਿੰਦੁਸਤਾਨੀ ਬਸਤੀ ਵਿਚ ਵਧੇਰੇ ਪੰਜਾਬ ਅਤੇ ਰਾਜਿਸਥਾਨ ਦੇ ਲੋਕ ਸਨ। ਅਸਤਰਖਾਨ ਵਿਚ ਕਈ ਸਾਲ ਰਹਿਣ ਅਤੇ ਹੋਰਨਾਂ ਰੂਸੀ ਸ਼ਹਿਰਾਂ ਵਿਚ ਜਾਣ ਕਰਕੇ ਉਹ ਰੂਸੀ ਸਭਿਆਚਾਰ ਤੋਂ ਜਾਣੂੰ ਹੋ ਗਏ ਸਨ ਅਤੇ ਉਹਨਾਂ 'ਚੋਂ ਕਈਆਂ ਨੂੰ ਰੂਸੀ ਬਹੁਤ ਸੁਹਣੀ ਤਰਾਂ ਆਉਦੀ ਸੀ। ਇਹ ਕਿਹਾ ਜਾ ਸਕਦਾ ਹੈ ਕਿ ਅਸਤਰਖਾਨ ਦੀ ਬਸਤੀ ਜਿਹੜੀ 17ਵੀਂ ਸਦੀ ਵਿਚ ਕਾਇਮ ਹੋਈ ਰੂਸ ਅਤੇ ਹਿੰਦ ਨੂੰ ਜੋੜਨ ਵਾਲੀ ਇਕ ਕੜੀ ਸੀ।

ਅਸਤਰਖਾਨ ਦੇ ਅਧਿਕਾਰੀ ਅਕਸਰ ਹਿੰਦੁਸਤਾਨੀ ਵਪਾਰੀਆਂ ਦੇ ਭਰਪੂਰ ਤਜਰਬੇ ਅਤੇ ਗਿਆਨ ਦਾ ਲਾਭ ਉਠਾਉਦੇ। ਮਿਸਾਲ ਵਜੋਂ 1744 ਵਿਚ ਅਸਤਰਖਾਨ ਦੀ ਬੰਦਰਗਾਹ ਦੀ ਚੁੰਗੀ ਦੀ ਸਾਰਣੀ ਤਿਆਰ ਕਰਦੇ ਹੋਏ ਅਸਤਰਖਾਨ ਦੇ ਗਵਰਨਰ ਤਾਤੀਸ਼ਚੋਵ ਨੇ ਹਿੰਦੁਸਤਾਨੀ ਵਪਾਰੀ ਸੁਖਾਨੰਦ ਦੀ ਸਹਾਇਤਾ ਲਈ।

ਹਿੰਦੁਸਤਾਨੀ ਵਪਾਰੀਆਂ ਦੀਆਂ ਵਿਹਾਰੀ ਸਰਗਰਮੀਆਂ ਕਾਰਨ ਦੋਹਾਂ ਦੇਸ਼ਾਂ ਵਿਚਕਾਰ ਆਰਥਕ ਸਬੰਧਾਂ ਦੇ ਵਿਕਾਸ ਵਿਚ ਸਹਾਇਤਾ ਮਿਲਦੀ। ਰੂਸੀ ਹਕੂਮਤ ਹਰ ਤਰਾਂ ਹਿੰਦੁਸਤਾਨੀ ਵਪਾਰੀਆਂ ਦੀਆਂ ਸਰਗਰਮੀਆਂ ਦੀ ਸਹਾਇਤਾ ਕਰਦੀ ਅਤੇ ਉਹਨਾਂ ਨੂੰ ਉਤਸ਼ਾਹ ਦੇਂਦੀ। ਇਹਦਾ ਪ੍ਰਗਟਾਅ ਜ਼ਾਰ ਦੇ 20 ਮਈ 1647 ਦੇ ਚਾਰਟਰ ਵਿਚ ਹੁੰਦਾ ਹੈ, ਜਿਹੜਾ ਅਸਤਰਖਾਨ ਦੇ ਅਧਿਕਾਰੀਆਂ ਨੂੰ ਭੇਜਿਆ ਗਿਆ। ਹਿੰਦੁਸਤਾਨੀ ਵਪਾਰੀਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਜ਼ਾਰ ਨੇ ਉਹਨਾਂ ਨੂੰ ਅਸਤਰਖਾਨ ਵਿਖੇ ਹਰ ਤਰਾਂ ਦਾ ਮਾਲ ਵੇਚਣ ਦੀ ਆਗਿਆ ਦੇ ਦਿਤੀ ਅਤੇ ਚੁੰਗੀ ਦੀਆਂ ਬੜੀਆਂ ਸੁਖਾਵੀਆਂ ਸ਼ਰਤਾਂ ਮੁਕਰਰ ਕੀਤੀਆਂ।

Sri Satguru Jagjit Singh Ji Elibrary NamdhariElibrary@gmail.com

ਸਰਗਰਮ ਵਪਾਰ

19ਵੀਂ ਸਦੀ ਦੇ ਸ਼ੁਰੂ ਵਿਚ ਹਿੰਦ ਅਤੇ ਰੂਸ ਵਿਚਕਾਰ ਵਪਾਰ ਵਿਸ਼ੇਸ਼ ਤੌਰ ਤੇ ਸਰਗਰਮ ਸੀ। ਵਪਾਰ ਲਈ ਰੂਸ ਵਿਚਲੇ ਪੰਜਾਬੀ ਵਪਾਰੀ ਕੁਝ ਸਮਾਂ ਬੁਖਾਰਾ, ਸਮਰਕੰਦ ਅਤੇ ਮਧ ਏਸ਼ੀਆ ਦੇ ਹੋਰਨਾਂ ਸ਼ਹਿਰਾਂ ਵਿਚ ਰਹਿੰਦੇ ਰਹੇ। ਮਧ-ਏਸ਼ੀਆ ਦੇ ਸ਼ਹਿਰਾਂ ਵਿਚ ਰਹਿੰਦੇ ਹਿੰਦੁਸਤਾਨੀ ਵਪਾਰੀਆਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ। ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ ਲਗ ਪਗ 200 ਪੰਜਾਬੀ ਬੁਖਾਰਾ ਵਿਚ ਰਹਿੰਦੇ ਸਨ। ਇਕ ਸਰਾਂ ਅਤੇ ਇਕ ਮੰਡੀ ਪਕੇ ਤੌਰ ਤੇ ਉਹਨਾਂ ਕੋਲ ਸੀ।

ਪਿਛਲੀ ਸਦੀ ਦੇ ਨੌਵੇਂ ਅਤੇ ਦਸਵੇਂ ਦਹਾਕੇ ਵਿਚ ਨੀਲ ਅਤੇ ਹੋਰ ਰੰਗ, ਮਸਾਲੇਅਤੇ ਰੂੰ ਅਤੇ ਪ੍ਰਸਿਧ ਹਿੰਦੁਸਤਾਨੀ ਚਾਹ ਹਿੰਦ ਤੋਂ ਰੂਸ ਆਉਣ ਵਾਲੀਆਂ ਮੁਖ ਚੀਜ਼ਾਂ ਸਨ। ਕਸਟਮ ਦੇ ਮਹਿਕਮੇ ਦੇ ਅੰਕੜਿਆਂ ਅਨੁਸਾਰ 1894 ਵਿਚ ਹਿੰਦ ਤੋਂ ਰੂਸ ਲਗ ਪਗ 62,00,000 ਰੂਬਲ ਦਾ, 1896 ਵਿਚ 86,00,000 ਰੂਬਲ ਦਾ ਅਤੇ 1912 ਵਿਚ 2,98,00,000 ਰੂਬਲ ਦਾ ਮਾਲ ਆਇਆ। ਇਹ ਗਲ ਯਾਦ ਰਖਣੀ ਚਾਹੀਦੀ ਹੈ ਕਿ ਇਸਦਾ ਕਾਫੀ ਹਿਸਾ ਪੰਜਾਬ ਤੋਂ ਦਰਾਮਦ ਕੀਤਾ ਗਿਆ।

ਬਾਬਾ ਰਾਮ ਸਿੰਘ ਦਾ ਏਲਚੀ

ਉਜ਼ਬੇਕ ਸੋ. ਸੋ. ਰੀ. ਦੇ ਕੇਂਦਰੀ ਮੁਹਾਫਜ਼ਖਾਨੇ ਵਿਚ ਪੰਜਾਬ ਦੇ ਨਾਮਧਾਰੀ ਸਿਖਾਂ ਦੇ ਗੁਰੂ ਵਲੋਂ ਤੁਰਕਿਸਤਾਨ ਦੇ ਗਵਰਨਰ ਵਲ ਘਲੇ ਏਲਚੀ ਦੇ ਸਮਰਕੰਦ ਅਪੜਨ ਸਬੰਧੀ ਦਸਤਾਵੇਜ਼ਾਂ ਹਨ। ਇਹ ਏਲਚੀ ਭੇਜਣ ਵਾਲੇ ਬਾਬਾ ਰਾਮ ਸਿੰਘ ਸਨ। ਉਹ ਮਹਾਨ ਜਥੇਬੰਦਕ ਯੋਗਤਾਵਾਂ ਦੇ ਮਾਲਕ ਅਤੇ ਇਕ ਉਘੇ ਫੌਜੀ ਨੇਤਾ ਸਨ। ਉਹਨਾਂ ਦੇ ਲੋਕ-ਰਾਜੀ ਜਜ਼ਬਿਆਂ ਨੇ ਪੰਜਾਬ ਦੀ ਪਸਿਤੀ ਜਨਤਾ ਦੀ ਹਮਦਰਦੀ ਖਿਚੀ। ਪੰਜਾਬ ਦੇ ਲੁਟੇ ਪੁਟੇ ਸ਼ਹਿਰੀ ਦਸਤਕਾਰ ਅਤੇ ਬੇਜ਼ਮੀਨ ਕੀਤੇ ਕਿਸਾਨ ਨਾਮਧਾਰੀ ਲਹਿਰ ਵਿਚ ਸ਼ਾਮਲ ਹੋ ਗਏ। ਉਹਨਾਂ ਵਿਚੋਂ ਕਈਆਂ ਨੂੰ ਚੰਗੀ ਫੌਜੀ ਸਿਖਿਆ ਪ੍ਰਾਪਤ ਸੀ ਅਤੇ ਉਹਨਾਂ ਕਈ ਮਹਾਨ ਫੌਜੀ ਮੁਹਿੰਮਾਂ ਵਿਚ ਹਿਸਾ ਲਿਆ ਸੀ। ਇਸ ਲਈ ਇਹ ਕੋਈ ਹੈਰਾਨੀ ਦੀ ਗਲ ਨਹੀਂ ਕਿ ਨਾਮਧਾਰੀ ਸੰਪ੍ਰਦਾ ਦੇ ਲੋਕਾਂ ਵਿਚ ਸਿਪਾਹੀ ਵੀ ਸ਼ਾਮਲ ਸਨ। ਇਸ ਲਹਿਰ ਦਾ ਮੁਲੰਕਣ ਕਰਦੇ ਹੋਏ ਸੋਵੀਅਤ ਇਤਿਹਾਸਕਾਰ ਇਸਨੂੰ ਬੁਨਿਆਦੀ ਤੌਰ ਤੇ ਇਕ ਲੋਕਰਾਜੀ ਲਹਿਰ ਮਿਥਦੇ ਸਨ। ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਦੀ ਅਗਵਾਈ ਕੀਤੀ। ਬਸਤੀਵਾਦੀ ਹਾਕਮਾਂ ਨੇ ਇਹਨੂੰ ਸਖਤੀ ਨਾਲ ਕੁਚਲ ਦਿਤਾ ਅਤੇ ਬਾਬਾ ਰਾਮ ਸਿੰਘ ਜੀ ਨੂੰ ਸਦਾ ਲਈ ਰੰਗੂਨ ਭੇਜ ਦਿਤਾ। ਪਰ ਆਜ਼ਾਦੀ ਦੇ ਪ੍ਰੇਮੀ ਪੰਜਾਬੀ ਉਹਨਾਂ ਦੇ ਦੇਸ਼ ਨਿਕਾਲਾ ਦੇ ਦਿਤੇ ਜਾਣ ਤੇ ਚੁਪ ਕਰਕੇ ਨਹੀਂ ਸਨ ਬਹਿ ਗਏ।

9 ਮਈ 1879 ਨੂੰ ਗੁਰਚਰਨ ਸਿੰਘ ਨਾਂ ਦਾ ਇਕ ਪੰਜਾਬੀ ਕੇਂਦਰੀ ਏਸ਼ੀਆ ਵਿਚ ਕਤਾ ਕੁਰਗਾਨ ਨਾਂ ਦੇ ਸ਼ਹਿਰ ਅਪੜਿਆ। ਉਹਦੇ ਕੋਲ ਬਾਬਾ ਰਾਮ ਸਿੰਘ ਦਾ ਇਕ ਪਤਰ ਸੀ। ਉਹ ਬਾਬਾ ਰਾਮ ਸਿੰਘ ਦਾ ਏਲਚੀ ਸੀ। ਬਾਬਾ ਰਾਮ ਸਿੰਘ ਦਾ ਖਤ ਪੰਜਾਬੀ ਵਿਚ ਲਿਖਿਆ ਹੋਇਆ ਸੀ ਅਤੇ ਇਹ ਗੁਟਕੇ ਵਿਚ ਰਖਿਆ ਹੋਇਆ ਸੀ। ਜ਼ਰਅਫਸ਼ਾਨ ਜ਼ਿਲੇ ਦੇ ਹਿੰਦੁਸਤਾਨੀਆਂ ਵਿਚੋਂ ਇਕ ਅਜਿਹਾ ਬੰਦਾ ਲਭ ਲਿਆ ਗਿਆ ਜਿਹੜਾ ਪੰਜਾਬੀ ਤੋਂ ਅਨੁਵਾਦ ਕਰ ਸਕਦਾ ਸੀ।

ਗੁਰਚਰਨ ਸਿੰਘ ਇਸ ਖਤ ਦਾ ਜਵਾਬ ਲੈ ਕੇ ਮੁੜ ਗਿਆ।

ਪੰਜਾਬ ਵਿਚ ਰੂਸੀ ਸੈਲਾਨੀ

Sri Satguru Jagjit Singh Ji Elibrary NamdhariElibrary@gmail.com

ਬਹੁਤ ਸਾਰੇ ਰੂਸੀ ਸੈਲਾਨੀਆਂ ਨੇ ਪੰਜਾਬ ਦਾ ਰੰਚਕ ਹਾਲ ਲਿਖਿਆ ਹੈ। ਉਹਨਾ ਵਿਚੋਂ ਭੂਗੋਲਕ ਲਭਤਾਂ ਲਭਣ ਲਈ ਰੂਸ ਤੋਂ ਗਏ ਸਨ। ਕੁਝ ਕਿਸਮਤ ਦੇ ਮਾਰੇ ਹੋਰਨਾਂ ਦੇਸ਼ਾਂ ਨੂੰ ਗਏ ਸਨ। ਜਦੋਂ 18ਵੀਂ ਸਦੀ ਵਿਚ ਰੂਸ ਦੇ ਇਤਿਹਾਸ ਦੀਆਂ ਕਿਸਾਨ ਬਗ਼ਾਵਤਾਂ ਵਿਚ ਇਕ ਸਭ ਤੋਂ ਵਡੀ, ਪੁਗਾਚੋਂਵ ਦੀ ਬਗ਼ਾਵਤ ਕੁਚਲ ਦਿਤੀ ਗਈ ਤਾਂ ਇਹਦੇ ਵਿਚ ਹਿਸਾ ਲੈਣ ਵਾਲੇ ਕੁਝ ਲੋਕ ਦਖਣ ਵਲ ਨਠ ਗਏ ਅਤੇ ਹਿੰਦ ਅਪੜ ਗਏ।

ਉਥੈਦ-ਉਲਾ ਅਮੀਰੋਂਵ ਨੇ ਇਸ ਬਗ਼ਾਵਤ ਵਿਚ ਸਰਗਰਮ ਹਿਸਾ ਲਿਆ ਸੀ। ਉਹਨੇ ਤੀਹ ਸਾਲ ਤੋਂ ਵਧ ਸਮਾਂ ਹਿੰਦ ਵਿਚ ਬਿਤਾਇਆ। ਆਪਣੇ ਜੀਵਨ ਦੇ ਅੰਤਲੇ ਦਿਨੀਂ ਰੂਸ ਮੁੜਨ ਤੇ ਉਹਨੇ ਹਿੰਦ ਵਿਚ ਬਿਤਾਏ ਇਹਨਾਂ ਸਾਲਾਂ ਦਾ ਬੜਾ ਰੰਚਕ ਵਰਨਣ ਕੀਤਾ। ਅਮੀਰੋਂਵ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਗਿਆ ਸੀ। ਜਿਨਾਂ ਵਿਚ ਮੁਲਤਾਨ ਵੀ ਸ਼ਾਮਲ ਸੀ।

ਪ੍ਰਸਿਧ ਸੋਵੀਅਤ ਹਿੰਦ-ਵਿਗਿਆਨੀ ਆਈ.ਪੀ. ਮਿਨਾਯੇਵ ਵੀ 19ਵੀਂ ਸਦੀ ਵਿਚ ਪੰਜਾਬ ਗਿਆ ਸੀ। ਹਿੰਦ ਸਬੰਧੀ ਉਹਦੀਆਂ ਬਹੁਤ ਸਾਰੀਆਂ ਕਿਤਾਬਾਂ ਵਿਚ ਹਿੰਦ ਦੀਆਂ ਪ੍ਰਾਚੀਨ ਅਤੇ ਨਵੀਆਂ ਭਾਸ਼ਾਵਾਂ ਸਬੰਧੀ, ਹਿੰਦ ਦੇ ਦਰਸ਼ਨ ਅਤੇ ਧਰਮ ਸਬੰਧੀ ਅਤੇ ਉਹਦੇ ਇਤਿਹਾਸ ਅਤੇ ਆਰਥਿਕਤਾ ਸਬੰਧੀ ਇਕ-ਭਾਵੀ ਨਿਬੰਧ ਸ਼ਾਮਲ ਹਨ। ਆਪਣੇ ਸਫਰ ਸਮੇਂ ਉਹਨੇ ਪੰਜਾਬ ਦੀਆਂ ਬਹੁਤ ਸਾਰੀਆਂ ਲੋਕ ਕਥਾਵਾਂ ਅਤੇ ਵਾਰਾਂ ਇਕਠੀਆਂ ਕੀਤੀਆਂ। ਇਉਂ ਉਹਨੇ ਰੂਸ ਵਿਚ ਹਿੰਦ ਦੀ ਲੋਕ-ਗਾਥਾ ਦੇ ਅਧਿਅਨ ਦੀ ਨੀਂਹ ਰਖੀ।

ਇਕ ਹੋਰ ਰੂਸੀ ਲੇਖਕ ਅਤੇ ਸੈਲਾਨੀ ਏ.ਜੀ ਰੋਂਤਚੋਵ, ਹਿੰਦ ਸਮੇਤ ਬਹੁਤ ਸਾਰੇ ਦੇਸ਼ਾਂ ਵਿਚ ਗਿਆ। ਉਹਨੇ ਵੀ ਪੰਜਾਬ ਸਬੰਧੀ ਬਹੁਤ ਲਿਖਿਆ ਹੈ।

ਅਜ ਬਹੁਤ ਸਾਰੇ ਸੋਵੀਅਤ ਵਿਗਿਆਨੀ ਪੰਜਾਬ ਅਤੇ ਰੂਸ ਅਤੇ ਸੋਵੀਅਤ ਮਧ-ਏਸ਼ੀਆ ਵਿਚਕਾਰ ਇਤਿਹਾਸਿਕ ਸਬੰਧਾਂ ਦੇ ਅਧਿਅਨ ਤੇ ਲਗੇ ਹੋਏ ਹਨ। ਇਸ ਕੰਮ ਵਿਚ ਵਿਗਿਆਨਕ ਕੰਮ, ਇਤਿਹਾਸਕ ਲੇਖਾਂ ਆਦਿ ਵਲ ਪੂਰਾ ਧਿਆਨ ਦਿਤਾ ਜਾਂਦਾ ਹੈ। ਨਿਰਸੰਦੇਹ ਇਸ ਖੇਤਰ ਵਿਚ ਹੋਰ ਖੋਜ ਨਾਲ ਹੋਰ ਰੋਚਕ ਵਾਕਫੀ ਪ੍ਰਾਪਤ ਹੋਵੇਗੀ।

----------o----------

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਸਤਿਗੁਰ ਦਾ ਦਰਬਾਰ

(ਵਲੋਂ ਸ੍ਰੀਮਾਨ ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਪ੍ਰਧਾਨ ਪੰਜਾਬੀ ਸਭਾ, ਅੰਮ੍ਰਿਤਸਰ)

ਆ ਜੀਆ! ਨੂਰ-ਇਲਾਹੀ ਦਾ, ਤੈਨੂੰ ਝਲਕਾਰਾ ਪਾ ਦੇਵਾਂ।
ਇਕ ਧਰਮ-ਸ਼ਮਾ-ਪਰਵਾਨੇ ਦੇ ਹਿਰਦੇ ਦੀ ਲੌਅ ਲਿਸ਼ਕਾ ਦੇਵਾਂ.
ਇਕ ਰੱਬੀ ਰਾਹ ਵਿਚ ਵਿਕੀ ਹੋਈ ਜਿੰਦੜੀ ਤੋਂ ਘੋਲ ਘੁਮਾ ਦੇਵਾਂ.
ਆਕਾਸ਼ੀ ਉਡਦੇ ਪੰਛੀ ਦੇ ਪਿੰਜਰੇ ਦਾ ਰਾਗ ਸੁਣਾ ਦੇਵਾਂ।
ਪਿੰਜਰੇ ਵਿਚ ਪੈ ਕੇ ਆਜ਼ਾਦੀ ਦੀ ਤੜਪ ਨਾਲ ਤੜਪਾ ਦੇਵਾਂ.
ਜਿਉਂਦੀ ਜਿੰਦ ਮਰਨ ਵਿਖਾ ਦੇਵਾਂ ਤੇ ਮਰਕੇ ਜੀਉਣ ਸਿਖਾ ਦੇਵਾਂ।

ਇਕ ਨਿਰਮਲ ਤੇ ਨਿਰਵੈਰ ਰੂਹ, ਦੁਨੀਆਂ ਜਿਸ ਨੂੰ ਦਰਕਾਰ ਨਹੀਂ,
ਐਸ਼ੁਰਜ ਰੋਲ ਕੇ ਪੈਰਾਂ ਵਿਚ ਭੋਗਾਂ ਨੂੰ ਕਰਦੀ ਪਜਾਰ ਨਹੀਂ।
ਕੋਈ ਰਾਜ ਨਹੀਂ, ਕੋਈ ਸਾਜ਼ ਨਹੀਂ, ਕੋਈ ਦੌਲਤ ਦੇ ਅੰਬਾਰ ਨਹੀਂ,
ਕੋਈ ਮੋਢੇ ਤੇ ਬੰਦੂਕ ਨਹੀਂ, ਕੋਈ ਹਥਾਂ ਵਿਚ ਤਲਵਾਰ ਨਹੀਂ।
ਦੁਖੀਆਂ ਦੇ ਦੁਖ ਵਿਚ ਘੁਲ ਘੁਲ ਕੇ, ਉਹ ਸ਼ਮ੍ਹਾਂ ਛਮਾ-ਛਮ ਰੋਂਦੀ ਹੈ.
ਮੋਈਆਂ ਲੋਥਾਂ ਹੂਣ ਹੂਣ ਕੇ, ਮੂੰਹ ਵਿਚ ਪਾਣੀ ਚੋਂਦੀ ਹੈ।

ਬੇਜਾਨ ਤੰਬੂਰਾ ਗਲ ਲਾ ਕੇ, ਗੁਰ-ਮੰਤ੍ਰ ਨਾਲ ਗਰਮਾਂਦੀ ਹੈ,
ਸ਼ੈਮਾਨ ਅਣਖ ਦੀਆਂ ਤਰਥਾਂ ਨੂੰ, ਹਰਕਤ ਦੇ ਕੇ ਤੜਪਾਂਦੀ ਹੈ.
ਇਕ ਰਾਗ ਇਲਾਹੀ ਛਿੜਦਾ ਹੈ ਤੇ ਸੁਰਤ ਵਜਦ ਵਿਚ ਆਂਦੀ ਹੈ,
ਮੁਰਦਾ ਰੂਹਾਂ ਦੇ ਸੀਨੇ ਵਿਚ, ਇਕ ਜੋਤ ਜਿਹੀ ਜਗ ਜਾਂਦੀ ਹੈ,
ਅਰਸ਼ਾਂ ਦੇ ਬੂਹੇ ਖੁਲਦੇ ਨੇ, ਦਰਬਾਰ ਸਰੂਰ ਲਗਾਂਦਾ ਹੈ,
ਚੀਨੀ ਤੇ ਚੜ੍ਹ ਕੇ ਚਾਰ ਚੱਕ, ਸੰਸਾਰ ਜਗਾਯਾ ਜਾਂਦਾ ਹੈ।

ਇਸ ਖਿੜੀ ਪ੍ਰੇਮ ਫੁਲਵਾੜੀ ਤੋਂ, ਆ ਦਿਲ! ਕੁਝ ਮਹਿਕ ਉਠਾ ਲਈਏ.
ਇਸ ਗੂੜ੍ਹੇ ਰੰਗ ਮਜੀਠੀ ਚੋਂ, ਚੋਲੇ ਨੂੰ ਡੋਬਾ ਲਾ ਲਈਏ.
ਇਸ ਮੁਫਤੀ ਨਾਮ ਖਜ਼ਾਨੇ ਚੋਂ ਕੁਝ ਆਪਣਾ ਆਪ ਬਣਾ ਲਈਏ,
ਦੁਨੀਆਂ ਦੀ ਮਾਰਾ ਮਾਰੀ ਤੋਂ, ਲਾਂਭੇ ਕੰਨੀ ਖਿਸਕਾ ਲਈਏ,
ਜਿਸ ਸ਼ਾਂਤ ਬੂੰਦ ਦਾ "ਚਾਤ੍ਰਿਕ" ਤੂੰ, ਉਹ ਪ੍ਰੇਮ ਵਹਿਣ ਵਿਚ ਵਸਦੀ ਹੈ.
ਜੋ ਦੁਖਾਂ ਵਿਚ ਭੀ ਹਸਦੀ ਹੈ, ਜੋ ਮਰਕੇ ਜੀਉਣਾ ਦਸਦੀ ਹੈ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲਹਿਰ ਤੇ ਆਜ਼ਾਦੀ ਸੰਗਰਾਮ

ਕਾਮਰੇਡ ਸੋਹਣ ਸਿੰਘ 'ਜੋਸ਼'

ਕੂਕਾ ਲਹਿਰ ਉਸ ਵੇਲੇ ਵਜੂਦ ਵਿਚ ਆਈ ਜਦੋਂ ਪੰਜਾਬ ਰਾਜਸੀ ਤੇ ਸਭਿਆਚਾਰਕ ਤੌਰ ਤੇ ਬਿਲਕੁਲ ਬੇਹਿਸ ਤੇ ਬੇਹਰਕਤ ਹੋ ਚੁਕਾ ਸੀ, ਅੰਗਰੇਜ਼ਾਂ ਦੀ ਰਾਜਸੀ ਸਭਿਆਚਾਰਕ ਤੇ ਫੌਜੀ ਗੁਲਾਮੀ ਪੂਰੀ ਤਰਾਂ ਕਬੂਲ ਕਰ ਚੁਕਾ ਸੀ ਅਤੇ ਪੰਜਾਬ ਦੀ ਰਾਜਾਸ਼ਾਹੀ ਤੇ ਜਾਗੀਰਦਾਰੀ ਨੇ ਪੰਜਾਬੀ (ਤੇ ਖਾਸ ਕਰ ਸਿਖ) ਜਨਤਾ ਨੂੰ ਆਪਣੇ ਸੁਆਰਥਾਂ ਦੀ ਖਾਤਰ, ਆਪਣੇ ਪੰਜੇ ਸ਼ਕੰਜੇ ਵਿਚ ਜਕੜ ਲਿਆ ਸੀ। ਸਿਖ ਆਪਣੇ ਗੁਰੂਆਂ ਦੇ ਉਘੇ ਅਸੂਲਾਂ ਨੂੰ ਵਿਸਾਰ ਚੁਕੇ ਸਨ ਅਤੇ ਜ਼ੁਲਮ ਅਤੇ ਗੁਲਾਮੀ ਦੇ ਖਿਲਾਫ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੌਲੇ ਤੇ ਰਖਿਅਕ ਬਣ ਗਏ ਸਨ।

1848-49 ਵਿਚ ਸਿਖ ਰਾਜ ਦਾ ਭੋਗ ਪੈ ਗਿਆ। ਅੰਗਰੇਜ਼ ਹਾਕਮਾਂ ਦੀਆਂ ਕੂਟਲ ਨੀਅਤਾਂ ਤੇਸ਼ਤਰੰਜੀ ਚਾਲਾਂ ਨੇ ਪੰਜਾਬ·ਉਤੇ ਕਬਜਾ ਕਰ ਲਿਆ। ਰਾਜ ਖੁਸਿਆ ਵੇਖ ਕੇ ਅਤੇ ਤਾਕਤ ਦਾ ਚਿੰਨ ਤਲਵਾਰ ਖੋਹੀ ਜਾਣ ਤੇ ਸਿਖ ਸਰਦਾਰਾਂ ਨੇ ਭੁੱਬਾਂ ਮਾਰੀਆਂ ਅਤੇ ਬੇਦਿਲ ਹੋ ਕੇ ਜਿਹੜੇ ਬਚੇ ਰਹੇ ਘਰਾਂ ਨੂੰ ਚਲੇ ਗਏ। ਇਕ ਸਰਦਾਰ ਮਹਾਰਾਜ ਸਿੰਘ ਸੀ ਜਿਸਨੇ ਅੰਗਰੇਜ਼ ਰਾਜ ਦੀ ਆਪਣੇ ਬਹਾਦਰ ਸਾਥੀਆਂ ਸਮੇਤ, ਕੌਈ ਈਨ ਤੇ ਗੁਲਾਮੀ ਨਾ ਮੰਨੀ ਅਤੇ ਅੰਤਲੇ ਸੁਆਸਾਂ ਤਕ ਲੜਦਾ ਜਿਹਾ।

1857 ਵਿਚ ਗਦਰ ਯਾਨੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਆਰੰਭ ਹੋ ਗਿਆ, ਸਿਖ ਰਾਜ ਨੂੰ ਖੁਸਿਆਂ ਅਜੇ ਸਤ ਕੁ ਸਾਲ ਹੀ ਗੁਜ਼ਰੇ ਸਨ। ਕੰਵਰ ਦਲੀਪ ਸਿੰਘ ਨੂੰ ਖੋਹ ਖੜਨ ਤੇ ਰਾਣੀ ਜਿੰਦਾ ਨੂੰ ਜਲਾਵਤਨ ਕਰਨ ਦੇ ਜ਼ਖਮ ਅਜੇ ਅੱਲੇ ਸਨ। ਸ਼ਿਕਸ਼ਤ ਖਾ ਜਾਣ ਪਿਛੋਂ ਜੋ ਜ਼ੁਲਮ ਅੰਗਰੇਜ਼ਾਂ ਨੇ ਪੰਜਾਬ ਦੇ ਸੂਰਬੀਰ ਪੁਤਰਾਂ ਤੇ ਢਾਏ ਸਨ ਉਹ ਅਜੇ ਭੁਲੇ ਨਹੀਂ ਸਨ। ਇਹਨਾਂ ਜ਼ੁਲਮਾਂ ਦਾ ਹਿਸਾਬ ਚੁਕਾਣ ਦਾ ਗਦਰ ਨੇ ਸੋਹਣਾ ਮੌਕਾ ਮੁਹਈਆ ਕੀਤਾ ਸੀ ਪਰ ਇਸ ਤੋਂ ਫਾਇਦਾ ਨਾ ਉਠਾਇਆ ਗਿਆ। ਲੀਡਰਸ਼ਿਪ ਰਾਜਿਆਂ ਤੇ ਜਗੀਰਦਾਰਾਂ ਦੇ ਹਥ ਵਿਚ ਸੀ। ਉਹਨਾਂ ਨੂੰ ਆਪਣੇ ਸੁਆਰਥਾਂ ਨਾਲ ਪਿਆਰ ਸੀ, ਆਜ਼ਾਦੀ ਨਾਲ ਨਹੀਂ। ਉਹਨਾਂ ਨੇ ਗਦਰੀਆਂ ਦੇ ਇਸ ਸੰਗਰਾਮ ਵਿਚ ਸ਼ਾਮਲ ਹੋਣ ਦੀਆਂ ਸਭ ਪੇਸ਼ਕਸ਼ਾਂ ਠੁਕਰਾ ਦਿਤੀਆਂ, ਡਟ ਕੇ ਅੰਗਰੇਜ਼ਾਂ ਦਾ ਸਾਥ ਦਿਤਾ ਅਤੇ ਹਿੰਦੁਸਤਾਨ ਨੂੰ ਗੁਲਾਮੀ ਦੇ ਮਜ਼ਬੂਤ ਸ਼ਕੰਜੇ ਵਿਚ ਕਸ ਕੇ ਜਕੜ ਦਿਤਾ। ਇਕੜ ਦੁਕੜ ਪੰਜਾਬੀ ਫੌਜਾਂ ਵਿਚ ਬਗਾਵਤਾਂ ਹੋਈਆਂ। ਬਾਗੀ ਸੂਰਬੀਰਾਂ ਨੂੰ ਬੇਕਿਰਕੀ ਨਾਲ ਗੌਲੀਆਂ ਦਾ ਸ਼ਿਕਾਰ ਬਣਾ ਕੇ ਕੁਚਲ ਦਿਤਾ ਗਿਆ। ਉਹ ਸ਼ਹੀਦ ਹੋ ਗਏ ਪਰ ਉਹਨਾਂ ਨੇ ਅਗਲੀਆਂ ਸੰਤਾਨਾਂ ਦੇ ਪੰਜਾਬ ਦੇ ਮਥੇ ਤੇ ਇਤਿਹਾਸ ਵਲੋਂ ਬਿਲਕੁਲ ਹੀ ਕਾਲਖ ਮਲੇ ਜਾਣ ਤੋਂ ਬਚਾ ਲਿਆ।

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਹਾਕਮਾਂ ਨੇ ਆਪਣੀਆਂ ਲਿਖਤਾਂ ਵਿਚ ਬਾਰ ਬਾਰ ਇਹ ਗਲ ਲਿਖੀ ਹੈ ਕਿ ਜੇ ਗਦਰ ਦੇ ਦਿਨਾਂ ਵਿਚ ਅੰਗਰੇਜ਼ ਨੂੰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ ਸੀ। ਗਦਰ ਥਾਂ ਥਾਂ ਕਾਮਯਾਬ ਹੋ ਰਿਹਾ ਸੀ। ਦਿਲੀ ਘੇਰੀ ਜਾ ਰਹੀ ਸੀ। ਅੰਗਰੇਜ਼ ਰਾਜ ਦਾ ਸਿੰਘਾਸਨ ਡਾਵਾਂ ਡੋਲ ਹੋ ਚੁਕਾ ਸੀ। ਸਿਖਾਂ ਨੂੰ ਮੁਗਲ ਰਾਜ ਦੇ ਜ਼ੁਲਮ ਦਸ ਕੇ ਅਤੇ ਮੁਸਲਮਾਨਾਂ ਨੂੰ ਸਿਖਾਂ ਦੇ ਖਿਲਾਫ ਚੁਕ ਕੇ ਅਤੇ ਰਾਜਿਆਂ ਨੂੰ ਹਥਾਂ ਵਿਚ ਲੈ ਕੇ ਆਜ਼ਾਦੀ ਦੀ ਇਸ ਪਹਿਲੀ ਜੰਗ ਨੂੰ ਕੁਚਲ ਦਿਤਾ ਗਿਆ ਅਤੇ ਅੰਗਰੇਜ਼ ਰਾਜ ਜਾਂਦਾ ਜਾਂਦਾ ਬਹਾਲ ਹੋ ਗਿਆ।

ਗਦਰ ਪਿਛੋਂ ਅੰਗਰੇਜ਼ ਅਫਸਰ ਹੋਰ ਸਾਵਧਾਨ ਹੋ ਗਏ। ਉਹਨਾਂ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਸਾਰੇ ਹੋਰ ਜ਼ਰੂਰੀ ਸਾਧਨ ਜੁਟਾ ਲਏ। ਫੌਜ, ਪੁਲਿਸ, ਨੌਕਰਸ਼ਾਹੀ ਅਦਾਲਤਾਂ, ਜੇਲਾਂ ਦਾ ਭਾਰਤ ਵਿਚ ਜਾਲ ਤਾਣ ਦਿਤਾ ਗਿਆ। ਸੀ.ਆਈ.ਡੀ ਜਾਣੀ ਜਾਸੂਸੀ ਦੇ ਮਹਿਕਮੇ ਨੂੰ ਹੋਰ ਤਕੜਾ ਤੇ ਵਿਸ਼ਾਲ ਕਰ ਲਿਆ ਗਿਆ। ਪੰਜਾਬ ਵਿਚ ਸਦੀਵੀ ਕਰਫਿਊ, ਮਾਰਸ਼ਲ ਲਾਅ ਜੇਹੇ ਕਾਨੂੰਨਾਂ ਦਾ ਰਾਜ ਕਾਇਮ ਕਰ ਦਿਤਾ। ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਖਤਮ ਕਰ ਦਿਤੀਆ ਗਈਆਂ। ਆਉਦੀ ਜਾਂਦੀ ਡਾਕ ਖੋਲ ਖੋਲ ਕੇ ਪੜੀ ਜਾਣ ਲਗ ਪਈ। ਉਤੋਂ ਐਲਾਨ ਇਹ ਕੀਤੇ ਗਏ ਕਿ ਹਕੂਮਤ ਕਿਸੇ ਦੇ ਮਜ਼ਹਬ ਵਿਚ ਕੋਈ ਦਖਲ ਨਹੀਂ ਦੇਵੇਗੀ। ਪਰ ਕੂਕਾ ਤੇ ਅਕਾਲੀ ਤਹਿਰੀਕਾਂ ਨੇ ਸਾਬਤ ਕੀਤਾ ਕਿ ਇਹੋ ਜਿਹੇ ਐਲਾਨਾਂ ਦਾ ਮਤਲਬ ਮਜ਼ਹਬ ਵਿਚ ਦਖਲ ਨਾ ਦੇਣਾ ਨਹੀਂ ਸੀ ਸਗੋਂ ਦਖਲ ਦੇਣਾ ਸੀ।

ਇਹ ਸਨ ਹਾਲਤ ਜਦੋਂ ਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਪੰਜਾਬ ਨੂੰ ਜਗਾਣ ਤੇ ਸਾਵਧਾਨ ਕਰਨ ਲਈ ਆਪਣਾ ਸੰਦੇਸ਼ ਲੈ ਕੇ ਮੈਦਾਨ ਵਿਚ ਉਤਰੇ। ਮੈਂ ਇਸ ਲੇਖ ਵਿਚ ਕੂਕਾ ਲਹਿਰ ਦੇ ਸਿਰਫ ਰਾਜਸੀ ਪਹਿਲੂ ਤੇ ਹੀ ਵਿਚਾਰ ਕਰਾਂਗਾ, ਧਾਰਮਿਕ ਪਹਿਲੂ ਤੇ ਨਹੀਂ। ਪਰ ਇਹ ਹਕੀਕਤ ਯਾਦ ਰਖਣੀ ਚਾਹੀਦੀ ਹੈ ਕਿ ਬੀਤੇ ਇਤਿਹਾਸ ਵਿਚ ਧਾਰਮਿਕ ਲਹਿਰਾਂ ਹੀ ਵਧ ਫੁਲ ਕੇ ਪਿਛੋਂ ਇਨਕਲਾਬੀ ਰੂਪ ਧਾਰਨ ਕਰ ਲੈਂਦੀਆਂ ਰਹੀਆਂ ਹਨ ਅਤੇ ਨਵੇਂ ਰਾਜ ਪ੍ਰਬੰਧ ਦੇ ਵਾਸਤੇ ਲੜਨ ਤੇ ਕਾਇਮ ਕਰਨ ਦਾ ਹਥਿਆਰ ਬਣ ਜਾਂਦੀਆਂ ਹਨ। ਕਾਰਨ ਇਹ ਹੈ ਕਿ ਬੀਤੇ ਸਮੇਂ ਵਿਚ ਆਮ ਲੋਕ ਧਾਰਮਿਕ ਮੁਹਾਵਰੇ ਸਿਖਿਆ ਅਤੇ ਪ੍ਰਵਚਨਾਂ ਨੂੰ ਸਮਝ ਕੇ ਇਕਠੇ ਤੇ ਜਥੇਬੰਦ ਹੋ ਸਕਦੇ ਹਨ, ਰਾਜਸੀ ਸਿਧਾਂਤਾਂ ਦੀਆਂ ਗੂੜ੍ਹ ਗਲਾਂ ਰਾਹੀਂ ਨਹੀਂ ਉੰਜ ਵੀ ਰਾਜਸੀ ਵਿਕਾਸ ਦੀ ਪਧਰ ਅਜੇ ਬੜੀ ਪਛੜੀ ਹੋਈ ਸੀ ਅਤੇ ਧਰਮ ਦਰੜੇ ਫਰੜੇ ਲੋਕਾਂ ਦੀ ਨਜਾਤ ਦਾ ਪੈਗਾਮ ਲੈ ਕੇ ਹੀ ਆਉਦਾ ਰਿਹਾ ਹੈ।

ਮਹਾਰਾਜ ਰਾਮ ਸਿੰਘ ਜੀ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਰਹਿ ਚੁਕੇ ਸਨ। ਉਹਨਾਂ ਨੇ ਸਿਖ ਰਾਜ ਦੀ ਝਲਕ ਮਟਕ ਵੇਖੀ ਤੇ ਮਾਣੀ ਸੀ ਅਤੇ ਉਹ ਜਥੇਬੰਦੀ ਦੀ ਸ਼ਕਤੀ ਤੇ ਡਸਿਪਲਨ (ਬੰਧੇਜ) ਦੇ ਗੁਣਾਂ ਨੂੰ ਵੇਖ-ਜਾਣ ਚੁਕੇ ਸਨ। ਇਹੋ ਕਾਰਨ ਹੈ ਕਿ ਉਹਨਾਂ ਨੇ ਥੋੜੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਸਿਪਲਨ ਵਿਚ ਢਾਲ ਬੰਨ ਲਿਆ ਅਤੇ "ਸਿਰ ਧਰ ਤਲੀ ਗਲੀ ਮੋਰੀ ਆਓ" ਜਾਂ "ਪਹਿਲੋਂ ਮਰਨ ਕਬੂਲ ਕਰ" ਦਾ ਪ੍ਰਣ ਲੈਣ ਵਾਲੇ ਸਿਰ-ਲਥਾਂ ਦੀ ਫੌਜ ਤਿਆਰ ਕਰ ਲਈ।

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿਛੋਂ ਪ੍ਰੋਟੈਸਟੰਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਿਕ ਜਾਮਾ ਪਹਿਨ ਕੇ ਆਈਆਂ ਸਨ ਪਰ ਪਿਛੋਂ ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ।ਪੰਜਾਬ ਵਿਚ ਉਹਨਾਂ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲਗਾ ਰਹਿੰਦਾ ਸੀ। ਹੋਰ ਤਾਂ ਹੋਰ ਉਹਨਾਂ ਨੂੰ ਪੰਜਾਬ ਵਿਚ (ਖਾਸ ਕਰ) ਆਪਣੇ ਅਨਿੰਨ ਵਫਾਦਾਰ ਭਗਤਾਂ ਉਤੇ ਵੀ ਗੈਰ ਵਫਾਦਾਰ ਹੋਣ ਦਾ ਸ਼ਕ ਰਹਿੰਦਾ ਸੀ ਕਿਉਂ ਕਿ ਉਹਨਾਂ ਨੂੰ ਸ਼ਕ ਸੀ ਕਿ ਇਹਨਾਂ ਨੂੰ ਆਪਣਾ ਸਿਖ ਰਾਜ ਭੁਲਣ ਨਹੀਂ ਲਗਾ। ਇਹਨਾਂ ਨੂੰ ਮੁੜ ਆਪਣਾ

Sri Satguru Jagjit Singh Ji Elibrary NamdhariElibrary@gmail.com

ਰਾਜ ਬਹਾਲ ਕਾਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ।

ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਿਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਕ ਕਰੜੀ ਨਿਗਰਾਨੀ ਰਖੋ, ਉਸ ਵਿਚ ਆਪਣੇ ਜਾਸੂਸ ਘੁਸੇੜੋ। ਉਸਦੀਆਂ ਖੁਫੀਆ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ ਅਤੇ ਉਸ ਚੋਂ ਰਤਾ ਮਾਸਾ ਵੀ ਗੈਰ ਵਫਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਨਾ ਦਿਓ। ਸ਼ੁਰੂ ਵਿਚ ਹੀ ਕੁਚਲ ਦਿਓ।

ਗੁਰੂ ਰਾਮ ਸਿੰਘ ਜੀ ਨੇ ਜਿਹੜੀ ਕੁਰਬਾਨੀ-ਪੁੰਜ ਜਥੇਬੰਦੀ ਬਣਾਈ ਉਸ ਦੇ ਤਿੰਨ ਅੰਗ ਰਾਜਸੀ ਤੌਰ ਤੇ ਖਾਸ ਧਿਆਨ ਯੋਗ ਹਨ:

1. ਪੰਜਾਬ ਨੂੰ ਜਥੇਬੰਦ ਕਰਨ ਲਈ ਸੂਬਿਆਂ ਦੀ ਕਾਇਮੀ।
2. ਆਤਮ ਨਿਰਭਰਤਾ ਦਾ ਪ੍ਰੋਗਰਾਮ।
3. ਸਤਿਗੁਰੂ ਨਾਮਧਾਰੀ ਸਿਖਾਂ ਵਲੋਂ ਸ਼ਬਦ 'ਪਾਤਸ਼ਾਹ' ਨਾਲ ਜੋੜ ਦੇਣਾ।

ਉਤੇ ਦਸੇ ਕਾਰਨਾਂ ਕਰਕੇ ਬ੍ਰਿਟਿਸ਼ ਹਾਕਮ ਪਹਿਲੋਂ ਹੀ ਪੰਜਾਬ ਵਿਚ ਕਿਸੇ ਕਿਸਮ ਦਾ ਸੰਗਠਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਉਹਨਾਂ ਦੀਆਂ ਅਖਾਂ ਦੇ ਸਾਹਮਣੇ ਹੀ ਗੁਰੂ ਦਿਆਂ ਸੂਬਿਆਂ ਤੇ ਨਾਇਬ ਸੂਬਿਆਂ ਨੇ ਸਿਖਾਂ ਦੀ ਜਥੇਬੰਦੀ ਦਾ ਕੰਮ ਅਰੰਭ ਕਰ ਦਿਤਾ ਅਤੇ ਦੋਹ - ਤਿੰਨਾਂ ਸਾਲਾਂ ਵਿਚ ਲਖਾਂ ਸਿਰ ਲਥ ਨਾਮਧਾਰੀ ਜਥੇਬੰਦੀ ਦੀ ਮਜ਼ਬੂਤ ਲੜੀ ਵਿਚ ਪਰੋ ਦਿਤੇ। ਸੂਬਿਆਂ ਨੇ ਉਹ ਚਮਤਕਾਰ ਵਿਖਾਇਆ ਕਿ ਬ੍ਰਿਟਿਸ਼ ਹਾਕਮ ਉਹਨਾਂ ਦੀ ਜਥੇਬੰਦਕ ਯੋਗਤਾ ਤੇ ਹੈਰਾਨ ਪਰੇਸ਼ਾਨ ਹੋ ਗਏ। ਉਹ ਨਾਮਧਾਰੀ ਸੂਬਿਆਂ ਅਤੇ ਸਿਖਾਂ ਨੂੰ ਆਪਣੇ ਰਾਜ ਲਈ ਇਕ ਬਹੁਤ ਵਡਾ ਖਤਰਾ ਮਹਿਸੂਸ ਕਰਨ ਤੇ ਸਮਝਣ ਲਗ ਪਏ। ਆਪਣੇ ਗੁਰੂ ਦੇ ਸਦੇ ਤੇ ਇਹ ਸਿਖ ਕਿਸੇ ਵੇਲੇ ਵੀ ਸਿਰ ਦੇਣ ਲਈ ਤਿਆਰ ਸਨ।

ਆਤਮ ਨਿਰਭਰਤਾ ਦਾ ਪਰੋਗਰਾਮ ਤਾਂ ਬ੍ਰਿਟਿਸ਼ ਰਾਜ ਦੇ ਸਤੀਂ ਕਪੜੀਂ ਅੱਗ ਲਾਉਣ ਵਾਲਾ ਸੀ। ਨਾਮਧਾਰੀਆਂ ਲਈ ਹੁਕਮ ਸੀ ਕਿ ਘਰ ਦੇ ਕੱਤੇ ਕਪੜੇ ਬਣਾਏ ਪਹਿਨੋ, ਅੰਗਰੇਜ਼ੀ ਮਾਲ ਦਾ ਬਾਈਕਾਟ ਕਰੋ। ਆਪਣੇ ਝਗੜੇ ਪੰਚਾਇਤਾਂ ਵਿਚ ਨਿਪਟਾਓ, ਅਦਾਲਤਾਂ ਵਿਚ ਨਾ ਜਾਓ, ਆਪਣੇ ਬਚੇ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ, ਸਰਕਾਰੀ ਡਾਕਖਾਨਿਆਂ ਤੇ ਤਾਰ ਘਰਾਂ ਨੂੰ ਵਰਤਣਾਂ ਛਡ ਦਿਓ। ਸ਼ਰਾਬ ਨਾ ਪੀਓ ਅਤੇ ਸਾਦਾ ਜ਼ਿੰਦਗੀ ਜੀਵੋ।

ਇਹ ਆਤਮ ਨਿਰਭਰਤਾ ਦਾ ਪਰੋਗਰਾਮ ਅੰਗਰੇਜ਼ਾਂ ਦੀ ਰਾਜ ਮਸ਼ੀਨਰੀ ਨੂੰ ਚੈਲੰਜ ਸੀ। ਇਹ ਪਰੋਗਰਾਮ ਐਲਾਨ ਕਰਦਾ ਸੀ ਕਿ ਨਾਮਧਾਰੀ ਸਿਖ ਅੰਗਰੇਜ਼ਾਂ ਦੇ ਗੁਲਾਮੀ ਪ੍ਰਬੰਧ ਤੋਂ ਬਗੈਰ ਵੀ ਜ਼ਿੰਦਗੀ ਗੁਜ਼ਾਰ ਸਕਦੇ ਹਨ। ਚਿਠੀ ਪਤਰ ਦਾ ਆਪਣਾ ਪ੍ਰਬੰਧ ਕਰਨ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਆਪਣੀਆਂ ਖੁਫੀਆ ਕਾਰਵਾਈਆਂ ਤੋਂ ਜਾਣੂੰ ਨਾ ਹੋਣ ਦਿਤਾ ਜਾਵੇ। ਇਹ ਇਕ ਤਰਾਂ ਨਾਲ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਣ ਕਰਨ ਦੀ ਖੁਲੀ ਵਿਉਂਤ ਸੀ ਜਿਹੜੀ ਮਹਾਤਮਾਂ ਗਾਂਧੀ ਦੀ ਨਾ-ਮਿਲਵਰਤਨ ਤੋਂ ਵਧ ਜਾਂ ਘਟ ਪੰਜਾਹ ਸਾਲ ਪਹਿਲੋਂ ਗੁਰੂ ਰਾਮ ਸਿੰਘ ਨੇ ਵਜੂਦ ਵਿਚ ਲਿਆਂਦੀ ਸੀ।

ਅਤੇ ਤੀਜਾ ਅੰਗ "ਸਤਿਗੁਰੂ ਪਾਤਸ਼ਾਹ" ਸੀ। ਅੰਗਰੇਜ਼ ਦੇ ਸ਼ਬਦ ਕੋਸ਼ ਵਿਚ ਪਾਤਸ਼ਾਹ ਦਾ ਅਰਥ ਸੀ ਮਹਾਰਾਣੀ ਵਿਕਟੋਰੀਆ ਜਾਂ ਉਸਦੇ ਖਾਨਦਾਨ ਵਿਚੋਂ ਹੋਰ ਕੋਈ ਕਿੰਗ ਐਡਵਰਡ ਵਗੈਰਾ। ਗੁਲਾਮ ਹਿੰਦੁਸਤਾਨ ਵਿਚ ਕਿਸੇ ਗੁਰੂ ਜਾਂ ਆਗੂ ਨਾਲ 'ਪਾਤਸ਼ਾਹ' ਦਾ ਸ਼ਬਦ ਜੋੜਨਾ

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਰਾਜ ਵਿਰੁਧ ਬਗਾਵਤ ਕਰਨ ਦੇ ਸਮਅਰਥਕ ਗਰਦਾਨਿਆ ਜਾਂਦਾ ਸੀ।

ਇਸ ਲਈ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਸ਼ਰਧਾਲੂਆਂ ਵਲੋਂ "ਪਾਤਸ਼ਾਹ" ਦਾ ਸ਼ਬਦ ਜੋੜਨਾ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਕੂਕਾ ਤਹਿਰੀਕ ਨੂੰ ਬਾਗੀ ਠਹਿਰਾਂਦਾ ਸੀ। ਅੰਗਰੇਜ਼ ਹਾਕਮ ਇਹ ਸਮਝਣ ਦੀ ਸਮਰਥਾ ਨਹੀਂ ਸਨ ਰਖਦੇ ਜਾਂ ਨਹੀਂ ਸਨ ਸਮਝਣਾ ਚਾਹੁੰਦੇ ਕਿ ਗੁਰੂ ਰਾਮ ਸਿੰਘ ਜੀ ਸ਼ਰਧਾਲੂ ਸਿਖਾਂ ਦੇ ਦਿਲਾਂ ਵਿਚ ਰੂਹਾਨੀ ਪਾਤਸ਼ਾਹ ਹਨ।

ਇਸ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀਆਂ ਦੇ ਇਸ ਪਰੋਗਰਾਮ ਨੂੰ ਆਪਣੀ ਸਰਕਾਰ ਦੇ ਖਿਲਾਫ ਇਕ ਸਮਾਨੰਤਰ (ਪੈਰਲਲ) ਸਰਕਾਰ ਸਮਝਿਆ ਅਤੇ ਇਸ ਨਾਲ ਬਾਗੀਆਂ ਵਾਲਾ ਸਲੂਕ ਕੀਤਾ। ਅੰਗਰੇਜ਼ ਆਪਣੇ ਰਾਜ ਨੂੰ ਭਾਰਤ ਵਿਚ ਸਦੀਵੀ ਕਾਇਮ ਰਖਣ ਦੇ ਸੁਪਨੇ ਲੈ ਰਹੇ ਸਨ। ਉਹ ਪੰਜਾਬ ਵਿਚ ਹੋਰਥੇ ਕੋਈ ਤਹਿਰੀਕ ਨਹੀਂ ਸੀ ਉਠਣ ਦੇਣਾ ਚਾਹੁੰਦੇ। ਜਿਹੜੀ ਕਲ ਜਾਂ ਪਰਸੋਂ ਨੂੰ ਉਨਾਂ ਦੇ ਰਾਜ ਵਿਰੁਧ ਲੋਹਾ ਲੈਣ ਦੇ ਯੋਗ ਹੋ ਸਕੇ। ਉਹਨਾਂ ਦੇ ਜਾਸੂਸ ਪੰਜਾਬੀ ਲੋਕਾਂ ਦੀ ਨਿਕੀ ਨਿਕੀ ਗਲ ਦੀ ਰੀਪੋਰਟ ਦਿੰਦੇ ਸਨ। ਸਿਖਾਂ ਦਾ ਰਾਜ ਖੋਹਣ ਤੇ ਉਨਾਂ ਨਾਲ ਦਗਾ ਕਰਨ ਕਰਕੇ ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿਖਾਂ ਤੋਂ ਵਡਾ ਖਤਰਾ ਮਹਿਸੂਸ ਕਰਦੇ ਸਨ। ਗੁਰੂ ਰਾਮ ਸਿੰਘ ਪਾਤਸ਼ਾਹ ਜੀ ਦੇ ਲਗਾਤਾਰ ਵਧ ਰਹੇ ਰਸੂਖ ਸੂਬਿਆਂ ਤੇ ਨਾਇਬ ਸੂਬਿਆਂ ਦੀਆਂ ਥਾਂ ਥਾਂ ਜਥੇਬੰਦਕ ਕਾਰਵਾਈਆਂ ਅਤੇ ਨਾਮਧਾਰੀ ਸੰਸਥਾ ਦੇ ਨਾ ਮਿਲਵਰਤਨੀ ਪਰੋਗਰਾਮ ਨੇ ਅੰਗਰੇਜ਼ ਰਾਜ ਦੇ ਕਰਤਿਆਂ ਧਰਤਿਆਂ ਨੂੰ ਇਕ ਦਮ ਚੌਕੰਨੇ ਤੇ ਸਾਵਧਾਨ ਕਰ ਦਿਤਾ ਅਤੇ ਉਹਨਾਂ ਨੇ ਇਸ ਤਹਿਰੀਕ ਨੂੰ ਕੁਚਲਣ ਲਈ ਰਸੇ ਪੈੜੇ ਵੱਟਨੇ ਸ਼ੁਰੂ ਕਰ ਦਿਤੇ।

ਇਸ ਪ੍ਰਸੰਗ ਵਿਚ ਅੰਗਰੇਜ਼ ਹਾਕਮਾਂ ਨੂੰ ਦੋ ਖਤਰਨਾਕ ਖਬਰਾਂ ਹੋਰ ਮਿਲੀਆਂ ਇਕ ਇਹ ਕਿ ਕੂਕੇ ਨੇਪਾਲ ਤੇ ਕਸ਼ਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਰਹੇ ਹਨ ਅਤੇ ਜੰਗ ਦੇ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨਤਾ ਹਾਸਲ ਕਰ ਰਹੇ ਹਨ। ਦੂਜੇ ਇਹ ਕਿ ਉਹ ਜ਼ਾਰ ਰੂਸ ਨਾਲ ਆਂਢਾ ਸਾਂਢਾ ਕਰ ਰਹੇ ਹਨ। ਖੁਦ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਭਰ ਵਿਚ ਚਿਰਾਂ ਤੋਂ ਇਹ ਪਰਚਾਰ ਸ਼ੁਰੂ ਕੀਤਾ ਹੋਇਆ ਸੀ ਕਿ ਹਿੰਦੁਸਤਾਨ ਨੂੰ ਰੂਸ ਤੋਂ ਖਤਰਾ ਹੈ। ਰੂਸ ਦਾ ਜ਼ਾਰ ਬੜਾ ਖੂੰਖਾਰ ਤੇ ਜ਼ਾਲਮ ਬਾਦਸ਼ਾਹ ਹੈ। ਉਹ ਹਿੰਦੁਸਤਾਨ ਤੇ ਹਮਲਾ ਕਰਨ ਹੀ ਵਾਲਾ ਹੈ। ਅੰਗਰੇਜ਼ ਹਾਕਮ ਹਿੰਦੁਸਤਾਨ ਨੂੰ ਉਸਦੇ ਜ਼ਾਲਮ ਪੰਜੇ ਤੋਂ ਬਚਾ ਕੇ ਰਖਣਾ ਚਾਹੁੰਦੇ ਹਨ, ਵਗੈਰਾ ਵਗੈਰਾ। ਇਸ ਲਈ ਮਲੇਛ ਫਰੰਗੀਆਂ ਦੇ ਹਥ ਵਿਚ ਕੂਕਿਆਂ ਦੇ ਵਿਰੁਧ ਦੋ ਜ਼ਬਰਦਸਤ ਹਥਿਆਰ ਹੋਰ ਆ ਗਏ। ਉਹ ਇਸ ਤਹਿਰੀਕ ਤੇ ਵਾਰ ਕਰਨ ਲਈ ਤਿਆਰੀਆਂ ਹੀ ਕਰ ਰਹੇ ਸਨ ਜਦੋਂ ਅੰਮ੍ਰਿਤਸਰ ਅਤੇ ਰਾਏਕੋਟ ਵਿਚ ਨਾਮਧਾਰੀਆਂ ਵਲੋਂ ਬੁਚੜਾਂ ਦੇ ਕਤਲ ਕੀਤੇ ਜਾਣ ਨੇ ਉਹਨਾਂ ਨੂੰ ਵਾਰ ਕਰਨ ਦਾ ਮੌਕਾ ਮੁਹਈਆ ਕਰ ਦਿਤਾ।

ਇਸ ਲਈ ਬ੍ਰਿਟਿਸ਼ ਹਾਕਮਾਂ ਵਲੋਂ ਕੂਕਾ ਲਹਿਰ ਤੇ ਵਾਰ ਕਰਨ ਦਾ ਅਸਲ ਕਾਰਨ ਨਾਮਧਾਰੀਆਂ ਦੀ ਵਧ ਰਹੀ ਸ਼ਕਤੀ ਅਤੇ ਜਥੇਬੰਦਕ ਡਸਿਪਲਨ ਸੀ। ਕੂਕੇ ਥੋੜੇ ਸਾਲਾਂ ਵਿਚ ਹੀ ਲਖਾਂ ਦੀ ਗਿਣਤੀ ਵਿਚ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਸਨ। ਉਨਾਂ ਦਾ ਗੁਰੂ ਗਰੀਬ ਸ਼ਰੇਣੀ ਵਿਚ ਪੈਦਾ ਹੋਇਆ ਸੀ ਅਤੇ ਗਰੀਬ ਤੇ ਦਲਿਤ ਸ਼ਰੇਣੀਆਂ ਦੀ ਰੂਹਾਨੀ ਤੇ ਰਾਜਸੀ ਆਜ਼ਾਦੀ ਦਾ ਪੈਗਾਮ ਲੈ ਕੇ ਆਇਆ ਸੀ। ਉਸਦੇ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਨ ਦੇ ਪਰੋਗਰਾਮ ਨੇ ਆਮ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਦੀ ਆਜ਼ਾਦੀ ਨੂੰ ਮੁੜ ਬਹਾਲ ਕਰਨ ਦੇ ਜਜ਼ਬੇ ਉਭਾਰੇ ਸਨ। ਪੰਜਾਬੀ ਗੈਰਤ ਤੇ ਅਣਖ ਨੂੰ ਪੈਰਾਂ ਤੇ ਖਲੋਣ ਲਈ ਟੁੰਬਿਆ ਸੀ ਅਤੇ ਪੰਜਾਬ ਦੇ ਲੋਕਾਂ ਅੰਦਰ ਇਕ ਨਵੀਂ ਅਣਖੀਲੀ ਮਰਦਾਨਗੀ ਦੀ ਰੂਹ ਭਰ ਦਿਤੀ ਸੀ। ਜਿਸ ਦੇ ਕਾਰਨ ਨਾਮਧਾਰੀ ਸ਼ੇਰ ਹਥੇਲੀਆਂ ਤੇ ਸਿਰ ਰਖ ਕੇ ਅੰਗਰੇਜ਼ ਰਾਜ ਦੇ ਖਿਲਾਫ ਜੂਝਣ ਲਈ ਸੀਨਾ ਤਾਣ ਕੇ ਖਲੋ ਗਏ ਸਨ।

ਅਤੇ ਅੰਗਰੇਜ਼ ਅਫਸਰਾਂ ਦੀਆਂ ਖੁਫੀਆ ਰਿਪੋਰਟਾਂ ਉਤਲੀ ਸਥਿਤੀ ਦੀ ਤਸਦੀਕ ਕਰਦੀਆਂ ਹਨ। ਉਹ ਸਾਫ ਸ਼ਬਦਾਂ ਵਿਚ ਕਹਿੰਦੀਆਂ ਹਨ ਕਿ "ਇਹ ਲਹਿਰ ਰਾਜਸੀ ਹੈ। ਖਾਲਸ ਧਾਰਮਕ ਨਹੀਂ।" ਗੁਰੂ ਰਾਮ ਸਿੰਘ ਇਕ ਐਸੀ ਸੰਸਥਾ ਦਾ ਆਗੂ ਹੈ ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ ਰਾਜ ਦਾ ਦੁਸ਼ਮਣ ਹੈ। ਜੇ ਇਸ ਤਹਿਰੀਕ ਦੇ ਛੇਤੀ ਤੋਂ ਛੇਤੀ ਮੱਕੂ ਥਨਣ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ ਫਸਾਦ ਅਤੇ ਬੁਰਿਆਈ (!?) ਦੀ ਬੁਨਿਆਦਾਂ ਤੇ ਖੜੀ ਕੀਤੀ ਗਈ ਇਹ ਲਹਿਰ ਆਉਣ ਵਾਲੇ ਸਮੇਂ ਵਿਚ ਬੜੇ ਖਤਰਿਆਂ ਤੇ ਤੌੜ ਫੋੜਨ ਘਟਨਾਵਾਂ ਦੀ ਜਨਮ ਦਾਤਾ ਬਣ ਸਕਦੀ ਹੈ।"

ਅੰਗਰੇਜ਼ ਅਫਸਰ ਅਸਲ ਵਿਚ ਕੋਈ ਬਹਾਨਾ ਲਭਦੇ ਸਨ, ਜਿਸ ਨੂੰ ਵਰਤ ਕੇ ਇਸ ਲਹਿਰ ਨੂੰ ਰਾਜ ਮਸ਼ੀਨਰੀ ਦੇ ਇਹੋ ਜਹੇ ਬੇਕਿਰਕ, ਵਹਿਸ਼ੀਆਨਾ ਭਰਪੂਰ ਤਸ਼ਦਦ ਨਾਲ ਕੁਚਲ ਦਿਤਾ ਜਾਏ। ਜੇਹੋ ਜਿਹਾ ਕਿ ਉਹਨਾਂ ਨੇ 1857 ਦੇ ਗਦਰੀਆਂ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਸੀ। ਰਾਏਕੋਟ ਦੇ ਬੁਚੜਾਂ ਦੇ ਕਤਲ ਨੇ ਅੰਗਰੇਜ਼ ਹਾਕਮਾਂ ਨੂੰ ਉਹ ਬਹਾਨਾ ਮੁਹਈਆ ਕਰ ਦਿਤਾ ਅਤੇ ਜਿਸ ਖੂੰਖਾਰ ਦਰਿੰਦਗੀ ਦਾ ਮੁਜ਼ਾਹਰਾ ਉਨਾਂ ਮਲੇਰਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਕੀਤਾ — ਉਸ ਦੀ ਮਿਸਾਲ ਗਦਰ ਦੇ ਦੌਰਾਨ ਕੀਤੇ ਗਏ ਜ਼ੁਲਮਾਂ ਵਿਚੋਂ ਹੀ ਮਿਲਦੀ ਹੈ। ਹੋਰ ਕਿਤੇ ਇਤਿਹਾਸ ਵਿਚ ਨਹੀਂ ਮਿਲਦੀ।

ਅੰਗਰੇਜ਼ ਹਾਕਮਾਂ ਦਾ ਮਕਸਦ ਇਸ ਵੇਲੇ ਸਿਰਫ ਕੂਕਾ ਲਹਿਰ ਨੂੰ ਜੜਾਂ ਤੋਂ ਪੁਟਣਾ ਨਹੀਂ ਸੀ — ਇਹ ਵੀ ਸੀ ਕਿ ਪੰਜਾਬ ਵਿਚ ਅਗੋਂ ਸਰਕਾਰ ਵਿਰੋਧੀ ਕੋਈ ਵੀ ਤਹਿਰੀਕ ਨਾ ਸਿਰ ਉਠਾ ਸਕੇ। ਇਤਿਹਾਸ ਗੁਆਹ ਹੈ ਕਿ ਸਰਕਾਰਾਂ ਦੇ ਏਹੋ ਜਹੇ ਮਕਸਦ ਨਾ ਕਦੇ ਪਿਛੇ ਸਫਲ ਹੋਏ ਹਨ ਅਤੇ ਨਾ ਕਦੇ ਅਗੋਂ ਹੋਣਗੇ। ਸਰਕਾਰਾ ਨੇ ਬੰਦੂਕਾਂ ਤੋਪਾਂ ਦੇ ਭਰੋਸੇ ਜਨਤਾ ਦੇ ਜਥੇਬੰਦਕ ਸੰਗਰਾਮਾਂ ਨੂੰ ਹਮੇਸ਼ਾਂ ਘਟ ਤੋਲਿਆ ਹੈ ਅਤੇ ਇਸ ਗਲਤੀ ਦਾ ਮੁਲ ਆਪਣੇ ਬਿਸਤਰੇ ਗੋਲ ਕਰਨ ਵਿਚ ਤਾਰਿਆ ਹੈ।

ਕੂਕਾ ਲਹਿਰ ਵਕਤੀ ਤੌਰ ਤੇ ਕੁਚਲ ਦਿਤੀ ਗਈ ਪਰ ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹ ਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪਰੇਰਨਾਸ਼ੀਲ ਚਿਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੁਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ।

ਇਹ ਹੈ ਕੂਕਾ ਬਗਾਵਤ ਦੀ ਇਤਿਹਾਸਕ ਮਹਾਨਤਾ। ਗਦਰ ਦੇ ਕੁਚਲੇ ਜਾਣ ਪਿਛੋਂ ਇਹ ਪਹਿਲੀ ਤਹਿਰੀਕ ਸੀ ਜਿਹੜੀ ਦੇਸ਼ ਦੀ ਆਜ਼ਾਦੀ ਲਈ ਉਠੀ।

****

Sri Satguru Jagjit Singh Ji Elibrary NamdhariElibrary@gmail.com

ਯਥਾਰਥਕ ਪ੍ਰਭਾਵ

ਡਾ: ਤਾਰਨ ਸਿੰਘ

ਆਧਿਆਤਮਕ ਸਾਹਿਤ ਦੇ ਨਵੀਨ ਅਤੇ ਵਿਗਿਆਨਕ ਖੋਜੀਆਂ ਦੀ ਮੂਹਰਲੀ ਕਤਾਰ ਵਿਚ ਆਪਦਾ ਸਥਾਨ ਬੜਾ ਸਿਰ ਕਢਵਾਂ ਹੈ। ਪੰਜਾਬੀ, ਹਿੰਦੀ, ਸੰਸਕ੍ਰਿਤ ਦੇ ਇਲਾਵਾ ਅੰਗਰੇਜ਼ੀ ਦੇ ਪਰਮੁਖ ਵਿਦਵਾਨ ਹਨ। ਬਹੁਤ ਦੇਰ ਖਾਲਸਾ ਕਾਲਜ ਅੰਮ੍ਰਿਤਸਰ ਦੇ ਧਾਰਮਿਕ ਵਿਭਾਗ ਦੇ ਮੁਖੀ ਰਹੇ ਹਨ ਅਤੇ ਕੁਝ ਚਿਰ ਬ੍ਰਿੰਦਾਬਨ ਵੀ ਰਹੇ, ਕੁਝ ਚਿਰ ਮਲਾਇਆ ਵਿਚ ਵੀ ਭਰਮਨ ਕੀਤਾ। ਅਜ ਕਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਦੇ ਮੁਖੀ ਹਨ। ਭਿੰਨ-ਭਿੰਨ ਧਰਮਾਂ ਦੇ ਤੁਲਨਾਮਿਕ ਅਧਿਐਨ ਅਤੇ ਗੁਰਬਾਣੀ ਦੀ ਵਿਗਿਆਨਕ ਵਿਆਖਿਆ ਲਈ ਆਪ ਨੂੰ ਨਿਪੁੰਨ ਵਿਸ਼ੇਸ਼ਗ ਦਾ ਸਥਾਨ ਪ੍ਰਾਪਤ ਹੈ। ਆਪ ਦੀ ਸ਼ੈਲੀ ਅਤੇ ਸ਼ਬਦਾਵਲੀ ਸਿਰਜਨਾਤਮਿਕ ਗਦ ਦਾ ਨਮੂਨਾ ਪੇਸ਼ ਕਰਦੀ ਹੈ। ਆਪ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ ਜਿਨਾਂ ਵਿਚੋਂ ਗੁਰੂ ਨਾਨਕ ਚਿੰਤਨ ਕਲਾ, ਬਾਰਾਮਾਹ ਦਰਪਣ, ਸਹਜ ਤੇ ਆਨੰਦ, ਭਗਤੀ ਤੇ ਸ਼ਕਤੀ ਅਤੇ ਪੰਜਾਬੀ ਸਾਹਿਤ ਤੇ ਸਾਹਿਤਕਾਰ ਪ੍ਰਸਿਧ ਹਨ।

ਸੰਪਾਦਕ

ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਹਨਾਂ ਦੇ ਵੀਰ ਬਾਬਾ ਬੀਰ ਸਿੰਘ ਜੀ ਨੂੰ ਮਿਲਣ ਦਾ ਮੌਕਾ ਮੈਨੂੰ ਇਸ ਤਰ੍ਹਾਂ ਪ੍ਰਾਪਤ ਹੋਇਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆ ਪੁਰਾਤਨ ਗੀਤਾਂ, ਰੀਕਾਰਡ ਕਰਨ ਦੀ ਇਕ ਯੋਜਨਾ ਉਲੀਕੀ। ਯੋਜਨਾ ਇਹ ਸੀ ਕਿ ਸੁਪ੍ਰਸਿਧ ਰਾਗੀ ਜਥਿਆਂ ਅਤੇ ਸੰਗੀਤਕਾਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਗੀਤਾਂ ਪਹਿਲਾਂ ਟੇਪ ਰੀਕਾਰਡ ਕੀਤੀਆਂ ਜਾਣ ਅਤੇ ਫਿਰ ਉਹਨਾਂ ਦੀ ਨੋਟੇਸ਼ਨ ਕਰਾਈ ਜਾਵੇ ਅਤੇ ਨੋਟੇਸ਼ਨ ਪ੍ਰਕਾਸ਼ਤ ਕੀਤੀ ਜਾਵੇ। ਯੋਜਨਾ ਵਿਚ ਇਹ ਵੀ ਸ਼ਾਮਲ ਸੀ ਕਿ ਪਾਕਿਸਤਾਨ ਜਾ ਚੁਕੇ ਰਬਾਬੀਆਂ ਤੋਂ ਵੀ ਪੁਰਾਤਨ ਗੀਤਾਂ ਇਕਤਰ ਕੀਤੀਆਂ ਜਾਣ ਪਰ ਇਹ ਸੰਭਵ ਨਹੀਂ ਸੀ ਹੋ ਸਕਿਆ। ਇਸ ਯੋਜਨਾ ਨੂੰ ਹਥ ਵਿਚ ਲੈਣ ਲਈ ਪਹਿਲਾਂ ਇਹ ਜ਼ਰੂਰੀ ਸੀ ਕਿ ਜਿਨ੍ਹਾਂ ਰਾਗੀਆਂ ਤੇ ਸੰਗੀਤਕਾਰਾਂ ਪਾਸ ਪੁਰਾਤਨ ਗੀਤਾਂ ਦਾ ਖਜ਼ਾਨਾ ਹੈ ਉਹ ਲੱਭੇ ਜਾਣ। ਇਸ ਭਾਲ ਵਿਚ ਕਈ ਰਾਗੀਆਂ ਪਾਸੋਂ ਅਜ਼ਮਾਇਸ਼ੀ ਤੌਰ ਤੇ ਪੁਰਾਤਨ ਗੀਤਾਂ ਦੀ ਰੀਕਾਰਡਿੰਗ ਕੀਤੀ ਗਈ। ਜਿਵੇਂ ਕਿ ਭਾਈ ਪ੍ਰਤਾਪ ਸਿੰਘ ਜੀ ਰਾਗੀ ਸੀਸ ਗੰਜ ਦਿਲੀ, ਸਵਰਗਵਾਸੀ ਭਾਈ ਸਮੁੰਦ ਸਿੰਘ ਜੀ, ਭਾਈ ਧਰਮ ਸਿੰਘ ਜੀ ਜ਼ਖਮੀ, ਭਾਈ ਸੁਧ ਸਿੰਘ, ਪ੍ਰਧਾਨ ਸਿੰਘ ਆਦਿ। ਇਸ ਸਬੰਧ ਵਿਚ ਪਤਾ ਲਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਬੀਰ ਸਿੰਘ ਜੀ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਗੀਤਾਂ ਦਾ ਬੜਾ ਵਡਾ ਖਜ਼ਾਨਾ ਹੈ। ਇਹ ਸਚ ਮੁਚ ਐਸਾ ਹੀ ਸੀ। ਇਸੇ ਸਬੰਧ ਵਿਚ ਮੈਂ ਤੇ ਮੇਰੇ ਸਾਥੀ ਬਲਕਾਰ ਸਿੰਘ, ਬਾਬਾ ਬੀਰ ਸਿੰਘ ਜੀ ਨੂੰ ਮਿਲੇ। ਉਹਨਾਂ ਨੇ ਬਡੀ ਉਦਾਰਤਾ ਨਾਲ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਵਿਖੇ ਬਹੁਤ ਸਾਰੀਆਂ ਪੁਰਾਤਨ ਗੀਤਾਂ ਦੀ ਰੀਕਾਰਡਿੰਗ ਕਰਾਈ। ਇਸ ਤਰ੍ਹਾਂ ਮੇਰਾ ਸਤਿਗੁਰੂ ਜਗਜੀਤ ਸਿੰਘ ਜੀ ਤੇ ਬਾਬਾ ਬੀਰ ਸਿੰਘ ਜੀ ਨਾਲ ਸੰਪਰਕ ਬਣਿਆ। ਇਹ

Sri Satguru Jagjit Singh Ji Elibrary NamdhariElibrary@gmail.com

ਸੰਪਰਕ ਦਿਨ ਬ ਦਿਨ ਬਡੀ ਨੇੜਤਾ ਪ੍ਰਾਪਤ ਕਰਦਾ ਰਿਹਾ। ਇਸੇ ਸੰਬੰਧ ਵਿਚ ਇਕ ਵਾਰੀ ਸਲਾਨਾ ਸਮਾਗਮ ਦੇ ਅਵਸਰ ਤੇ ਭੈਣੀ ਸਾਹਿਬ ਪਹੁੰਚਣ ਲਈ ਮੈਨੂੰ ਸਦਾ ਬਖਸ਼ਿਆ ਗਿਆ। ਉਸ ਦੀਵਾਨ ਵਿਚ ਮੈਨੂੰ ਕੁਝ ਸ਼ਬਦ ਕਹਿਣ ਦਾ ਵੀ ਅਵਸਰ ਦਿਤਾ ਗਿਆ। ਇਸ ਤਰਾਂ ਕਈ ਮੌਕੇ ਸਤਿਗੁਰੂ ਜੀ ਅਤੇ ਬਾਬਾ ਜੀ ਨੂੰ ਮਿਲਣ ਦੇ ਬਣਦੇ ਰਹੇ।

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕਈ ਪ੍ਰਕਾਰ ਦੇ ਪ੍ਰਭਾਵ ਮੇਰੇ ਮਨ ਤੇ ਯਥਾਰਥਕ ਤੌਰ ਤੇ ਉਕਰੇ ਹੋਏ ਹਨ। ਯਥਰਥਕ ਤੌਰ ਤੇ ਦਾ ਭਾਵ ਹੈ ਕਿ ਇਹ ਪ੍ਰਭਾਵ ਨਾ ਓਪਰੇ ਨਾ ਅਣਅਜ਼ਮਾਏ ਤੇ ਨਾ ਅਣਵਿਚਾਰੇ ਹੋਏ ਹਨ ਸਗੋਂ ਵੇਖੇ ਚਾਖੇ ਤੇ ਪਰਖੇ ਪੜਤਾਲੇ ਹੋਏ ਹਨ। ਗੱਲਾਂ ਕਈ ਕਹਿਣ ਵਾਲੀਆਂ ਹਨ ਪਰ ਚਾਰ ਦਾ ਇਸ ਵੇਲੇ ਵਿਸ਼ੇਸ਼ ਵਰਨਣ ਕਰਦਾ ਹਾਂ :—

(1) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲਦਿਆਂ ਪਹਿਲਾ ਪ੍ਰਭਾਵ ਉਹਨਾਂ ਦੀ ਸਾਦਾ ਰਹਿਣੀ ਬਹਿਣੀ ਦਾ ਹੈ। ਪਰ ਉਹਨਾਂ ਦੀ ਸਾਦਗੀ ਇਕ ਭੇਸ ਜਾਂ ਬਾਹਰਲਾ ਪਹਿਰਾਵਾ ਹੀ ਨਹੀਂ, ਇਹ ਸਾਦਗੀ ਉਹਨਾਂ ਦਾ ਅੰਤਰੀਵ ਸੁਭਾਅ ਹੈ ਅਤੇ ਉਹਨਾਂ ਦੀ ਆਤਮਾ ਦਾ ਸਾਥੀ ਹੈ। ਜਿਤਨੇ ਨਿਰਮਲ, ਦੂਧ ਚਿਟੇ, ਮੋਟੇ ਖਦਰ ਦੇ ਉਹਨਾਂ ਦੇ ਬਸਤਰ ਹਨ, ਉਤਨਾ ਹੀ ਨਿਰਮਲ ਪਵਿਤਰ ਉਹਨਾ ਦਾ ਮਨ ਹੈ। ਬਹੁਤੀਆਂ ਗੱਲਾਂ ਉਹ ਨਹੀਂ ਕਰਦੇ ਪਰ ਥੋੜੇ ਹੀ ਸ਼ਬਦਾਂ ਵਿਚ ਉਹ ਸਾਰੀ ਨਿਅ ਮਿਲਣ ਵਾਲੇ ਨੂੰ ਦੇ ਦਿੰਦੇ ਹਨ। ਬਸਤਰਾਂ ਦੀ ਸਾਦਗੀ ਉਹਨਾਂ ਦੇ ਸਾਦਾ ਖਾਣ ਪੀਣ ਅਤੇ ਸਾਦਾ ਰਹਿਣ ਬਹਿਣ ਵਿਚ ਵੀ ਸਾਖਿਆਤ ਰਹਿੰਦੀ ਹੈ। ਸੋਚਣੀ ਸਾਦਾ ਤੇ ਸਪਸ਼ਟ ਹੈ। ਬਿਆਨ ਸਾਦਾ ਤੇ ਸਪਸ਼ਟ ਹਨ। ਮਨ ਤੇ ਮੁਖ ਤੇ ਬਚਨ ਸਾਦਾ ਤੇ ਸਪਸ਼ਟ ਹਨ। ਭੈਣੀ ਸਾਹਿਬ ਦਾ ਸਾਰਾ ਵਾਤਾਵਰਣ ਸਾਦਗੀ ਦਾ ਹੈ। ਹੁਣ ਭੀਕ ਕਚੇ ਕੌਠਿਆਂ, ਕੱਚਾ ਖੁਲ੍ਹਾ ਦੀਵਾਨ ਅਸਥਾਨ ਹੈ। ਸਾਦਾ ਪਰ ਅਮੁਕ ਭੰਡਾਰੇ ਵਾਲਾ ਲੰਗਰ ਅਸਥਾਨ ਹੈ। ਸਾਦਗੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਹੈ।

(2) ਸਿਮਰਨ :— ਨਾਮ ਦਾ ਸਿਮਰਨ ਹੀ ਕੇਵਲ ਸਾਦਗੀ ਦੇ ਸਕਦਾ ਹੈ। ਸੇਠ ਤਰਲੋਕ ਸਿੰਘ ਜੀ ਦੀ ਕੋਠੀ ਅੰਮ੍ਰਿਤ ਵੇਲੇ ਤਿੰਨ ਵਜੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਰਪੂਰ ਦੀਵਾਨ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਿਆਂ ਮੈਂ ਆਪ ਸੁਣਿਆ ਦੇਖਿਆ ਹੈ। ਬਾਬਾ ਬੀਰ ਸਿੰਘ ਜੀ ਉਹਨਾਂ ਦੇ ਵੀਰ ਵੀ ਹਨ ਤੇ ਕੀਰਤਨ ਦੇ ਸਾਥੀ ਵੀ। ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੂੰ ਕੀਰਤਨ ਕਰਦਿਆਂ ਮੈਂ ਆਪ ਦੇਖਿਆ ਤੇ ਸੁਣਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਰ ਅਨੇਕ ਬਖਸ਼ਿਸ਼ਾਂ ਇਹਨਾਂ ਵੀਰਾਂ ਤੇ ਕੀਤੀਆਂ ਹਨ। ਸਿਮਰਨ ਤੇ ਕੀਰਤਨ ਦੀ ਜੋ ਦਾਤ ਉਹਨਾਂ ਦਿਤੀ ਹੈ ਉਹ ਅਮੋਲਕ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਹੀ ਇਹਨਾਂ ਨੂੰ ਰਾਗ ਦੀ ਦਾਤ ਮਿਲੀ ਹੈ, ਪਸ਼ੂ ਪਾਲਣ ਦਾ ਸ਼ੌਕ ਮਿਲਿਆ ਹੈ, ਗਊ ਘੋੜੇ ਦੀ ਪਰਖ ਮਿਲੀ ਹੈ। ਸਿਮਰਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਰੀ ਟੇਕ ਹੈ। ਭੈਣੀ ਸਾਹਿਬ ਵਿਖੇ ਦਰਜਨਾਂ ਵਿਅਕਤੀਆਂ ਨੂੰ ਸਿਮਰਨ ਵਿਚ ਸਮਾਧੀ ਅਸਥਿਤ ਹੋਇਆਂ ਮੈਂ ਦੇਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦਾ ਸਾਰ ਅੰਮ੍ਰਿਤ ਨਾਮ ਦਾ ਸਿਮਰਨ ਹੈ। ਜਿਹੜਾ ਵੀ ਇਹ ਕਮਾ ਲੈਂਦਾ ਹੈ ਉਹ ਨਾਮਧਾਰੀ ਤੇ ਸੱਚਾ ਸੁੱਚਾ ਸਿਖ ਹੈ। ਨਾਮਧਾਰੀਆਂ ਨੇ ਸਿਮਰਨ ਦੀ ਕਮਾਈ ਕਰ ਲਈ ਹੈ ਤੇ ਕਰ ਰਹੇ ਹਨ। ਇਹ ਲਾਗ ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਲਗੀ ਹੈ।

(3) ਤੀਜੀ ਗਲ ਸਤਿਗੁਰੂ ਜਗਜੀਤ ਸਿੰਘ ਜੀ ਤੇ ਬਾਬਾ ਬੀਰ ਸਿੰਘ ਜੀ ਦੀ ਨਿਮਰਤਾ ਹੈ। ਇਹ ਬੜੇ ਸਮਰਥ ਹਨ। ਜੀਵਨ ਨਗਰ ਦੇ ਦਰਸ਼ਨ ਮੈਂ ਨਹੀਂ ਕੀਤੇ। ਪਰ ਉਹਨਾਂ ਪਾਸ ਜ਼ਮੀਨਾਂ ਹਨ, ਫਾਰਮ ਹਨ, ਪਸ਼ੂ ਹਨ, ਕਾਰਾਂ ਤੇ ਜੀਪਾਂ ਹਨ, ਬਦੇਸ਼ਾਂ ਵਿਚ ਆਮ ਆਉਦੇ ਜਾਂਦੇ ਹਨ, ਹਜ਼ਾਰਾਂ ਸਿਖ

Sri Satguru Jagjit Singh Ji Elibrary NamdhariElibrary@gmail.com

ਸੇਵਕ ਇਹਨਾਂ ਨੂੰ ਕਰੋੜਾਂ ਰੁਪਏ ਭੇਟ ਕਰਨ ਦੇ ਸਮਰਥ ਹਨ। ਪਰ ਜਦੋਂ ਵੀ ਜਿਸ ਹਾਲਤ ਵਿਚ ਵੀ ਇਹਨਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ, ਇਉਂ ਪ੍ਰਤੀਤ ਹੋਇਆ ਹੈ ਕਿ ਇਹ ਬੜੀ ਨਿਮਰਤਾ ਨਾਲ ਮਿਲਦੇ ਹਨ, ਨਿਮਰਤਾ ਨਾਲ ਗਲ ਬਾਤ ਕਰਦੇ ਹਨ ਅਤੇ ਇਹਨਾਂ ਦੀ ਨਿਮਰਤਾ ਕੁਝ ਸਮੇਂ ਲਈ ਧਾਰਨ ਕੀਤਾ ਹੋਇਆ ਵਿਖਾਵਾ ਨਹੀਂ ਹੈ ਸਗੋਂ ਇਹਨਾਂ ਨੂੰ ਮਾਨ ਹੰਕਾਰ ਤੇ ਹੈਂਕੜਬਾਜ਼ੀ ਕਰਨੀ ਆਉਂਦੀ ਹੀ ਨਹੀਂ। ਬਾਬਾ ਬੀਰ ਸਿੰਘ ਦੋ ਤਿੰਨ ਵਾਰੀ ਜੀਪਾਂ ਗਡੀਆਂ ਲਈ ਪੰਜਾਬੀ ਯੂਨੀਵਰਸਿਟੀ ਵਿਖੇ ਮੇਰੇ ਨਿਵਾਸ ਅਸਥਾਨ ਤੇ ਅਚਾਨਕ ਹੀ ਆਏ ਹਨ। ਦੋ ਤਿੰਨ ਵਾਰੀ ਉਹਨਾਂ ਦੇ ਸਪੁਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਆ ਕੇ ਮਿਲੇ ਹਨ, ਘਰ ਆ ਕੇ ਮਿਲੇ ਹਨ। ਇਹ ਨਾਮਧਾਰੀ ਮੈਨੂੰ ਬੜੇ ਪਿਆਰੇ ਤੇ ਚੰਗੇ ਚੰਗੇ ਲਗੇ ਹਨ। ਚੰਡੀਗੜ ਮੇਰਾ ਮਕਾਨ ਜਿਨ੍ਹਾਂ ਕਾਮਿਆਂ ਨੇ ਬਣਾਇਆ ਹੈ ਉਹ ਵੀ ਸਬਬ ਨਾਲ ਨਾਮਧਾਰੀ ਸਨ। ਇੱਟਾਂ ਲਗਾਂਦਿਆਂ, ਰੰਦਾ ਫੇਰਦਿਆਂ ਉਹ ਕਥਾ ਵਾਰਤਾ ਕਰਦੇ, ਬਾਣੀ ਪੜਦੇ ਅਤੇ ਕੀਰਤਨ ਕਰਦੇ ਸਨ। ਨਿਮਰਤਾ ਨਾਮਧਾਰੀਆਂ ਦਾ ਸਰਟੀਫਿਕੇਟ ਹੈ, ਉਹਨਾਂ ਦੇ ਸਿਮਰਨ ਦਾ ਸਬੂਤ ਹੈ।

(4) ਜੋ ਗਲ ਸਭ ਤੋਂ ਵਚਿਤਰ ਹੈ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਹੈ, ਸਮਦ੍ਰਿਸ਼ਟਤਾ ਹੈ, ਸਹਿਵਾਸ ਦੀ ਭਾਵਨਾ ਹੈ। ਮੈਂ ਨਾਮਧਾਰੀ ਨਹੀਂ, ਇਹਨਾਂ ਦੇ ਦੀਵਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ। ਨਾਮਧਾਰੀ ਸਤਿਗੁਰੂ ਜੀ ਨੂੰ ਮੱਥਾ ਟੇਕਦੇ ਹਨ, ਮੈਂ ਅੰਦਰੋਂ ਇਹਨਾਂ ਨੂੰ ਮਥਾ ਟੇਕ ਦਿਤਾ ਹੈ ਪਰ ਰਸਮੀ ਤੌਰ ਤੇ ਨਹੀਂ ਟੇਕਿਆ। ਮੇਰਾ ਅਨੁਭਵ ਇਹ ਹੈ ਕਿ ਉਹਨਾਂ ਦੇ ਮੂੰਹ ਤੇ ਕਦੇ ਮਲਾਲ ਨਹੀਂ ਆਇਆ। ਉਹਨਾਂ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਕੌਣ ਉਹਨਾਂ ਨੂੰ ਮੱਥਾ ਟੇਕੇ। ਕਿਸੇ ਦੂਰ ਦੇ ਇਸ਼ਾਰੇ ਨਾਲ ਵੀ ਇਹ ਕਦੇ ਪ੍ਰਗਟ ਨਹੀਂ ਕੀਤਾ ਕਿ ਮੈਂ ਜਾਂ ਕੋਈ ਹੋਰ ਉਹਨਾਂ ਦੀ ਸੰਪ੍ਰਦਾ ਵਿਚ ਆਵੇ। ਜਦੋਂ ਵੀ ਉਹ ਸਿਖੀ ਤੇ ਪੰਥ ਦੀ ਕੋਈ ਗਲ ਕਰਦੇ ਹਨ, ਕਦੇ ਵੀ ਸੰਪ੍ਰਦਾ ਦੀ ਮਹਾਨਤਾ ਦਾ ਕੋਈ ਇਸ਼ਾਰਾ ਨਹੀਂ ਕਰਦੇ। ਕਟੜਪੁਣਾ ਤੰਗਨਜ਼ਰੀਆ ਸਦਾ ਉਹਨਾਂ ਤੋਂ ਕੋਹਾਂ ਦੂਰ ਰਹੇ ਹਨ। ਇਹ ਮੇਰੇ ਮਨ ਤੇ ਪ੍ਰਭਾਵ ਹੈ। ਉਹ ਸਦਾ ਵਿਸ਼ਾਲ ਹਿਰਦੇ ਨਾਲ ਗਲਬਾਤ ਕਰਦੇ ਹਨ, ਵਿਸ਼ਾਲਤਾ ਵਿਚ ਵਿਚਰਦੇ ਹਨ, ਸਭ ਵਿਚਾਰਾਂ ਦਾ ਸਤਿਕਾਰ ਕਰਦੇ ਹਨ, ਸਭ ਨਾਲ ਸਹਿਵਾਸ ਰਖ ਸਕਦੇ ਹਨ। ਇਹ ਬੜੀ ਵਡੀ ਸ਼ਖਸੀਅਤ ਦਾ ਭੂਸ਼ਣ ਹੈ।

ਮੇਰੀ ਸਮਰਥਾ ਵਿਚ ਨਹੀਂ ਹੈ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਨੂੰ ਮਾਪਣ ਦੇ ਕੋਈ ਮਿਆਰ ਕਾਇਮ ਕਰ ਸਕਾਂ ਜਾਂ ਉਹਨਾਂ ਦੀ ਸ਼ਖਸੀਅਤ ਦਾ ਮੁਲ ਪਾ ਸਕਾਂ । ਇਹਦੇ ਨਾਲ ਉਹਨਾਂ ਨੂੰ ਨਮਸਕਾਰ ਕਰਕੇ ਮੈਂ ਇਹ ਬਿਆਨ ਸਮਾਪਤ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਉਹਨਾਂ ਤੇ ਹੋਰ ਬਖਸ਼ਿਸ਼ ਕਰੇ।

****

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਵਿਸ਼ਵ ਇਤਿਹਾਸ ਵਿਚ
ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਥਾਨ

ਗਿਆਨੀ ਤ੍ਰਿਲੋਕ ਸਿੰਘ ਹਿਸਟੋਰੀਅਨ ਅੰਮ੍ਰਿਤਸਰ

ਸਤਿਗੁਰੂ ਰਾਮ ਸਿੰਘ ਵਲੋਂ ਖੰਡੇ ਦਾ ਅੰਮ੍ਰਿਤ ਨਿਰਭੈਤਾ ਅਤੇ ਸੱਚ ਦੀ ਬਖਸ਼ਿਸ਼

ਮਨੁਖ ਦੇ ਆਤਮਕ ਅਤੇ ਸਰੀਰਕ ਬਲ ਨੂੰ ਸੁਰਜੀਤ ਰਖਣ ਵਾਸਤੇ ਵਿਸ਼ਵ ਵਿਚ ਯੁਗਾਂ ਤੋਂ ਇਕ ਮਰਯਾਦਾ ਚਲੀ ਆ ਰਹੀ ਹੈ ਜਿਸ ਨੂੰ ਪੰਜਾਬੀ ਬੋਲੀ ਵਿਚ "ਗੁੜ੍ਹਤੀ" ਅਥਵਾ ਗੁਰਦੀਖਿਆ — ਜਾਂ "ਅੰਮ੍ਰਿਤ" ਆਖਿਆ ਜਾਂਦਾ ਹੈ। ਇਸ ਮਰਯਾਦਾ ਨੂੰ ਹਰ ਮਤ ਦੇ ਮੁਖੀਏ, ਪਰੋਹਤ, ਅਥਵਾ ਦੇਵ ਪੁਜਾਰੀ ਜਾਂ ਟੱਬਰ ਦੇ ਮੁਖੀਏ ਇਸਤ੍ਰੀ-ਪੁਰਖ ਪੂਰਿਆਂ ਕਰਦੇ ਹਨ। ਅੰਗਰੇਜ਼ੀ ਵਿਚ ਸ਼ਬਦ 'ਬਪਤਸਮਾ' ਹੈ। ਇਹ ਬਪਤਸਾ ਹਜ਼ਰਤ ਈਸਾ ਤੋਂ ਪਹਿਲਾਂ ਜੌਹਨ ਦਿੰਦਾ ਸੀ। ਨਵੀਂ ਅੰਜੀਲ ਵਿਚ ਲਿਖਿਆ ਮਿਲਦਾ ਹੈ ਕਿ "ਮੈਂ ਪਾਣੀ ਨਾਲ ਬਪਤਸਮਾ ਦਿੰਦਾ ਹਾਂ। ਆਉਣ ਵਾਲਾ ਆਪਣੇ ਪਵਿਤਰ ਲਹੂ ਨਾਲ ਬਪਤਸਮਾ ਦੇਵੇਗਾ।" ਇਸਰਾਈਲ ਦੀ ਸੰਤਾਨ (ਯਹੂਦੀ) ਗੁਲਾਮ ਹੋਈ ਗੁਲਾਮੀ ਭਿਆਨਕ ਤੇ ਅਤੁਲ ਭਾਰ ਹੇਠਾਂ ਦਬੀ ਤੇ ਕੁਚਲੀ ਗਈ, ਨਿਰਭੈਤਾ ਤੇ ਆਪਣੀ ਹੋਂਦ ਦਾ ਅਹਿਸਾਸ ਗਵਾ ਆਏ। ਉਸ ਵੇਲੇ ਹਜ਼ਰਤ ਮੂਸਾ ਨੇ ਈਸ਼ਵਰ ਦਾ ਪੈਗਾਮ ਸੁਣਾਇਆ, "ਸਾਰੇ ਸੈਨਾਈ ਪਰਬਤ ਹੇਠਾਂ ਇਕਠੇ ਹੋਵੋ, ਈਸ਼ਵਰ ਦਰਸ਼ਨ ਦੇਵੇਗਾ, ਬਚਨ ਕਰੇਗਾ।" ਗੁਲਾਮ ਯਹੂਦੀ ਇਕੱਤਰ ਹੋਏ। ਅੱਗ ਦੇ ਰੂਪ ਵਿਚ ਈਸ਼ਵਰ ਪਰਗਟ ਹੋਇਆ ਤੇ ਵਧ ਹੁਕਮ ਦਿਤਾ। ਉਹਨਾਂ ਹੁਕਮਾਂ ਨੂੰ ਸੁਣਿਆ ਤੇ ਮੰਨਿਆ ਤਾਂ ਉਹਨਾਂ ਦੇ ਅੰਦਰ ਆਪਣੇ ਆਪ ਦਾ ਅਹਿਸਾਸ ਪੈਦਾ ਹੋ ਗਿਆ। ਨਿਰਭੈਤਾ ਆ ਗਈ। ਉਹ ਫੌਰਨ ਬਾਦਸ਼ਾਹੀ ਵਿਰੁਧ ਲੜਨ ਲਈ ਤਿਆਰ ਹੋ ਗਏ। ਉਹ ਉਹਨਾਂ ਵਾਸਤੇ ਦੀਖਿਆ ਸੀ। ਉਹਨਾਂ ਨੇ "ਸੁਣਿਆ ਮੰਨਿਆ ਮਨਿ ਕੀਤਾ ਭਾਉ।" ਆਰੀਆ ਲੋਕਾਂ ਦੀ ਇਹ ਮਰਯਾਦਾ ਅਜੇ ਤਕ ਕਈਆਂ ਰੂਪਾਂ ਵਿਚ ਪ੍ਰਚਲਤ ਹੈ।

ਪਰ ਗੁਰਮਤਿ ਅਥਵਾ "ਸਿਖ ਧਰਮ" ਵਿਚ ਪਰਚਲਤ ਮਰਯਾਦਾ ਗੁਰਦੀਖਿਆ — ਪਹੁਲ - ਦਾ ਨਵਾਂ ਰੂਪ ਬਦਲਿਆ ਗਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਬਾਣੀਆਂ ਸਾਥ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਅੰਮ੍ਰਿਤ ਸ਼ਬਦ ਬਾਣੀ ਵਿਚੋਂ ਹੀ ਲਿਆ ਜਿਵੇਂ:—

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ, ਸੁ ਅੰਮ੍ਰਿਤ ਗੁਰ ਤੇ ਪਾਇਆ।
ਪਾਇਆ ਅੰਮ੍ਰਿਤ ਗੁਰਿ ਕ੍ਰਿਪਾ ਕੀਨੀ, ਸਚਾ ਮਨਿ ਵਸਾਇਆ।
ਜੀਅ ਜੰਤ ਸਭਿ ਤ੍ਰਿਧ ਉਪਾਏ, ਇਕਿ ਵੇਖਿ ਪਰਸਣਿ ਆਇਆ।
ਲਭੁ ਲੋਭੁ ਅਹੰਕਾਰ ਚੁਕਹ ਸਤਿਗੁਰੂ ਭਲਾ ਭਾਇਆ।
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤ ਗੁਰ ਤੇ ਪਾਇਆ।

(ਅਨੰਦ,

Sri Satguru Jagjit Singh Ji Elibrary NamdhariElibrary@gmail.com

ਖੰਡੇ ਦੇ ਅੰਮ੍ਰਿਤ ਦੀ ਦਾਤ ਨੇ ਲੱਖਾਂ ਨਿਰਬਲ ਗੁਲਾਮਾਂ ਨੂੰ ਨਿਰਭੈਤਾ ਤੇ ਸੁਤੰਤਰਤਾ ਦਾ ਅਹਿਸਾਸ ਬਖਸ਼ਿਆ। ਸਾਰੇ ਮੁਗਲ ਸਾਮਰਾਜ ਵਿਰੁਧ ਉਠ ਖਲੋਤੇ ਤੇ ਆਪਣੇ ਆਪ ਨੂੰ ਸੁਤੰਤਰ ਕਰਵਾਇਆ। ਪਰ ਜਦੋਂ ਖੰਡੇ ਦੇ ਅੰਮ੍ਰਿਤ ਦੀ ਮਰਯਾਦਾ ਭੁਲੇ ਤੇ ਮੁੜ ਗੁਲਾਮ ਹੋ ਗਏ। ਨਿਰੇ ਗੁਲਾਮ ਹੀ ਨਾ ਹੋਏ ਸਗੋਂ ਧਰਮ, ਅਣਖ, ਸਚਾਈ, ਨੇਕੀ ਤੇ ਘਰ ਦਾ ਪਿਆਰ ਵੀ ਭੁਲ ਗਏ। ਮੁਰਦਾ ਹੋਈ ਕੌਮ ਨੂੰ ਮੁੜ ਸੁਰਜੀਤ ਕਰਨ ਅਤੇ ਬਰਤਾਨਵੀ ਸਾਮਰਾਜ ਦਾ ਅੰਤ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ 1857 ਵਿਚ ਮੁੜ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਪੰਜ ਪਿਆਰੇ ਕਾਇਮ ਕੀਤੇ ਤੇ ਸਭ ਨੂੰ ਅੰਮ੍ਰਿਤ ਬਖਸ਼ਣ ਦੀ ਲਹਿਰ ਚਲਾਈ। ਵਾਧਾ ਇਹ ਕੀਤਾ ਕਿ ਬੀਬੀਆਂ ਨੂੰ ਵੀ ਅੰਮ੍ਰਿਤ ਛਕਾਇਆ। ਜਿਸ ਇਸਤਰੀ ਪੁਰਸ਼ ਨੇ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਜਾਂ ਉਹਨਾਂ ਦੀ ਹਜ਼ੂਰੀ ਵਿਚ ਅੰਮ੍ਰਿਤ ਪਾਨ ਕਰ ਲਿਆ, ਉਹੋ ਹੀ ਨਿਰਭੈ ਹੋ ਮੁਕਤੀ ਫੌਜ ਦਾ ਸਿਪਾਹੀ ਬਣ ਗਿਆ। ਉਸਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਸੁਣੇ ਤੇ ਮਨ ਵਸਾਏ। ਪਿਆਰ ਕੀਤਾ। ਮੌਤ ਦਾ ਡਰ ਦੂਰ ਕਰਦਿਆਂ ਮੋਹ ਮਾਇਆ ਦਾ ਤਿਆਗ ਕਰ ਦਿਤਾ। ਐਸੀ ਲਹਿਰ ਚਲੀ ਕਿ ਚਾਰ ਸਾਲ ਪਿਛੋਂ ਹੀ ਪੰਜਾਬ ਦੀ ਬਰਤਾਨਵੀ ਸਰਕਾਰ ਭੈਭੀਤ ਹੋ ਗਈ। ਨਵੀਂ ਮੁਕਤੀ ਸੈਨਾ ਦਾ ਨਾਮ ਪ੍ਰਚਲਤ ਹੋਇਆ "ਕੂਕੇ ਅਥਵਾ ਨਾਮਧਾਰੀ"। ਪਰ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸੈਨਾ ਦਾ ਨਾ "ਸੰਤ ਖਾਲਸਾ" ਰਖਿਆ ਸੀ।

"ਕੂਕਾ" ਸ਼ਬਦ ਗੈਰ ਨਾਮਧਾਰੀਆਂ, ਉਸ ਸਮੇਂ ਦੀ ਹਕੂਮਤ ਦੇ ਕਰਮਚਾਰੀਆਂ ਅਤੇ ਅਗਿਆਨੀ ਪੁਰਸ਼ਾਂ ਵਲੋਂ ਉਚਾਰਿਆ ਗਿਆ ਸੀ ਕਿਉਂ ਕਿ ਜਿਹੜੇ ਵੀ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਅੰਮ੍ਰਿਤ ਛਕਦੇ ਅਤੇ ਨਾਮ ਪਰਾਪਤ ਕਰਦੇ ਉਹ ਨਿਰਭੈਤਾ ਨਾਲ ਜੋਟੀਆਂ ਅਥਵਾ ਧਾਰਨਾ ਦੇ ਸ਼ਬਦ ਉਚੀ ਉਚੀ ਪੜਦੇ ਅਵਾਜ਼ਾਂ ਉਚੀ ਕੂਕਾਂ ਪ੍ਰਤੀਤ ਹੁੰਦੀਆਂ। ਉਸ ਕਾਰਨ "ਕੂਕਾ ਜਾਂ ਕੂਕੇ" ਵਿਸ਼ੇਸ਼ਣ ਨਾਂਮ ਪ੍ਰਚਲਤ ਹੋ ਗਿਆ। ਨਾਮਧਾਰੀ ਵਿਸ਼ੇਸ਼ਣ ਨਾਮ ਨਾਲ ਜੁੜਿਆ ਨਾਮ ਸਿਮਰਨ ਕਰਨਾ। ਨਾਮ ਨੂੰ ਹੀ ਜੀਵਨ ਨਾਮ ਨੂੰ ਹੀ ਜੀਵਨ ਦਾ ਉਧਾਰ ਮੰਨਿਆ ਹੈ। ਅਜ ਸਾਰੀ ਸੰਪ੍ਰਦਾਇ ਨੂੰ ਨਾਮਧਾਰੀ ਸੰਗਤ ਆਖਿਆ ਜਾਂਦਾ ਹੈ।

ਜਿਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਤੇ ਮੰਤ੍ਰ ਲਿਆ, ਉਹ ਸੰਤ ਖਾਲਸਾ ਬਣ ਗਏ। ਸੰਤ ਖਾਲਸੇ ਦਾ ਜੀਵਨ ਉਦੇਸ਼ ਰਖਿਆ ਸੇਵਾ। ਮਾਨਵਤਾ, ਗਊ ਗਰੀਬ, ਦੇਸ਼ ਅਤੇ ਧਰਮ ਦੀ ਸੇਵਾ। ਰਾਜਸੀ ਗੁਲਾਮੀ ਨੂੰ ਖਤਮ ਕਰਨ ਨਾਲ ਧਰਮ ਤੇ ਗਊ ਗਰੀਬ ਸੁਤੰਤਰ ਹੁੰਦੇ ਹਨ। ਗੁਲਾਮੀ ਤੋਂ ਛੁਟਕਾਰਾ ਪਾਉਣ ਅਤੇ ਸੁਤੰਤਰਤਾ ਦਾ ਵਿਚਾਰ ਮਨ ਵਿਚ ਦ੍ਰਿੜ ਕਰਾਉਣ ਲਈ ਸਤਿਗੁਰੂ ਜੀ ਨੇ ਇਹ ਸਿਧਾਂਤ ਬਖਸ਼ਿਆ ਤੇ ਹੁਕਮ ਕੀਤਾ — ਫਰੰਗੀ ਨਾਲ ਪੂਰਨ ਬਾਈਕਾਟ ਕਰਨਾ ਹੈ। ਨਾ -ਮਿਲਵਰਤਨ ਦੀ ਲਹਿਰ ਚਲਾਉਣੀ ਹੈ।

(1) ਸਰਕਾਰੀ ਦਫਤਰਾਂ, ਕਚਿਹਰੀਆਂ ਤੇ ਥਾਨਿਆਂ ਦਾ ਬਾਈਕਾਟ।
(2) ਫਰੰਗੀ ਸਰਕਾਰ ਦੀ ਨੌਕਰੀ ਨਹੀਂ ਕਰਨੀ।
(3) ਫਰੰਗੀ ਵਲੋਂ ਤਿਆਰ ਕੀਤੀ ਗਈ ਰੇਲ ਗਡੀ ਤੇ ਨਹੀਂ ਚੜਨਾ ਤੇ ਪਕੀ ਸੜਕ ਉਤੇ ਨਹੀ ਤੁਰਨਾ।
(4) ਬਦੇਸ਼ੀ ਕਪੜਾ ਨਹੀਂ ਪਹਿਨਣਾ ਨਾ ਬਦੇਸ਼ੀ ਦਵਾਈ ਵਰਤਨੀ ਹੈ।
(5) ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਨਹੀਂ ਕਰਨੀ। ਸਰਕਾਰੀ ਸਕੂਲਾਂ ਵਿਚ ਬਚੇ ਨਹੀਂ ਪੜਾਉਣੇ।
(6) ਸਰਕਾਰੀ ਡਾਕ ਤੇ ਤਾਰ ਰਾਹੀਂ ਕੋਈ ਸੰਦੇਸ਼ ਨਹੀਂ ਭੇਜਣਾ ਉਪਰੋਕਤ ਹੁਕਮ ਮੰਨਣੇ ਸਾਧਾਰਨ

Sri Satguru Jagjit Singh Ji Elibrary NamdhariElibrary@gmail.com

ਇਸਤਰੀ-ਪੁਰਖ ਵਾਸਤੇ ਸੱਖੇ ਨਹੀਂ ਸਨ। ਪਰ ਹਰ ਨਾਮਧਾਰੀ ਨੇ ਸਤਿਗੁਰੂ ਜੀ ਦੇ ਹੁਕਮਾਂ ਨੂੰ ਮੰਨਣ ਦਾ ਜਤਨ ਕਰਕੇ ਦੇਸ਼ ਵਿਚ 'ਸਵਰਾਜ' ਪ੍ਰਾਪਤੀ ਦੀ ਲਹਿਰ ਦਾ ਪ੍ਰਾਰੰਭ ਕੀਤਾ।

ਉਪਰੋਕਤ ਹੁਕਮਾਂ ਦਾ ਅੰਤ੍ਰੀਵ ਭਾਵ ਸੀ ਕਿ ਫਰੰਗੀ ਵਲੋਂ ਗੁਲਾਮੀ ਦੀ ਕੌੜੀ ਗੋਲੀ "ਲੋਕ ਭਲਾਈ" ਦੀ ਖੰਡ ਨਾਲ ਲਬੇੜ ਕੇ ਭਾਰਤੀਆਂ ਨੂੰ ਖਵਾਈ ਜਾ ਰਹੀ ਹੈ। ਨੌਕਰੀਆਂ, ਜਗੀਰਾਂ, ਅਹੁਦਿਆਂ ਦੇ ਲਾਲਚ ਦੇ ਕੇ ਸੁਤੰਤਰ ਰੂਹ ਨੂੰ ਪਿੰਜਰੇ ਵਿਚ ਪਾਇਆ ਜਾ ਰਿਹਾ ਸੀ। ਇਨਸਾਫ ਦੇ ਨਾਂ ਉਤੇ ਆਜ਼ਾਦੀ ਦੇ ਇਛਾਵਾਨਾਂ ਨੂੰ ਜੇਹਲਾਂ ਵਿਚ ਸੁਟਿਆ ਜਾਂਦਾ ਤੇ ਜ਼ਰ, ਜ਼ੋਰ ਤੇ ਜ਼ਮੀਨ ਦੇ ਝਗੜੇ ਹਥ ਲੈ ਕੇ ਲੋਕਾਂ ਨੂੰ ਆਪਸ ਵਿਚ ਲੜਨਾ ਅਤੇ ਇਕ ਦੂਸਰੇ ਵਿਰੁਧ ਵੈਰ ਭਾਵਨਾਂ ਪੈਦਾ ਕਰਨ ਦਾ ਜਤਨ ਹੁੰਦਾ। ਰੇਲ ਗਡੀ, ਨਹਿਰ ਤੇ ਪਕੀ ਸੜਕ ਦਾ ਝਲਕਾ ਦੇ ਕੇ ਖਾਲਸਾ ਰਾਜ ਵਿਰੁਧ ਪ੍ਰਚਾਰ ਕੀਤਾ ਜਾਂਦਾ ਤੇ ਲੋਕਾਂ ਕੋਲੋਂ ਅਖਵਾਇਆ ਜਾਂਦਾ ਸੀ "ਅੰਗਰੇਜ਼ੀ ਰਾਜ ਚੰਗਾ ਹੈ। ਵੇਖੋ ਕਿੰਨੀਆਂ ਸਹੂਲਤਾਂ ਹਨ। ਸੁਖ ਹਨ।" ਤੇ ਜਦੋਂ ਗੁਲਾਮ ਜਾਂ ਨੌਕਰ ਇਹ ਅਨੁਭਵ ਕਰਨ ਲਗ ਪਵੇ ਕਿ ਉਸ ਦਾ ਮਾਲਕ ਬਾਦਸ਼ਾਹ ਉਸ ਦੇ ਭਲੇ ਵਾਸਤੇ ਸੋਚਦਾ ਤੇ ਕਰਦਾ ਹੈ ਤਾਂ ਉਹ ਮਾਲਕ ਦੇ ਜੂਲੇ ਹੇਠੋਂ ਨਹੀਂ ਨਿਕਲ ਸਕਦਾ। ਕੋਹਲੂ ਦੇ ਬੈਲ ਵਾਂਗ ਅਖਾਂ ਮੀਟ ਕੇ ਤੁਰਿਆ ਜਾਂਦਾ ਸਖਤੀਆਂ ਨੂੰ ਵੀ ਸੁਖ ਸਮਝਦਾ ਹੈ ਤੇ ਸੁਤੰਤਰਤਾ ਦਾ ਵਲਵਲਾ ਖਤਮ ਕਰ ਲੈਂਦਾ ਹੈ।

ਸੰਨ 1854 ਵਿਚ ਹਰ ਸ਼ਹਿਰ ਤੇ ਕਸਬੇ ਵਿਚ ਅੰਗਰੇਜ਼ੀ ਸਰਕਾਰ ਨੇ ਸਕੂਲਾਂ ਦਾ ਜਾਲ ਤਾਣਿਆ। ਪੜਾਈ ਦਾ ਮਾਧਿਅਮ ਉਰਦੂ ਤੇ ਅੰਗਰੇਜ਼ੀ ਰਖਿਆ। ਸਰਕਾਰ ਦਾ ਨਿਸ਼ਾਨਾ ਸੀ, ਸਰਕਾਰੀ ਮੁਣਸ਼ੀ ਤੇ ਪਟਵਾਰੀ ਪੈਦਾ ਕਰਕੇ ਸਰਕਾਰੀ ਮਸ਼ੀਨਰੀ ਨੂੰ ਚਲਾਈ ਰਖਣਾ। ਜਿਹੜਾ ਨੌਕਰ ਹੁੰਦਾ ਸੀ, ਉਹ ਬਾਦਸ਼ਾਹ ਬਰਤਾਨੀਆਂ ਦਾ ਵਫਾਦਾਰ ਹੋਣ ਦੀ ਸਹੁੰ ਚੁਕਦਾ ਸੀ ਤੇ ਤਨਖਾਹ ਦਾ ਲਾਲਚ ਉਸ ਨੂੰ ਹੋਰ ਵੀ ਵਫਾਦਾਰ ਬਣਾਉਦਾ ਸੀ। ਦੂਸਰਾ ਸਕੂਲਾਂ ਵਿਚ ਈਸਾਈ ਪਾਦਰੀ ਕੰਮ ਕਰਦੇ ਸਨ। ਉਹ ਭਾਰਤ ਦੀ ਸੰਸਕ੍ਰਿਤੀ, ਵੇਦਿਕ ਮਤਾਂ, ਦੇਵੀ ਦੇਵਤਿਆਂ, ਤੀਰਥਾਂ ਆਦਿ ਦੀ ਵਿਰੋਧਤਾ ਕਰਦੇ ਅਤੇ ਮਖੌਲ ਉਡਾਉਦੇ ਹੋਏ ਬਚਿਆਂ ਨੂੰ ਈਸਾਈਮਤ ਵਲ ਪਰੇਰਦੇ। ਸਭ ਤੋਂ ਬਹੁਤੀ ਵਿਰੋਧਤਾ ਗੁਰਮਤਿ ਦੀ ਕਰਦੇ। ਸੰਨ 1854 ਈ: ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਨਾਉਣ ਪਿਛੋਂ ਸਿਖਾਂ ਵਿਚ ਇਹ ਲਹਿਰ ਚਲਾਈ। ਕਪੂਰਥਲਾ ਦੇ ਸ਼ਾਹੀ ਖਾਨਦਾਨ ਵਿਚੋਂ ਕੁਝ ਸਿਖਾਂ ਦੇ ਈਸਾਈ ਬਣਨ ਤੇ ਬਹੁਤ ਬੁਰਾ ਅਸਰ ਜਨਤਾ ਉਤੇ ਪਿਆ। ਪਛੜੀਆਂ ਸ਼ਰੇਣੀਆਂ ਵਿਚੋਂ ਬਹੁਤ ਈਸਾਈ ਬਣੇ ਤੇ ਸਰਕਾਰ ਦੀ ਹਮਾਇਤ ਕਰਨ ਲਗੇ।

ਸਰਕਾਰ ਦੀ ਮਿਠੀ ਪਰ ਜ਼ਹਿਰੀਲੀ ਨੀਤੀ, ਵਫਾਦਾਰਾਂ ਦੀ ਗਿਣਤੀ ਵਧਾਈ ਜਾਂਦੀ ਸੀ। ਸਿਖ ਹਿੰਦੂ ਮੁਸਲਮਾਨ ਤੇ ਈਸਾਈ ਬਰਤਾਨਵੀ ਸਰਕਾਰ ਦੀਆਂ ਜੜ੍ਹਾਂ ਹਰੀਆਂ ਰਖਣ ਵਾਸਤੇ ਵਫਾਦਾਰੀ ਦਾ ਪਾਣੀ ਪਾਉਂਦੇ ਸਨ ਤੇ ਕ੍ਰਾਂਤੀ ਦੀ ਜਵਾਲਾ ਨੂੰ ਠੰਢੀ ਕਰਨ ਤੇ ਬਲ ਤੇ ਦਿਮਾਗੀ ਖਿਆਲਾਂ ਦੀ ਵਰਤੋਂ ਕਰਨੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਸੰਕਟ ਹੀ ਸੰਕਟ ਸਨ। ਉਹਨਾਂ ਨੇ ਸੰਕਟਾਂ ਦੀ ਪ੍ਰਵਾਹ ਨਾ ਕੀਤੀ ਤੇ ਐਸੇ ਸੁਨਹਿਰੀ ਅਸੂਲ ਤੇ ਸਿਧਾਂਤ ਸੰਗਤ ਅਗੇ ਰਖੇ ਜਿਹੜੇ ਸੰਕਟਾਂ ਦੀਆਂ ਘੁੰਡੀਆਂ ਕਟੀ ਜਾਂਦੇ ਸਨ ਤੇ ਨਿਰਭੈਤਾ ਵਧਦੀ ਜਾਂਦੀ ਸੀ।

ਅਕਾਲ ਪੁਰਖ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਨੇ ਉਚੇਚੀਆਂ ਬਰਕਤਾਂ ਤੇ ਬਖਸ਼ਸ਼ਾਂ ਪ੍ਰਾਪਤ

Sri Satguru Jagjit Singh Ji Elibrary NamdhariElibrary@gmail.com

ਕੀਤੀਆਂ ਸਨ ਜਿਨਾਂ ਨੇ 1857 ਤੋਂ 1872 ਦੇ ਸਮੇਂ ਵਿਚ ਸਵਰਾਜ ਕਾਇਮ ਕਰਨ ਦੀਆ ਹਨੇਰੀਆਂ ਪਛਮ ਵਲੋਂ ਉਠ ਕੇ ਸਾਰੇ ਏਸ਼ੀਆ ਉਤੇ ਜੋਸ਼ ਨਾਲ ਝੂਲ ਰਹੀਆਂ ਸਨ। ਕੋਈ ਹੰਸਲਾ ਨਹੀ ਸੀ ਕਰਦਾ ਸਾਮਰਾਜਾਂ ਦੀ ਵਿਰੋਧਤਾ ਕਰਨ ਦੀ। ਜਗੀਰਦਾਰੀ ਸਰਮਾਏਦਾਰੀ ਦੀ ਵਿਰੋਧਤਾ ਕਰਨ ਤੇ ਪਰੋਹਤੀ
ਨੂੰ ਸਾਮਰਾਜਾਂ ਨੇ ਖਰੀਦ ਲਿਆ ਸੀ, ਇੰਗਲੈਂਡ ਦਾ ਚਰਚ ਵੀ ਰਾਜ ਦੇ ਅਧੀਨ ਹੋ ਗਿਆ ਸੀ।

ਇਤਿਹਾਸ ਤੋਂ ਸਰਕਾਰ ਦਾ ਗੀਕਾਰਡ ਇਹ ਸਾਖੀ ਨਹੀਂ ਭਰਦਾ ਕਿ ਜਿੰਨੇ ਵੀ ਨਾਮਧਾਰੀ ਬਣੇ ਉਹਨਾਂ ਵਿਚੋਂ ਕਿਸੇ ਇਕ ਨੇ ਸਾਮਰਾਜ ਅਗੇ ਸਿਰ ਝੁਕਾਇਆ ਹੋਵੇ। ਸਤਿਗੁਰੂ ਜੀ ਵਲੋਂ ਲੁਕ ਕੇ ਰਹਿਣ ਦਾ ਹੁਕਮ ਨਹੀਂ ਸੀ। "ਪ੍ਰਗਟ ਰਹੋ, ਦੂਰੋਂ ਪਤਾ ਲਗੇ ਇਹ ਸੰਤ ਖਾਲਸਾ ਹੈ....।"

ਔਰੰਗਜ਼ੇਬ ਵੇਲੇ ਸਿਰ ਉਤੇ ਕੇਸ ਰਖਣੇ ਬਗਾਵਤ ਦੀ ਨਿਸ਼ਾਨੀ ਸੀ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਸਾਰੇ ਕੇਸਾਧਾਰੀ ਬਣਨ ਦੂਰੋਂ ਪਤਾ ਲਗੇ "ਸਿੰਘ" ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਗੁਰਸਿਖ ਕਛਿਹਰਾ ਪਾਉਣਾ, ਸਿਧੀ ਚਿਟੀ ਦਸਤਾਰ ਬੰਨਣੀ, ਉਨ ਦੀ ਮਾਲਾ, ਕੋਲ ਗੜਵਾ ਅਤੇ ਸਫਾ ਜੰਗ ਰਖਣਾ ਬਾਗੀ ਹੋਣ ਦੀ ਨਿਸ਼ਾਨੀ ਸੀ ਪਰ ਸੰਤ ਖਾਲਸਾ ਨਿਰਭੈਤਾ ਨਾਲ ਪੰਜਾਬ ਵਿਚ ਫਿਰਨ ਲਗਾ ਸੀ। ਛੈਣਿਆਂ ਤੇ ਢੋਲਕੀ ਨਾਲ ਸ਼ਬਦ ਪੜ੍ਹਕੇ ਸੁਤਿਆਂ ਨੂੰ ਜਗਾਉਦਾ, ਬੋਲਿਆਂ ਦੇ ਕੰਨਾ ਦੇ ਝਪੇ ਖੋਲਦਾ ਰਿਹਾ। ਖੰਡੇ ਦੇ ਅੰਮ੍ਰਿਤ ਨੇ ਸੰਸਾਰ ਨੂੰ ਨਵੀਂ ਕਰਾਮਾਤ ਵਿਖਾਈ, ਗੁਲਾਮੀ ਵਿਰੁਧ ਸਹੀ ਢੰਗ ਨਾਲ ਘੋਲ ਕਰਨ ਦੀ ਜਾਂਚ ਦਸੀ। ਇਸ ਵਿਚ ਕੋਈ ਝੂਠ ਨਹੀਂ ਕਿ ਮਹਾਤਮਾ ਗਾਂਧੀ ਜੀ ਨੇ ਸਿਵਲ ਨਾ ਫੁਰਮਾਨੀ ਦੀ ਲਹਿਰ ਚਲਾਉਣ ਦਾ ਖਿਆਲ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਕਥਾ ਸੁਣ ਕੇ ਲਿਆ। ਉਹਨਾਂ ਨੂੰ ਸਫਲਤਾ ਹੋਈ।

ਉਨੀਵੀਂ ਸਦੀ ਦੇ ਮਧ ਵਿਚ ਯੂਰਪ ਵਿਚ ਵੀ ਰਾਜਸੀ ਗੁਲਾਮੀ ਵਿਰੁਧ ਆਵਾਜ਼ ਉਠੀ। ਕਈ ਨਿਕੀਆਂ ਵਡੀਆਂ ਕਰਾਂਤੀਆਂ ਹੋਈਆਂ, ਪਰ ਬਾਦਸ਼ਾਹੀਆਂ ਤੇ ਜਗੀਰਦਾਰੀਆਂ ਕਾਇਮ ਰਹੀਆਂ। ਦਖਣ ਪੂਰਬੀ ਏਸ਼ੀਆ ਵਿਚ ਬਸਤੀਵਾਦ ਦੀ ਦੁਪਹਿਰ ਸੀ। ਫਰਾਂਸੀਸੀ, ਬ੍ਰਿਟਿਸ਼, ਡਚ ਅਤੇ ਸਪੈਨਿਸ਼ ਸਾਮਰਾਜ ਰਾਜ ਕਰਦੇ ਸਨ। ਕਿਸੇ ਦੇਸ਼ ਭਗਤ ਦੀ ਆਵਾਜ਼ ਕਰਾਂਤੀ ਦੀ ਐਸੀ ਆਵਾਜ਼ ਨਾ ਬਣੀ ਜੈਸੀ ਨਾਮਧਾਰੀ ਲਹਿਰ ਸਫਲ ਹੋਈ।

ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਜਰਮਨੀ ਵਿਚ ਜਨਮ ਲੈਣ ਵਾਲੇ ਯਹੂਦੀ ਵਿਦਵਾਨ ਤੇ ਫਲਾਸਫਰ ਕਾਰਲ ਮਾਰਕਸ ਹੋਏ ਹਨ। ਉਨਾਂ ਨੇ ਸਰਮਾਏਦਾਰੀ ਵਿਰੁਧ ਜਹਾਦ ਕਰਨ ਮਹਾਨ ਪੁਸਤਕ "ਪੂੰਜੀ" ਲਿਖ ਕੇ ਛਾਪੀ। ਉਸ ਪੂੰਜੀ ਪੁਸਤਕ ਨੇ ਕਮਿਉਨਿਜ਼ਮ (ਸਾਮਵਾਦ) ਨੂੰ ਜਨਮ ਦਿਤਾ। ਉਸਦੀ ਚਲਾਈ ਲਹਿਰ ਅਜ ਅਮਰ ਤੇ ਵਿਸ਼ਵਾਸ਼ੀ ਤਾਂ ਬਣੀ ਹੈ ਪਰ ਉਸ ਵਿਚ ਵਡੀ ਘਾਟ ਇਹ ਹੈ ਕਿ ਉਹ ਮਾਨਵਵਾਦ ਦਾ ਪਰਚਾਰ ਕਰਦੀ ਤੇ ਈਸ਼ਵਰਵਾਦ ਦੀ ਵਿਰੋਧਤਾ। ਜਿਸ ਕਾਰਨ ਕਿ ਉਸ ਸਿਧਾਂਤ ਪਰ ਕਾਇਮ ਹੋਈਆਂ ਹਕੂਮਤਾਂ ਡਾਵਾਂ-ਡੋਲ ਹਨ। ਨਿਰਾਸਾਵਾਦ ਮਨੁਖ ਨੂੰ ਸੁਖੀ ਤੇ ਸ਼ਾਂਤੀ ਦਾ ਜੀਵਨ ਨਹੀਂ ਦੇ ਸਕਦਾ।

ਪਰ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਸੁਖੀ ਜੀਵਨ ਵਾਲਾ ਇਨਕਲਾਬੀ ਸਿਧਾਂਤ ਮਾਨਵਤਾ ਨੂੰ ਦਿਤਾ। ਜਿਸ ਦਾ ਮੂਲ "ਸੱਚ" ਹੈ ਤੇ ਕਦੀ ਨਾ ਬਦਲਣ ਵਾਲਾ। ਦੇਸ਼ ਕਾਲ ਦਾ ਅਸਰ ਨਹੀਂ ਹੁੰਦਾ, ਨਿਰੀ ਮਾਦਾ ਪ੍ਰਸਤੀ ਜੀਵਨ ਵਿਚ ਖੁਸ਼ਕੀ ਤੇ ਉਦਾਸੀ ਪੈਦਾ ਕਰਦੀ ਹੈ। ਦੇਸ਼ ਉਤੇ ਕਬਜ਼ਾ ਕਰਨ ਅਤੇ ਮਾਦਾ ਪਰਸਤਾਂ ਨੇ ਜਦੋਂ ਵੀ ਤਲਵਾਰ ਚੁਕੀ ਉਹਨਾਂ ਕੋਲੋਂ ਦਇਆ ਤੇ ਧਰਮ

ਦੂਰ ਹੋ ਗਿਆ। ਮਾਸੂਮ ਬਚੇ ਅਤੇ ਇਸਤਰੀ ਅਤੇ ਬਲਹੀਨ ਬਜ਼ੁਰਗ ਇਸਤਰੀ ਪ੍ਰਥਾ ਨੂੰ ਕਤਲ ਕਰਨ ਤੇ ਕਰਾਉਣ ਲਗਿਆ ਰਤਾ ਝਿਜਕ ਨਾ ਕੀਤੀ। ਸਤਿਗੁਰੂ ਨਾਨਕ ਦੇਵ ਜੀ ਨੇ ਭਗਤੀ ਤੇ ਸਕਤੀ ਦੀ ਲਹਿਰ ਚਲਾਈ — ਭਗਤੀ ਤੇ ਸ਼ਕਤੀ ਨੇ ਮਿਲ ਕੇ ਖਾਲਸਾ ਰਾਜ ਕਾਇਮ ਕੀਤਾ ਅਤੇ ਜਦੋਂ ਭਗਤੀ ਖਤਮ ਹੋ ਗਈ ਤੇ ਨਿਰੀ ਸ਼ਕਤੀ ਰਹਿ ਗਈ ਤਾਂ ਰਾਜ ਚਲਿਆ ਗਿਆ · ਗੁਲਾਮੀ ਆ ਗਈ।

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਵਿਚ ਸਰਬੋਤਮ ਵਿਸ਼ੇਸ਼ਤਾ ਸੀ ਕਿ ਜੋ ਸੋਚਦੇ ਸਨ, ਸੋ ਡੂੰਘਾ ਸੋਚਦੇ ਸਨ। ਐਸਾ ਡੂੰਘਾ ਜੋ ਸੱਚ ਦੀ ਆਤਮਾ ਤਕ ਪੁਜਿਆ ਹੁੰਦਾ। ਜਿਸ ਦਾ ਸ਼ਬਦ ਨਾਮ ਹੈ ''ਸਜੀ ਵਿਚਾਰਧਾਰਾ'' ਫਲਾਸਫੇ ਦੀ ਜੜ੍ਹ। ਆਪ ਦੇ ਪ੍ਰਚਲਤ ਕੀਤੇ ਸਿਧਾਂਤ ਅਜ ਸੌ ਸਾਲ ਬੀਤਨ ਤੇ ਵੀ ਅਟਲ ਹਨ। ਗੁਰਬਾਣੀ ਆਪ ਦੇ ਦਸੇ ਜੀਵਨ ਮਾਰਗ ਅਤੇ ਸਚੇ ਇਨਕਲਾਬੀ ਦੀ ਬਣਤਰ ਪਰ ਰੌਸ਼ਨੀ ਪਾਉਂਦੀ ਹੈ —

ਸਚੇ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪ ਮਾਲੀ ਤੇ ਮਾਣਸੁ ਪਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥ (ਮ· ੧ ੧੨੪੫)

ਬਰਤਾਨਵੀ ਸਾਮਰਾਜ ਦੇ ਕਰਮਚਾਰੀਆਂ ਦੇ ਇਸ਼ਾਰਿਆਂ ਉਤੇ ਨਚਣ ਵਾਲੇ ਸਿਖੀ ਦੇ ਪ੍ਰਤੀਨਿਧਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ''ਗੁਰੂ ਨਾਨਕ-ਗੋਬਿੰਦ ਸਿੰਘ ਦੇ ਅਸਲ ਸਿਧਾਤਾਂ ਨੂੰ ਪ੍ਰਚਾਰਨ ਵਾਲੀ ਸਹੀ ਲਹਿਰ ਨੂੰ ਗੁਰਮਤਿ ਦੇ ਉਲਟ ਅਤੇ ਅਯੋਗ ਸ਼ਬਦ ਵਰਤ ਕੇ ਵਿਰੋਧਤਾ ਕੀਤੀ। ਕੂੜ, ਲਾਲਚ, ਅਗਿਆਨਤਾ, ਅਤੇ ਮਾਯਾਵਾਦੀ ਘੱਟੇ ਨੂੰ ਉਡਾ ਕੇ ਸੱਚ ਦੇ ਸੂਰਜ ਦੀਆਂ ਕਿਰਨਾਂ ਨੂੰ ਰੋਕਣ ਦਾ ਜਤਨ ਕੀਤਾ। ਪਰ ਰੋਕ ਨਾ ਸਕੇ। ਸੱਚ ਪਰਗਟ ਹੋ ਹੀ ਗਿਆ। ਸਚ ਸੂਰਜ ਦੀਆਂ ਕਿਰਨਾਂ ਨੇ ਠੰਡੀ ਹੋਈ ਮਾਨਵਤਾ ਨੂੰ ਨਿਘ ਦਿਤਾ। ਮਾਨਵਤਾ ਜਾਗੀ, ਅੰਗੜਾਈ ਲਈ ਤੇ ਸੱਚ ਤੇ ਸੁਤੰਤਰਤਾ ਦੀ ਕੂਕ ਮਾਰੀ। ਜਿਸ ਕੂਕ ਨੇ ਹਜ਼ਾਰਾਂ ਨੂੰ ਜਗਾਇਆ। ਨਿੰਦਕਾਂ ਦੇ ਮੁੰਹ ਕਾਲੇ ਹੋਏ। ਉਹ ਸ਼ਰਮਾਏ ਸਤਿਗੁਰੂ ਅਰਜਨ ਦੇਵ ਜੀ ਦਾ ਬਚਨ ''ਨਿੰਦਕ ਦੇ ਮੁਖ ਛਾਰ।''

ਸਤਿਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਮਹਾਂਵਾਕ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰੇ ਸਿਧਾਂਤਾਂ ਨੂੰ ਵਿਚਾਰੀਏ ਤੇ ਸੱਚ ਝੂਠ ਦਾ ਨਤਾਰਾ ਕਰਨਾ ਹੈ। ਹਰ ਕੋਈ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਦਾ ਪਾਠ ਕਰਦਾ ਹੈ ਪਰ ਸੱਚ ਦੇ ਅਰਥ ਸਮਝਣ ਵਲ ਧਿਆਨ ਨਹੀਂ ਦਿੰਦਾ। ਲੋੜ ਸੱਚ ਨੂੰ ਸਮਝਣ ਦੀ ਹੈ।

''ਸਚ ਵਰਤੁ'' ਵੇਦ, ਅੰਜੀਲ ਅਤੇ ਬੁਧਮਤਿ ਦੇ ਮੂਲ ਸਿਧਾਂਤਾਂ ਵਿਚ ਪ੍ਰਧਾਨਤਾ 'ਸੱਚ' ਨੂੰ ਦਿਤੀ ਗਈ। ਸੱਚ ਨੂੰ ਹੀ ਪਰਮੇਸ਼ਰ ਆਖਿਆ ਗਿਆ ਹੈ। ਲੋਕ ਅੰਨ ਛਡ ਕੇ ਵਰਤ ਰਖਦੇ ਹਨ ਪਰ ਹੁਕਮ ਹੈ ਵਰਤ ਰਖੋ ਸਚ ਦਾ। ਸੱਚ ਬੋਲਣਾ, ਸਚ ਤੋਲਣਾ ਤੇ ਸਚ ਸੁਣਨਾ। ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਵਿਚ ਸਚ ਪ੍ਰਧਾਨ ਰਿਹਾ। ਸਚ ਦਾ ਪਰਚਾਰ ਕਰਦੇ ਰਹੇ। ਸੰਨ 1863 ਤੋਂ 1872 ਅਠ ਸਾਲ ਸੰਕਟ ਕਾਲ ਦੇ ਹਨ। ਇਹਨਾਂ ਸੰਕਟਮਈ ਸਾਲਾਂ ਵਿਚ ਜਦੋਂ ਵੀ ਅੰਗਰੇਜ਼ ਨੇ ਸਤਿਗੁਰੂ ਜੀ ਪਾਸੋਂ ਕੁਝ ਪੁਛਿਆ ਤਾਂ ਆਪ ਨੇ ਸੱਚ ਦਸਿਆ। ਇਹ ਨਹੀਂ ਸੋਚਿਆ ਕਿ ਸਚ ਦਸਣਾ ਦੁਖਦਾਈ ਵੀ ਹੋ ਸਕਦਾ ਹੈ। ਸਚ ਬੋਲਣੋਂ ਨਾ ਝਿਜਕੋ ਤੇ ਸਾਰੇ ਨਾਮਧਾਰੀਆਂ ਨੂੰ ''ਸਚ'' ਬੋਲਣ ਦਾ ਉਪਦੇਸ਼ ਦਿਤਾ। ਸੰਨ 1871

Sri Satguru Jagjit Singh Ji Elibrary NamdhariElibrary@gmail.com

ਵਿਚ ਜਦੋਂ ਅੰਮ੍ਰਿਤਸਰ ਵਿਚ ਬੁਚੜਮਾਰ ਕਾਂਡ ਹੋਇਆ। ਅਸਲ ਦੋਸ਼ੀ ਨਾਮਧਾਰੀ ਆਸੇ ਪਾਸੇ ਹੋ ਗਏ. ਪੁਲਿਸ ਨੇ ਨਿਰਦੋਸ਼ਿਆਂ ਨੂੰ ਮਾਰਕੁਟਾਈ ਕੀਤੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਅਸਲ ਦੋਸ਼ੀਆਂ ਨੂੰ ਹੁਕਮ ਦਿਤਾ, "ਸਚ ਬੋਲੋ, ਫਰੰਗੀ ਦੀ ਅਦਾਲਤ ਵਿਚ ਪੇਸ਼ ਹੋ ਜਾਉ। ਨਿਰਦੋਸ਼ਿਆਂ ਨੂੰ ਫਾਹੇ ਲਗਣ ਤੋਂ ਬਚਾਉ।" ਤਾਂ ਸੰਤ ਬੀਹਲਾ ਸਿੰਘ ਤੇ ਲਹਿਣਾ ਸਿੰਘ ਆਦਿਕ ਅੰਮ੍ਰਿਤਸਰ ਕਚਹਿਰੀ ਵਿਚ ਪੇਸ਼ ਹੋ ਗਏ ਤੇ ਸਚ ਬੋਲ ਕੇ ਨਿਰਭੈਤਾ ਨਾਲ ਸ਼ਹੀਦੀ ਪ੍ਰਾਪਤ ਕਰ ਗਏ।

ਮਾਘੀ 1872 ਨੂੰ ਜਦੋਂ ਸਵਾ ਸੌ ਮਸਤਾਨਿਆਂ ਨੇ ਮਲੇਰ ਕੋਟਲਾ ਮਾਰ ਕੇ ਆਜ਼ਾਦੀ ਦੀ ਜੰਗ ਦਾ ਅਰੰਭ ਕਰਨ ਦਾ ਫੈਸਲਾ ਕੀਤਾ — ਭੈਣੀ ਸਾਹਿਬ ਤੋਂ ਚਾਲੇ ਪਾਏ ਤਾਂ ਸਤਿਗੁਰੂ ਜੀ ਨੇ ਬਾਬਾ ਲਖਾ ਸਿੰਘ ਜੀ ਨੂੰ ਲੁਧਿਆਣੇ ਡੀ.ਸੀ. ਪਾਸ ਇਤਲਾਹ ਦੇਣ ਵਾਸਤੇ ਭੇਜਿਆ ਕਿ ਜੇ ਮਸਤਾਨੇ ਰੁਕ ਸਕਦੇ ਹਨ ਤਾਂ ਰੋਕ ਲਏ ਜਾਣ। ਪਰ ਫਰੰਗੀ ਹਾਕਮਾਂ ਦੀ ਨੀਤੀ ਖੋਟੀ ਸੀ, ਉਹ ਬਹਾਨਾ ਲਭਦੇ ਸਨ। ਉਹਨਾਂ ਉਲਟਾ ਬਾਬਾ ਲੱਖਾ ਸਿੰਘ ਨੂੰ ਨਜ਼ਰਬੰਦ ਕਰ ਲਿਆ। 18 ਜਨਵਰੀ 1872 ਲੁਧਿਆਣੇ ਤੋਂ ਤੁਰਨ ਸਮੇਂ ਮਰਗੋਈ (ਬਰਮਾ) ਵਿਚ ਰਹਿਣ ਤਕ ਆਪ ਨੇ ਸੱਚ ਹੀ ਬੋਲਿਆ। ਭਾਵੇਂ ਪੰਜ ਭੂਤਕ ਸਰੀਰ ਨੂੰ ਕਸ਼ਟ ਕਿਉਂ ਨਾ ਝਲਣੇ ਪਏ। ਹਰ ਨਾਮਧਾਰੀ ਅਤੇ ਪ੍ਰਾਣੀ ਮਾਤਰ ਨੂੰ ਸੱਚ ਦਾ ਵਰਤ ਰਖਣ ਦਾ ਹੁਕਮ ਕੀਤਾ। ਸੱਚਾ ਨਾਮਧਾਰੀ ਅੱਜ ਵੀ ਝੂਠ ਨਹੀਂ ਬੋਲਦਾ, ਜੀਵਨ ਦਾ ਆਸਰਾ ਸੱਚ ਹੈ — ਅਤੇ ਸੱਚ ਹੀ ਦਰਗਾਹੇ ਪ੍ਰਵਾਨ ਹੁੰਦਾ ਹੈ :—

ਸੇਵਰਿ ਸਾਚੈ ਸਾਚੁ ਕਮਾਵਹਿ॥
ਜਿਨ ਗੁਰਮੁਖਿ ਸਾਚੁ ਅਧਾਰਾ॥ (ਸਾਰਗ ਮ: ੩)

----------o----------

ਬਾਬਾ ਰਾਮ ਸਿੰਘ?
ਕਿ ਗੁਰੂ ਰਾਮ ਸਿੰਘ?
ਕਿ ਸਤਿਗੁਰੂ ਰਾਮ ਸਿੰਘ?

ਵੈਦਜ ਨੌਰੰਗ ਸਿੰਘ ਜੀ 'ਭਾਂਘੀ'

ਜੇ ਬਸੰਤ ਪੰਚਮੀ ਵਾਲੇ ਬਸੰਤ ਦਿਹਾੜੇ "ਉਦੇ" ਹੋਣ ਵਾਲੇ ਮਹਾਂ ਪੁਰਸ਼ ਨੂੰ ਬਾਬਾ ਰਾਮ ਸਿੰਘ ਕਹਾਂ ਤਾਂ ਕਲਮ ਉਸਦੇ ਉਚੇ ਤੇ ਸੁਚੇ ਜੀਵਨੀ ਕਾਰਨਾਮਿਆਂ ਦੇ ਬਾਬਾ ਲਿਖਣੋਂ ਅਸਮਰਥ ਹੈ! ਜੇ ਬਸੰਤ ਪੰਚਮੀ ਵਾਲੇ ਮਹਾਂ ਅਨੰਦੀ ਦਿਵਸ ਪੁਰ ਮਾਤਲੋਕ ਦੇ ਉਧਾਰ ਲਈ, ਨਾਮ ਦੇ ਪ੍ਰਚਾਰ ਲਈ, ਜ਼ੁਲਮ ਦੇ ਪ੍ਰਹਾਰ ਲਈ ਸੰਸਾਰ ਉਤੇ ਅੰਣ ਵਾਲੇ ਸਾਂਈਂ ਨੂੰ ਸਾਂਈਂ ਲੋਕ ਗੁਰੂ ਰਾਮ ਸਿੰਘ ਕਹਾਂ ਤਾਂ ਇਹ ਤਾਂ ਉਹਨਾਂ ਦੀ ਹੱਤਕ ਹੈ ਕਿਉਂ ਕਿ ਬਾਬਾ ਰਾਮ ਸਿੰਘ ਹਿੰਦੁਸਤਾਨ ਦੇ ਹਜ਼ਾਰਾਂ ਨਹੀਂ, ਲਖਾਂ ਨਹੀਂ, ਕਰੋੜਾਂ ਗੁਰੂਆਂ ਦਾ ਗੁਰੂ ਹੈ।

ਜੇ ਬਸੰਤ ਪੰਚਮੀ ਵਾਲੇ ਪੰਚੈਤੀ ਦਿਹਾੜੇ ਦੂਸ਼ਨ ਦੇ ਕੇ ਪੰਚੈਤੀ ਅਸੂਲਾਂ ਦੇ ਪ੍ਰਚਾਰਕ 'ਲੋਕ ਭਲਾਈ' ਦੇ ਪ੍ਰੇਮੀ ਬਾਬਾ ਰਾਮ ਸਿੰਘ ਨੂੰ ਸਤਿਗੁਰੂ ਕਹਾਂ ਤਾਂ ਓਹ ਕਰੋੜਾਂ ਬੰਦੇ (ਇਸਤਰੀ ਪੁਰਸ਼) ਦਿਲ ਵਿਚ ਕੁੜਨਗੇ ਜੋ "ਸਤਿ" ਤੇ "ਗੁਰੂ" ਪਦ ਦੇ ਅਸਲ ਅਸੂਲ ਤੋਂ ਨਿਵਾਕਫ ਹਨ।

ਫਿਰ ਕੀ ਬਾਬਾ ਕਹਾਂ? ਗੁਰੂ ਕਹਾਂ? ਸਾਂਈ ਲੋਕ ਆਖਾਂ? ਗੁਣੀ ਕਹਾਂ? ਮੁਨੀ ਕਹਾਂ? ਯੋਗੀ ਕਹਾਂ? ਗਜਾਨੀ ਕਹਾਂ? ਬ੍ਰਹਮ ਗਜਾਨੀ ਕਹਾਂ? ਧਿਆਨੀ ਕਹਾਂ? ਲੀਡਰ ਕਹਾਂ? ਰਹਿਬਰ ਕਹਾਂ? ਵਲੀ ਕਹਾਂ? ਹਾਦੀ ਕਹਾਂ? ਪੀਰ ਕਹਾਂ? ਫਕੀਰ ਕਹਾਂ? ਸਚਾ ਸਿਖ ਕਹਾਂ? ਜਥੇਦਾਰ ਕਹਾਂ? ਏਕਤਾ ਦਾ ਮਾਲਕ ਕਹਾਂ? ਲੋਕਰਾਜ ਦਾ ਪ੍ਰਚਾਰਕ ਕਹਾਂ? ਆਜ਼ਾਦੀ ਦਾ ਆਸ਼ਕ ਕਹਾਂ? ਅਨਾਥਾਂ ਦਾ ਨਾਥ ਕਹਾਂ? ਸਾਦਗੀ ਦਾ ਪੁਤਲਾ ਕਹਾਂ? ਦ੍ਰਿੜ੍ਹਤਾ ਦਾ ਹਮਾਲਜ ਕਹਾਂ? ਰਾਜਨੀਤੀ ਦਾ ਮਾਹਰ ਕਹਾਂ? ਦੁਖੀਆਂ ਦੀ ਠਾਹਰ ਕਹਾਂ? ਇਲਾਹੀ ਸਰੂਰ ਦਾ ਸੋਮਾ ਕਹਾਂ? ਨਾਮ ਦਾ ਸਾਗਰ ਕਹਾਂ? ਪਵਿਤ੍ਰਤਾ ਦਾ ਦੇਵਤਾ ਕਹਾਂ? ਓਇ ਦੁਨੀਆਂ ਦੇ ਲੋਕੋ! ਉਇ ਇਤਿਹਾਸ ਦੇ ਜਾਣੂੰਓ ! ਓਇ ਉਚ ਉਡਾਰੀਆਂ ਨਾਲ ਲਾਣ ਵਾਲੇ ਕਵੀਓ? ਭਾਈ ਤੁਸੀਂ ਚਾ ਦਸੋ ਮੈਂ ਕਹਾਂ, ਤੇ ਕੀ ਕਹਾਂ, ਭਾਈ,ਜ਼ਰਾ ਇਤਿਹਾਸ ਦੇ ਪਤਰੇ ਪਰਤ ਲਓ! ਸੀਨੇ ਬਾ-ਸੀਨੇ ਸੁਣੀਆਂ ਸਾਖੀਆਂ ਦੀ ਸਾਖ (ਉਗਾਹੀ) ਦਿਓ! ਨਹੀਂ! ਨਹੀਂ!! ਬਈ ਮਨ ਤੋਂ ਪੁਛੋ। ਡਾਟ ਕੇ ਪੁਛੋ! ਪ੍ਰੇਮ ਨਾਲ ਦਸੋ ਕਿ ਉਸ ਨਾਮ ਦੇ ਸੋਮੇ, ਏਕਤਾ ਦੇ ਸਾਂਈਂ ਲੋਕ ਭਲਾਈ ਆਸ਼ਕ, ਨਾਮ ਦੇ ਰਸੀਏ, ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦੇ ਪੂਰਨਿਆਂ ਪੁਰ ਚਲਣ ਵਾਲੇ ਬੇ-ਨਜ਼ੀਰ, ਬੇਮਿਸਾਲ, ਲਾਸਾਨੀ ਬਾਬਾ ਰਾਮ ਸਿੰਘ ਜੀ ਨੂੰ ਕੀ ਕਹਾਂ। ਲਓ ਬਈ ਨਾਂ ਦਸੋ, ਕੌਈ ਵਾਹ ਏ,

Sri Satguru Jagjit Singh Ji Elibrary NamdhariElibrary@gmail.com

ਗੁਸੇ ਹੋਣ ਵਾਲਿਓ, ਗੁਸੇ ਨਾ ਹੋਣਾ, ਸਮਝਣਾਂ, ਸੋਚਣਾਂ, ਬੁਝਨਾਂ, ਵਿਚਾਰਨਾਂ, ਨਿਤਾਰਨਾਂ, ''ਸਤਿਗੁਰੂ'' ਆਖਦੇ ਜੇ ਉਸਨੂੰ ਜੋ ਸੰਸਾਰ ਉਤੇ ''ਸਤਿ'' ਰਹੇ ਸੋ ਜਦੋਂ ਤਕ ਦੁਨੀਆਂ ਦੇ ਤਖਤੇ ਉਤੇ ਜੀਵ ਦੀ ਹਸਤੀ ਕਾਇਮ ਹੈ ਤੇ ਇਨਾਂ ਵਿਚੋਂ ਪੈਦਾ ਹੋਣ ਵਾਲੇ ਮਹਾਂਪੁਰਸ਼ਾਂ ਦੀ ਹਸਤੀ ਤੇ ਧਰਤੀ ਉਤੇ ਚੰਦ ਸੂਰਜ ਦੀ ਮੌਜੂਦਗੀ ਏ ਓਦੋਂ ਤਕ ਬਾਬਾ ਰਾਮ ਸਿੰਘ ਜੀ ਦਾ ਨਾਮ ''ਸਤਿ'' ਹੈ। ਉਹਨਾਂ ਦੀ ਕਰਨੀ ਸਤ ਹੈ। ਇਸ ਲਈ ਦਸੋ ਉਨਾਂ ਨੂੰ ''ਸਤਿਗੁਰੂ'' ਰਾਮ ਸਿੰਘ ਆਖਣ ਵਿਚ ਸ਼ੱਕ ਹੀ ਕੀ ਏ? ਫਿਰ ਦਸੋ? ਕਿਉ ਨਾ ਕਹਾਂ ਤੇ ਇਸ ਵਿਚ ਹਰਜ਼ ਵੀ ਕੀ ਏ? ਕਿ ਜੇ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਕਹਾਂ! ਹੇ ਬਸੰਤ ਪੰਚਮੀ ਵਾਲੇ ਦਿਨ ਉਦੋ ਹੋਣ ਵਾਲੇ ਬਾਬਾ!

''ਤੂੰ''

ਧੰਨ ਹੈਂ! ਧੰਨ ਹੈਂ!! ਧੰਨ ਹੈਂ!!! ਧੰਨ ਹੈਂ!!!! ਧੰਨ ਹੈਂ!!!!!

ਦਿਲ ਦੀਆਂ ਡੂੰਘਾਣਾਂ ਵਿਚੋਂ ਨਿਕਲੇ ਕੁਝ ਸ਼ਬਦ

ਸ: ਅਮਰ ਸਿੰਘ ਜੀ ਦੁਸਾਂਝ

ਨਾਨਕ ਪਿਆਰਾ ਹੈ — ਕਿਉਂ ਕਿ ਉਸਨੇ ਨਾਮ ਦਾ ਛੱਟਾ ਦੇਣ ਲਈ ਸੰਸਾਰ ਭਰ ਵਿਚ ਚਾਲੀ ਹਜ਼ਾਰ ਮੀਲ ਪਦ-ਯਾਤਰਾ ਕੀਤੀ। ਉਸ ਨੂਰੀ ਦਾ ਸੰਦੇਸ਼ ਸੀ :—

ਇਕ ਨਾਮ ਬੋਵਹੁ ਬੋਵਹੁ,
ਆਨ ਰੁਤ ਨਾਹੀਂ ਨਾਹੀਂ,
ਮਤਿ ਭਰਮ ਭੂਲਹੁ ਭੂਲਹੁ।।

ਉਸ ਗੱਦੀ ਤੇ ਸ਼ਸ਼ੋਭਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 26 ਸਾਲ ਨੌਂ ਮਹੀਨੇ ਤੇਰਾਂ ਦਿਨ ਤਪੱਸਿਆ ਕੀਤੀ, ਇਸ ਸਮੇਂ ਵਿਚ ਸ੍ਰੀ ਗੁਰੂ ਜੀ ਨੇ ਸੂਰਜ ਦਾ ਮੁਖੜਾ ਨਹੀਂ ਵੇਖਿਆ ਤੇ ਸੂਰਜ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਨਹੀਂ ਕੀਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਮ ਨਾਲ ਅਧਿਕ ਪਿਆਰ ਸੀ। ਆਪਣੀ ਜੀਵਨ-ਕੱਥਾ ਲਿਖਦਿਆਂ ਹਜ਼ੂਰ ਫੁਰਮਾਉਂਦੇ ਹਨ —

ਹੇਮ ਕੁੰਟ ਪਰਬਤ ਹੈ ਜਹਾਂ।
ਸਪਤ ਸਰਿੰਗ ਸੋਭਤ ਹੈ ਤਹਾਂ।
ਤਹਿ ਹਮ ਅਧਿਕ ਤਪੱਸਿਆ ਸਾਧੀ।

ਨਾਮ ਸਿਮਰਨ ਦੇ ਇਸ਼ਕ ਦਾ ਇਜ਼ਹਾਰ ਸਤਿਗੁਰੂ ਹੇਠ ਲਿਖੇ ਅਨੁਸਾਰ ਕਰਦੇ ਹਨ:—

ਚਿਤ ਨ ਭਇਉ ਹਮਰਾ ਆਵਨ ਕਉ।
ਚੁਭੀ ਰਹੀ ਸੁਰਤਿ ਪ੍ਰਭ ਚਰਨਨਿ ਮਹਿ।

ਉਸ ਅਕਾਲ ਪੁਰਖ ਦੇ ਆਦਿ ਸਚ, ਜੁਗਾਦਿ ਸਚ, ਹੈ ਭੀ ਸਚ, ਨਾਨਕ ਹੋਸੀ ਭੀ ਸਚ, ਨਾਮ ਨਾਲ ਆਪਦੇ ਪਿਆਰ ਦੀ ਇਹ ਅਵਸਥਾ ਸੀ ਕਿ ਤੂਹੀ ਤੂਹੀ ਲਿਖਦੇ ਤੇਰਾਂ ਸਫੇ ਲਿਖ ਗਏ, ਤੂਹੀ ਤੂਹੀ ਦਾ ਪ੍ਰਵਾਹ ਖਤਮ ਨਹੀਂ ਹੋਇਆ।

ਨਾਮਧਾਰੀ ਸੰਪਰਦਾਇ ਤੋਂ ਮੈਂ ਘੋਲੀ ਜਾਂਦਾ ਹਾਂ — ਦਿਲ ਦੇ ਵਿਸ਼ਵਾਸ਼ੀ, ਬਰਫਾਨੀ ਇਲਾਕਿਆਂ ਵਿਚ ਵਿਚਰ ਰਹੇ ਹੋਣ, ਸਣ-ਕੇਸੀ ਇਸ਼ਨਾਨ ਨਿਤਾਪ੍ਰਤੀ ਕਰਨਗੇ। ਬਾਣੀ ਭੀ ਪੜ੍ਹਨਗੇ ਤੇ ਮਾਲਾ ਭੀ ਫੇਰਨਗੇ।

Sri Satguru Jagjit Singh Ji Elibrary NamdhariElibrary@gmail.com

ਨਾਮ ਇਹਨਾਂ ਦੀ ਰੂਹਾਨੀ ਖੁਰਾਕ ਹੈ। ਜਿਸ ਦਿਨ ਨਾਮ ਨਾ ਜਪਿਆ ਜਾਏ. ਉਸ ਦਿਨ ਸੱਚੇ ਨਾਮਧਾਰੀ ਤੜਫਦੇ ਤੇ ਵਿਆਕੁਲ ਇਹਨਾਂ ਸਤਰਾਂ ਦੇ ਲਿਖਾਰੀ ਨੇ ਵੇਖੇ ਹਨ — ਨਿਰਸੰਦੇਹ ਇਹਨਾ ਦਾ ਨਿਸਚਾ ਹੈ :—

ਜਉ ਤਨ ਬਾਣੀ ਵਿਸਰੁ ਜਾਇ।।
ਜਿਉ ਪਕਾ ਰੋਗੀ ਬਿਲਲਾਇ।।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਇਹ ਹੈ ਕਿ ਉਸਦੇ ਸਿਖਾਂ ਨੇ ਸਜੀਆਂ ਸੰਗਤਾਂ ਵਿਚ ਬਾਣੀ ਪੜ੍ਹੀ ਤੇ ਆਸਾ ਦੀ ਵਾਰ ਦਾ ਨਾਗਾ ਤਲਵਾਰਾਂ ਦਾ ਛਾਂ ਹੇਠ ਭੀ ਨਹੀਂ ਪੈਣ ਦਿਤਾ। ਇਸੀ ਪ੍ਰਕਾਰ ਨਾਮਧਾਰੀਆਂ ਨੇ ਭੈਣੀ ਸਾਹਿਬ ਦੀਆਂ ਝੌਂਪੜੀਆਂ ਵਿਚ ਭੀ ਰੁੱਖੀ ਸੁੱਖੀ ਖਾ ਕੇ ਨਾਮ ਜਪਿਆ ਅਤੇ ਤੋਪਾਂ ਸਾਹਮਣੇ ਫੀਤਾ ਫੀਤਾ ਹੋਣ ਸਮੇਂ ਭੀ ਨਾਮ ਦਾ ਜਾਪ ਕੀਤਾ। ਸੱਚ ਪੁਛੋ! ਨਾਮ ਹੀ ਸੀ, ਜਿਸਦੇ ਆਸਰੇ ਇਸ ਪਦਾਰਥਵਾਦ ਦੀ ਵੀਹਵੀਂ ਸਦੀ ਵਿਚ ਉਹ ਬੀਰ ਕਿਰਿਆ ਕਰ ਵਿਖਾਈ, ਜਿਸਦੀ ਪ੍ਰਸੰਸਾ ਹੋਰਨਾਂ ਤਾਂ ਕਰਨੀ ਹੀ ਸੀ, ਕਾਤਿਲ ਅੰਗਰੇਜ਼ ਦੀ ਮੇਮ ਭੀ ਕਰਨ ਤੇ ਮਜਬੂਰ ਹੋਈ।

ਨਾਮਧਾਰੀਆਂ ਦੀ ਸਾਦਗੀ ਤੇ ਸੰਜਮ ਪ੍ਰਸੰਸਾ ਯੋਗ ਹੈ। ਸਵਾ ਰੁਪਏ ਵਿਚ ਅਨੰਦ ਕਾਰਜ ਇਕ ਕਰਾਮਾਤ ਨਹੀਂ ਤਾਂ ਹੋਰ ਕੀ ਹੈ? ਇਹ ਜਨਤਿਕ ਤਹਿਰੀਕ ਹੈ।

ਅੱਜ ਕੀ ਹੋ ਰਿਹਾ ਹੈ, ਅਸਾਂ ਮਜ਼ਹਬ ਨੂੰ ਮਹਿੰਗਾ ਕਰ ਦਿਤਾ ਹੈ — ਮਹਿੰਗਾ ਮਜ਼ਹਬ ਧਨਵਾਨ ਪੁਰਖਾਂ ਦਾ ਦਾਸ ਬਣ ਜਾਏਗਾ, ਦੂਜੀ ਇਸ ਵਿਚ ਇਜਾਰੇਦਾਰੀ ਆ ਜਾਵੇਗੀ। ਅਸੀਂ ਇਕਬਾਲ ਦੇ ਕਥਨ ਅਨੁਸਾਰ ਇਹ ਚਾਹੁੰਦੇ ਹਾਂ — ਵਿਚੋਂਲੇ ਮਜ਼ਹਬ ਦਾ ਹੁਲੀਆ ਨਾ ਵਿਗਾੜਨ!

ਕਿਉਂ ਖਾਲਕੋ ਮਖਲੂਕ ਮੇਂ ਹਾਇਲ ਰਹੇਂ ਪਰਦੇ,
ਪੀਰਾਂ ਨੇ ਕਲੀਸਾ ਕੋ ਮਜਲਿਸ ਸੇ ਉਠਾਦੋ।

ਸਿਖ ਮਜ਼ਹਬ ਉਹ ਮਜ਼ਹਬ ਹੈ, ਜਿਸ ਉਤੇ ਘਾਹ ਖੋਤਣ ਵਾਲੇ ਆਰਥਿਕ ਤੌਰ ਤੇ ਤੁਛ ਸਿੱਖ ਨੂੰ ਪੂਰਾ ਮਾਣ ਹੈ। ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਇਕ ਪ੍ਰੇਮੀ ਨੇ ਤਿਲ ਦਾ ਇਕ ਦਾਣਾ ਪੇਸ਼ ਕੀਤਾ, ਸਤਿਗੁਰਾਂ ਨੇ ਕਿਹਾ — ਇਸ ਨੂੰ ਘੋਟੋ! ਘੋਟ ਕੇ ਜਲ ਮਿਲਾਕੇ ਇਕ ਇਕ ਚੁਲੀ ਹਾਜ਼ਿਰ ਸੰਗਤ ਨੂੰ ਦਿਤੀ ਗਈ।

ਧੰਨਵਾਦ ਹੈ ਵਾਹਿਗੁਰੂ ਦਾ, ਨਾਮਧਾਰੀਆਂ ਨੇ ਸਾਦਗੀ ਤੇ ਸੰਜਮ ਨੂੰ ਤਿਲਾਂਜਲੀ ਨਹੀਂ ਦਿਤੀ।

ਫਜ਼ੂਲ ਖਰਚੀ ਨੇਕੀ ਦੀ ਵੈਰਨ ਹੈ। ਇਸ ਲਈ ਲੋੜ ਹੈ ਅਸੀਂ ਇਸ ਸਿਧਾਂਤ ਦੀ ਵਰਤੋਂ ਕਰੀਏ :—

Simple living and High thinking.

ਸਾਦਾ ਰਹਿਣੀ ਤੇ ਉਚੀ ਸੋਚਣੀ ਜਿਸਨੂੰ ਗੁਰਮਤਿ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਬਿਆਨਿਆ ਜਾ ਸਕਦਾ ਹੈ — ਮਨ ਨੀਵਾਂ, ਮਤ ਉਚੀ, ਮਤ ਪਤ ਕਾ ਰਾਖਾ ਆਪ ਵਾਹਿਗੁਰੂ।

ਵਰਤਮਾਨ ਕਾਲ ਵਿਚ ਦੁਖਦਾਇਕ ਗਲ ਇਹ ਹੈ ਕਿ ਖਾਣ ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਆ ਗਈ ਹੈ। ਦੂਧ, ਘਿਉ ਸ਼ੁਧ ਸਨ, ਜਿਸ ਕਰਕੇ ਪੰਜਾਬ ਦੀਆਂ ਜਵਾਨੀਆਂ ਨੇ ਅਟਕ

Sri Satguru Jagjit Singh Ji Elibrary NamdhariElibrary@gmail.com

ਜਿਹੇ ਭੂਤਰੇ ਹੋਏ ਦਰਿਆਵਾ ਦੀਆ ਤੁਰਿਆਨੀਆ ਨੂੰ ਗੱਲਿਆਂ ਤੱਕ ਨਹੀਂ, ਇਨਾਂ ਦੀ ਸ਼ੁੱਧਤਾ ਸੁਤੰਤ੍ਰ ਭਾਰਤ ਵਿਚ ਇਕ ਜਾਂ ਦੂਜੇ ਕਾਰਨ ਬਰਕਰਾਰ ਨਹੀਂ ਰਖੀ ਜਾ ਸੱਕੀ। ਇਕ ਦਿਨ ਅਸੀਂ ਕੁਝ ਮਿਤ੍ਰਾਂ ਸੰਗਭੈਣੀ ਸਾਹਿਬ ਗਏ, ਪ੍ਰਸ਼ਾਦੇ ਦਾ ਸਮਾਂ ਸੀ। ਪੰਗਤ ਵਿਚ ਬੈਠਕੇ ਚਿਕ ਵਰਗੀ ਗਾੜ੍ਹੀ ਮਾਹਾਂ ਦੀ ਦਾਲ ਨਾਲ ਪ੍ਰਸ਼ਾਦਾ ਛਕਿਆ, ਇਕ ਸਰੂ-ਕਦ ਨਾਮਧਾਰੀ ਨੇ ਗੜਬੇ ਵਿਚੋਂ ਖਾਲਸ ਗੌਕੇ ਘਿਉ ਦੀ ਧਾਰ ਬੰਨ੍ਹਕੇ ਖੁਲ੍ਹੇ ਦਿਲ ਨਾਲ ਪੰਜਵਾਂ ਪਾਇਆ ਤਾਂ ਆਮੁਹਾਰੇ ਅਸੀਸਾਂ ਨਿਕਲ ਗਈਆਂ ਸਾਡੇ ਮਨਾ ਵਿਚੋਂ।

ਇਸ ਸੰਪ੍ਰਦਾਇ ਦੇ ਮਾਣ ਵਿਚ ਜਾਂਦੀ ਹੈ ਇਹ ਹਕੀਕਤ, ਕਿ ਮਜ਼ਹਬ ਦੀ ਨਫਰਤ ਤੇ ਨਿਖੇਧੀ ਹਿਤ ਵਰਤੋਂ ਨਹੀਂ ਕੀਤੀ ਗਈ। ਮਜ਼ਹਬ ਨੂੰ ਨਾਮਧਾਰੀ ਕੇਂਚੀ ਨਹੀਂ ਸਮਝਦੇ, ਸੂਈ ਖਿਆਲ ਕਰਦੇ ਹਨ। ਹਿੰਦੂਆਂ ਤੇ ਸਿਖਾਂ ਵਿਚਕਾਰ ਇਹ ਸੰਪ੍ਰਦਾਇ ਪੁਲ ਦਾ ਰੋਲ ਅਦਾ ਕਰਦੀ ਰਹੀ। ਇਸਨੂੰ ਭਾਰਤ ਦੀ ਸੰਸਕ੍ਰਿਤੀ ਤੇ ਨਾਜ਼ ਹੈ ਗਊ ਦਾ ਸਤਿਕਾਰ ਕਰਦੇ ਹਨ — ਇਹਨਾਂ ਦਾ ਭਰੋਸਾ ਹੈ, ਗਊ ਭਾਰਤ ਦੀ ਆਰਥਿਕਤਾ ਦਾ ਮੁਖ ਅੰਗ ਹੈ।

ਅਸੀਂ ਖੁਸ਼ ਹਾਂ — ਇਸਦੀ ਲੀਡਰਸ਼ਿਪ ਅਮਨ, ਆਜ਼ਾਦੀ, ਜਮਹੂਰੀਅਤ ਤੇ ਸੋਸ਼ਲਿਜ਼ਮ ਦੀਆਂ ਅਗਾਂਹ ਵਧੂ ਕੀਮਤਾਂ ਦੀ ਪ੍ਰਸ਼ੰਸ਼ਕ ਹੈ।

ਵਾਹਿਗੁਰੂ ਨਾਮਧਾਰੀ ਵੀਰਾਂ ਤੇ ਭੈਣਾਂ ਨੂੰ ਨਾਮ ਦਾ ਪ੍ਰਚਾਰ ਕਰਨ ਦੀ ਵਧੇਰੇ ਦਾਤ ਬਖਸ਼ੇ, ਕਿਉਂ ਕਿ ਇਹ ਜਿਨਸ ਸੰਸਾਰ ਵਿਚੋਂ ਘਟ ਰਹੀ ਹੈ, ਇਸਦੇ ਅਭਾਵ ਨਾਲ ਇਹ ਸੰਸਾਰ ਪ੍ਰਾਣ ਹੀਨ ਹੋ ਜਾਏਗਾ, ਇਸ ਲਈ ਇਸ ਸੰਬੰਧ ਵਿਚ ਕੀਤਾ ਹਰ ਇਕ ਯਤਨ ਮੁਬਾਰਿਕ ਹੈ।

*****

Sri Satguru Jagjit Singh Ji Elibrary NamdhariElibrary@gmail.com

ਲਲਿਤ ਪਦ

੧੬-੧੨ ਮਾਤ੍ਰ ਤੇ ਵਿਸ਼ਰਾਮ ਅੰਤ੍ਰ ਦੇ ਗੁਰ
(ਵਲੋਂ ਪੰਥ ਭੂਸ਼ਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ)

ਵਿਸਯ ਅਗਨਿ ਕਰ ਤਪਤ ਰਿਦੇ ਜਿਨ ਨਾਮਾਮ੍ਰਿਤ ਦੈਂ ਠਾਰੇ।
ਗੁਰੁਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ - ਖਾਣ ਨੂੰ ਖੰਡਨ ਕੀਤਾ ਦੱਸ ਧਰਮ ਦਾ ਕਿੱਤਾ।
ਫੁੱਟ ਈਰਖਾ ਵੈਰ ਭਾਵ ਅਰ ਨਫਰਤ ਮਨੋਂ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿੱਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੇ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਵ ਵਿਤਾਵੇ।
ਦੀਨ ਕਰਿ ਅਪਮਾਨਿਤ ਜੀਵਾਂ ਸ੍ਰੈ ਸਤਕਾਰ ਦ੍ਰਿੜ੍ਹਯਾ।
ਭਗਤ ਗਿਆਨੀ ਸੂਰਵੀਰ ਹੈ ਰਹਿਣਾ ਜਗਤ ਸਿਖਾਯਾ।
ਸ੍ਰੀ ਗੁਰਦਾਸ ਕਹਯੋ ਗੁਰ — "ਨਾਨਕ ਨਿਰਮਲ ਪੰਥ ਚਲਾਯਾ।"
ਗੁਰੁ ਆਗਜਾ ਅਨੁਸਾਰ ਪ੍ਰਗਟ ਸੋ ਅਮਲੀ ਤੌਰ ਦਿਖਾਯਾ।
ਕਲੁ ਗ੍ਰੀਖਮ ਕਰ ਤਪੇ ਜਗਤ ਨੂੰ ਪਾਵਸ ਜਲਧਰ ਹੋਯਾ।
ਸ੍ਰਾਂਤਿ ਬੂੰਦ ਬਨ ਚਾਤ੍ਰਿਕ ਪ੍ਰੇਮੀ ਦਾ ਪਿਆਸ ਦੁਖ ਖੋਯਾ।
ਸਿੱਖੀ ਬਾਗ਼ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਯਾ।
ਰੂਪ ਵਸੰਤ ਧਾਰਕੇ ਬਾਬਾ ਦਿਨ ਵਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਿਤ ਵਹਾਕੇ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਘੁਮੇਰੀ ਆ ਕੇ।
ਕੂਕੇ ਕੋਇਲ ਡਾਲ ਰਸਾਲੀਂ ਮੋਰ ਪਾਇਲਾਂ ਪਾਂਦੇ।
ਇਸ ਮੰਡਲ ਆ ਹੋਣ ਅਰੋਗੀ ਰਾਜ-ਰੋਗ ਦੇ ਮਾਂਦੇ।
ਬਾਲ ਅਵਸਥਾ ਵਿਚ "ਵ੍ਰਿਜੇਸ਼" ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿਠੀ ਬਾਣੀ ਅੱਗੇ ਫਿਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਉਂ ਰਵਿ ਪਿਖ ਗੁਲ ਚੀਨੀ।

Sri Satguru Jagjit Singh Ji Elibrary NamdhariElibrary@gmail.com

"ਹੋਲੇ ਦੀ ਮੰਗ"

ਸੰਤ ਏਕਮ ਸਿੰਘ ਪ੍ਰਧਾਨ ਨਾਮਧਾਰੀ ਸੰਗਤ, ਬਰਮਿੰਘਮ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਗੇ "ਹੋਲੇ" ਲਈ ਮੰਗ ਕ੍ਰ ਰਹੇ ਹਨ - ਨਾਲ ਸੰਤ ਫ਼ੁਮਣ ਸਿੰਘ ਜੀ ਕੰਵਲ ਹਨ।

"ਹੋਲੇ ਦੀ ਮਨਜ਼ੂਰੀ"

ਹੋਲੇ ਦੀ ਮਨਜ਼ੂਰੀ ਦੇਣ ਤੋਂ ਬਾਅਦ ਮਹਾਰਾਜ ਬੀਰ ਸਿੰਘ ਜੀ, ਸੰਤ ਏਕਮ ਸਿੰਘ ਜੀ ਦਾ ਪਰੀਚੈ ਸੰਗਤਾਂ ਨਾਲ ਕਰਵਾ ਰਹੇ ਹਨ।

Sri Satguru Jagjit Singh Ji Ellibrary Namdhari Ellibrary@gmail.com

Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਸਾਰਾ ਪੰਥ ਮਨਾਏ

ਗਿਆਨੀ ਹੀਰਾ ਸਿੰਘ ਜੀ "ਦਰਦ" ਐਡੀਟਰ ਫੁਲਵਾੜੀ

ਮੇਰੇ ਹਿਰਦੇ ਵਿਚ ਦਿਨੋ ਦਿਨ ਸ਼੍ਰੀ ਬਾਬਾ ਰਾਮ ਸਿੰਘ ਜੀ ਲਈ ਪਿਆਰ ਤੇ ਸ਼ਰਧਾ ਵਧ ਰਹੀ ਹੈ। ਮੈਂ ਇਉਂ ਮਹਿਸੂਸ ਕਰ ਰਿਹਾ ਹਾਂ ਕਿ ਬਾਬਾ ਰਾਮ ਸਿੰਘ ਜੀ ਨਾਲ ਪੰਥ ਨੇ ਇਨਸਾਫ ਨਹੀਂ ਕੀਤਾ ਅਤੇ ਉਨ੍ਹਾਂ ਨੇ ਪੰਥ ਵਿਚ ਜਾਗਰਤੀ ਲਿਆਉਣ ਲਈ ਨਵੇਂ ਸਿਰੇ ਜਥੇਬੰਦੀ ਕਰਨ ਲਈ ਅਤੇ ਪੰਥ ਦੀ ਗਿਰੀ ਹੋਈ ਅਵਸਥਾ ਨੂੰ ਉਚਾ ਕਰਨ ਲਈ ਜੋ ਭਾਰੀ ਕੁਰਬਾਨੀ ਕੀਤੀ ਹੈ ਉਸ ਦੀ ਯੋਗ ਕਦਰ ਨਹੀਂ ਹੋਈ।

ਮੇਰੀ ਨਜ਼ਰ ਵਿਚ ਬਾਬਾ ਰਾਮ ਸਿੰਘ ਜੀ ਇਕ ਮਹਾਂਪੁਰਖ਼ ਸਨ। ਸਚਾਈ ਤੇ ਧਰਮ ਦੀ ਰੂਹ ਸਨ। ਉਨਾਂ ਦੇ ਲੂੰ ਲੂੰ ਵਿਚ ਪੰਥ ਦਾ ਪਿਆਰ ਰਚਿਆ ਹੋਇਆ ਸੀ। ਜਦ ਉਹ ਦਸਮੇਸ਼ ਪਿਤਾ ਜੀ ਦੇ ਸ਼ੇਰ ਖਾਲਸੇ ਨੂੰ ਗੁਲਾਮੀ ਦੇ ਸੰਗਲਾਂ ਵਿਚ ਬਧਾ ਵੇਖਦੇ ਸਨ ਤਾਂ ਉਹਨਾਂ ਦਾ ਖ਼ੂਨ ਉਬਲ ਉਠਦਾ ਸੀ। ਉਹ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਗੁਰੂ ਕਲਗੀਧਰ ਜੀ ਦਾ ਸਦਾਣ ਵਾਲਾ ਕੋਈ ਸਿਖ 12,15 ਰੁਪਏ ਮਹੀਨੇ ਤੋਂ ਆਪਣਾ ਸਿਰ ਵੇਚ ਦੇਵੇ ਅਤੇ ਸ਼ਰਾਬ ਨਾਲ ਆਪਣੀ ਅਕਲ ਨੂੰ ਜੰਦਰੇ ਲਾ ਕੇ ਵਹਿਸ਼ੀਪੁਣੇ ਦੇ ਕੰਮ ਪਿਆ ਕਰੇ ਅਰਥਾਤ ਆਂਢੀ ਗੁਆਂਢੀ ਭਰਾਵਾਂ ਨੂੰ ਕਤਲ ਕਰੇ ਤੇ ਉਨਾਂ ਦੇ ਬਾਲ ਬਚਿਆਂ ਨੂੰ ਕਿਸੇ ਹੋਰ ਦਾ ਗੁਲਾਮ ਬਣਾਵੇ।

ਬਾਬਾ ਜੀ ਦਾ ਪਵਿਤਰ ਜਨਮ ਬਸੰਤ ਪੰਚਮੀ ਵਾਲੇ ਦਿਨ 1872 ਬਿ: ਨੂੰ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਚ ਹੋਇਆ ਸੀ ਪਰ ਵਡੇ ਹੋ ਕੇ ਓਨਾਂ ਵੇਖਿਆ ਕਿ ਖਾਲਸਾ ਪੰਥ ਉਤੇ ਤਾਂ ਪਤਿ ਝੜ ਆਈ ਹੋਈ ਹੈ। ਉਹ ਖਾਲਸਾ ਪੰਥ ਰੂਪੀ ਬਾਗ ਉਤੇ ਬਸੰਤ ਲਿਆਵਣਾ ਚਾਹੁੰਦੇ ਸਨ। ਏਹ ਉਨਾਂ ਦਾ ਉਦੇਸ਼ ਸੀ ਤੇ ਏਹੋ ਹੀ ਉਨ੍ਹਾਂ ਨੂੰ ਲਗਨ ਸੀ। ਇਸੇ ਗੁਨਾਹ ਬਦਲੇ ਉਹ ਸਦਾ ਲਈ ਜਲਾਵਤਨ ਕੀਤੇ ਗਏ। ਬਾਬਾ ਜੀ ਦਾ ਜੀਵਨ ਪੜ੍ਹਨ ਅਤੇ ਸੁਣਨ ਤੋਂ ਪੂਰੀ ਤਰਾਂ ਨਿਸਚਾ ਹੋ ਜਾਂਦਾ ਹੈ ਕਿ ਓਹ ਨਾਮ ਦੇ ਰਸੀਏ, ਧਰਮ ਦੀ ਮੂਰਤ, ਸਚਾਈ ਦੇ ਪੁਤਲੇ, ਕੋਮਲ ਹਿਰਦੇ ਵਾਲੇ ਪੂਰਨ ਗੁਰਸਿੱਖ ਸਨ ਅਤੇ ਝੂਠ ਫਰੇਬ ਜ਼ੁਲਮ, ਚੋਰੀ ਵਿਭਚਾਰੀ, ਸ਼ਰਾਬ ਆਦਿਕ ਬੁਰਾਈਆਂ ਤੋਂ ਉਹਨਾਂ ਨੂੰ ਸਖਤ ਨਫਰਤ ਸੀ। ਉਹ ਸਿਖ ਰਾਜ ਦੇ ਸਮੇਂ ਤੋਂ ਪੰਥ ਵਿਚ ਆਈਆਂ ਬੁਰਾਈਆਂ ਨੂੰ ਦੂਰ ਕਰਕੇ ਪੰਥ ਨੂੰ ਪਹਿਲੇ ਵਰਗਾ ਪਵਿਤਰ ਤੇ ਸਚਾ ਬੀਰ ਬਨਾਣਾਂ ਚਾਹੁੰਦੇ ਸਨ ਅਤੇ ਅੰਗਰੇਜ਼ੀ ਰਾਜ ਦੀ ਨਵੀਂ ਹਾਨੀਕਾਰਕ ਤਹਿਜ਼ੀਬ ਤੋਂ ਵੀ ਪੰਥ ਨੂੰ ਖਾਲਸ ਰਖਣਾ ਚਾਹੁੰਦੇ ਸਨ। ਉਨਾਂ ਦੇ ਪਵਿਤਰ ਜੀਵਨ ਨੇ ਕਈਆਂ ਦੀਆਂ ਜ਼ਿੰਦਗੀਆਂ ਪਲਟਾਈਆਂ। ਇਹ ਉਹਨਾਂ ਦੇ ਉਪਦੇਸ਼ਾਂ ਅਤੇ ਪਵਿਤਰ ਜੀਵਨ ਦਾ ਹੀ ਅਸਰ ਸੀ ਕਿ ਕਾਤਲ ਸਿਖ ਆਪਣੇ ਆਪ ਅਦਾਲਤਾਂ ਵਿਚ ਜਾ ਹਾਜ਼ਰ ਹੁੰਦੇ ਸਨ ਤੇ ਕਹਿੰਦੇ ਸਨ ਕਿ ਫਲਾਣੇ ਆਦਮੀ ਨੂੰ ਅਸਾਂ ਕਤਲ ਕੀਤਾ ਹੈ, ਬੇਗੁਨਾਂਹਾਂ ਨੂੰ ਛੱਡ ਦਿਓ। 1870 ਈ: ਵਿਚ ਕੁਝ ਨਾਮਧਾਰੀ ਅੰਮ੍ਰਿਤਸਰ ਦੇ ਲਹੌਰੀ

Sri Satguru Jagjit Singh Ji Elibrary NamdhariElibrary@gmail.com

ਦਰਵਾਜ਼ਿਓਂ ਲੰਘੇ। ਉਥੇ ਇਕ ਬੁਚੜਖਾਨਾ ਖੁਲ੍ਹਿਆ ਹੋਇਆ ਸੀ। ਅੰਮ੍ਰਿਤਸਰ ਵਿਚ ਮੁਢ ਤੋਂ ਗਊ ਹਤਿਆ ਬੰਦ ਸੀ। ਜਦ ਅੰਗਰੇਜ਼ੀ ਰਾਜ ਆਇਆ ਤਾਂ ਵੀ ਬੰਦ ਰਹੀ। ਸਰ ਜੌਹਨ ਲਾਰੰਸ ਨੇ 1847 ਈ: ਵਿਚ ਇਕ ਲਿਖਤੀ ਹੁਕਮ ਦਰਬਾਰ ਸਾਹਿਬ ਦੇ ਬਾਹਰ ਲਟਕਾ ਰਖਿਆ ਸੀ ਕਿ ਸ੍ਰੀ ਅੰਮ੍ਰਿਤਸਰ ਵਿਚ ਗਊ ਹਤਿਆ ਨਾ ਕੀਤੀ ਜਾਵੇ। ਇਨਾਂ ਨਾਮਧਾਰੀ ਸਿਖਾਂ ਨੇ ਜਦ ਵੇਖਿਆ ਕਿ ਪਿਛਲੇ ਰਵਾਜ ਅਤੇ ਹੁਕਮਾ ਦੇ ਵਿਰੁਧ ਇਥੇ ਗਊ ਹਤਿਆ ਹੋ ਰਹੀ ਹੈ ਤਾਂ ਉਨਾਂ ਨੂੰ ਸਖਤ ਜੋਸ਼ ਆ ਗਿਆ।

ਸ਼ਹਿਰ ਵਿਚ ਏਹ ਅਫਵਾਹ ਸੀ ਕਿ ਇਥੇ ਹੋਰ ਵੀ ਗਊ ਮਾਸ ਵੇਚਣ ਦੀਆਂ ਦੁਕਾਨਾਂ ਖੁਲ੍ਹਣੀਆਂ ਹਨ। ਜੋਸ਼ ਵਿਚ ਆ ਕੇ ਉਨਾਂ ਨੇ ਕੁਝ ਕਸਾਈਆਂ ਨੂੰ ਕਤਲ ਕਰ ਦਿਤਾ ਤੇ ਨਸ ਗਏ। ਉਨਾਂ ਦੀ ਬਜਾਇ ਕੁਝ ਨਿਹੰਗ ਸਿੰਘ ਫੜੇ ਗਏ ਤੇ ਉਨਾਂ ਉਤੇ ਮੁਕਦਮਾ ਚਲਾਇਆ ਗਿਆ। ਜਦ ਵਰ੍ਹੇ ਕੁ ਮਗਰੋਂ ਉਹ ਸਿਖ ਬਾਬਾ ਰਾਮ ਸਿੰਘ ਜੀ ਪਾਸ ਗਏ ਤਾਂ ਉਨਾਂ ਅਗੋਂ ਤਾੜ ਕੇ ਆਖਿਆ:—

"ਤੁਸੀਂ ਕਤਲ ਕਰਕੇ ਨਠੇ ਫਿਰਦੇ ਹੋ ਅਤੇ ਤੁਹਾਡੀ ਥਾਂ ਬੇਗੁਨਾਹ ਨਿਹੰਗ ਸਿੰਘ ਫੜੇ ਗਏ ਹਨ, ਕੀ ਇਹ ਸਿੰਘਾਂ ਦਾ ਕੰਮ ਹੈ ਕਿ ਆਪਣੀ ਜਾਨ ਬਚਾ ਕੇ ਦੂਜਿਆਂ ਨੂੰ ਫਸਾ ਦੇਣਾ? ਜਾਓ ਅਤੇ ਅਦਾਲਤ ਵਿਚ ਜਾ ਕੇ ਆਪਣੇ ਕਸੂਰ ਨੂੰ ਮੰਨੋ ਤੇ ਉਨਾਂ ਬੇਗੁਨਾਹਾਂ ਨੂੰ ਛਡਾਓ।"

ਇਹ ਸੁਣਦੇ ਸਾਰ ਉਹ ਸਿੰਘ ਅੰਮ੍ਰਿਤਸਰ ਆ ਗਏ। ਹਾਕਮਾ ਦੇ ਪੇਸ਼ ਹੋ ਕੇ ਸਭ ਕੁਝ ਸਚੋਂ ਸਚ ਦਸ ਦਿਤਾ। ਹਸਦਿਆਂ ਹਸਦਿਆਂ ਆਪਣੇ ਕੀਤੇ ਦੀ ਸਜ਼ਾ ਪਾਈ ਤੇ ਬੇਗੁਨਾਹਾਂ ਨੂੰ ਬਚਾ ਲਿਆ।

ਇਹ ਹੈ ਸਿਖੀ ਸ਼ਾਨ। ਬਾਬਾ ਜੀ ਸਿਖਾਂ ਨੂੰ ਇਸ ਤਰਾਂ ਸਚਾਈ ਤੇ ਚਲਣ ਵਾਲੇ ਹਸ ਹਸ ਕੇ ਮਰਨ ਵਾਲੇ ਬਨਾਣਾ ਚਾਹੁੰਦੇ ਸਨ।

ਇਸ ਸਮੇਂ ਦੇ ਨਾਮਧਾਰੀ ਵੀਰਾਂ ਦੀ ਰਹਿਣੀ ਬਹਿਣੀ ਜਾਂ ਧਾਰਮਿਕ ਖਿਆਲਾਂ ਨਾਲ ਭਾਵੇਂ ਸਾਡਾ ਕਿਤਨਾ ਹੀ ਵਿਰੋਧ ਹੋਵੇ ਪਰ ਸਾਨੂੰ ਸ੍ਰੀ ਬਾਬਾ ਰਾਮ ਸਿੰਘ ਜੀ ਦੀ ਜ਼ਰੂਰ ਯੋਗ ਇਜ਼ਤ ਕਰਨੀ ਚਾਹੀਦੀ ਹੈ ਅਤੇ ਉਨਾਂ ਦੀ ਯਾਦਗਾਰ ਹਰ ਇਕ ਸਿਖ ਨੂੰ ਉਸੇ ਤਰਾਂ ਮਨਾਣੀ ਚਾਹੀਦੀ ਹੈ ਜਿਸ ਤਰਾਂ ਹੋਰ ਸ਼ਹੀਦ ਸਿੰਘਾਂ ਦੀ ਮਨਾਈ ਜਾਂਦੀ ਹੈ।

ਜੇ ਨਾਮਧਾਰੀ ਵੀਰ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਮੰਨਦੇ ਹਨ ਤਾਂ ਅਸੀਂ ਕਿਉਂ ਨਾਰਾਜ਼ ਹੋਈਏ? ਅਤੇ ਜੇ ਅਸੀਂ ਉਨ੍ਹਾਂ ਨੂੰ ਗੁਰੂ ਨਹੀਂ ਮੰਨਦੇ ਤਾਂ ਨਾਮਧਾਰੀ ਕਿਉਂ ਗੁਸੇ ਹੋਣ? ਜਦ ਇਹ ਸਚਾਈ ਹੈ ਕਿ ਬਾਬਾ ਜੀ ਪੂਰਨ ਗੁਰਸਿਖ ਤੇ ਮਹਾਂਪੁਰਸ਼ ਹੋਏ ਹਨ। ਉਨਾਂ ਨੇ ਨਵੇਂ ਸਿਰੇ ਪੰਥ ਦੀ ਜਥੇਬੰਦੀ ਕਾਇਮ ਕੀਤੀ ਅਤੇ ਪੰਥ ਦੀ ਖਾਤਰ ਹੀ ਉਨਾਂ ਨੇ ਸਭ ਕੁਝ ਕੁਰਬਾਨ ਕੀਤਾ ਤਾਂ ਅਸੀਂ ਕਿਉਂ ਨਾ ਸਚੇ ਸ਼ਹੀਦਾਂ ਵਾਂਙੂ ਉਨਾਂ ਦੀ ਯਾਦਗਾਰ ਮਨਾਈਏ? ਮੇਰੀ ਰਾਇ ਹੈ ਕਿ ਬਸੰਤ ਪੰਚਮੀ ਵਾਲੇ ਦਿਨ ਹਰ ਇਕ ਗੁਰਦਵਾਰੇ ਵਿਚ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਜੀਵਨ ਉਤੇ ਲੈਕਚਰ ਹੋਣੇ ਚਾਹੀਦੇ ਹਨ ਅਤੇ ਉਨਾਂ ਦੀ ਯਾਦਗਾਰ ਮਨਾਈ ਜਾਣੀ ਚਾਹੀਦੀ ਹੈ।

ਇਸ ਵੇਲੇ ਖਾਲਸਾ ਪੰਥ ਦੀ ਜਥੇਬੰਦੀ ਪਹਿਲੇ ਵਰਗੀ ਨਹੀਂ। ਗਰਜ਼ਮੰਦ ਲੋਕਾਂ ਨੇ ਫਿਰਕਿਆਂ ਵਿਚ ਦੁਫੇੜ ਪਾਈ ਹੈ ਕਿ ਇਹ ਦਿਨੋਂ ਦਿਨ ਵਧਦੀ ਹੀ ਜਾਂਦੀ ਹੈ। ਨਾਮਧਾਰੀ ਵੀਰਾਂ ਨਾਲ ਵੀ ਪੰਥ ਦਾ ਅਜਿਹਾ ਪਿਆਰ ਨਹੀਂ ਜਿਹਾ ਕਿ ਹੋਣਾ ਚਾਹੀਦਾ ਹੈ। ਇਸ ਦਾ ਕਾਰਨ ਕੀ ਹੈ? ਕਈ ਕਹਿਣਗੇ ਕਿ ਉਨਾਂ ਦੇ ਧਾਰਮਿਕ ਖਿਆਲ ਸਾਡੇ ਨਾਲ ਨਹੀਂ ਮਿਲਦੇ ਪਰ ਅਸਲ ਗਲ ਇਹ ਨਹੀਂ ਹੈ। ਧਾਰਮਿਕ ਖਿਆਲਾਂ ਦਾ ਆਪੋ ਵਿਚ ਵਿਰੋਧ ਅਕਾਲੀਆਂ ਦਾ ਭੀ ਹੈ। ਇਸ ਦੁਫੇੜ ਦੀ ਨੀਂਹ ਵਿਚ ਪੰਥ ਦੇ ਦੁਸ਼ਮਣ

Sri Satguru Jagjit Singh Ji Elibrary NamdhariElibrary@gmail.com

ਦੀ ਬੜੀ ਡੂੰਘੀ ਚਾਲ ਹੈ। ਜਿਸਨੂੰ ਸਮਝਣਾ ਸੌਖਾ ਕੰਮ ਨਹੀਂ।

ਸਮਾਂ ਬੜਾ ਭਿਆਨਕ ਆ ਰਿਹਾ ਹੈ। ਦੁਸ਼ਮਣ ਦਾ ਫਾਇਦਾ ਇਸੇ ਵਿਚ ਹੈ ਕਿ ਖਾਲਸਾ ਪੰਥ ਖੇਰੂੰ ਖੇਰੂੰ ਰਹੇ ਤੇ ਆਪੋ ਵਿਚ ਖਹਿ ਖਹਿ ਹੁੰਦੀ ਰਹੇ। ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਵੈਰੀਆਂ ਦੀ ਚਾਲ ਨੂੰ ਸਮਝਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂਆਂ ਨੂੰ ਮੰਨਣ ਵਾਲੇ ਸਾਰੇ ਭਰਾ ਹਨ। ਉਨਾਂ ਨੂੰ ਆਪੋ ਵਿਚ ਭਰਾਵਾਂ ਵਰਗੇ ਪਿਆਰ ਨਾਲ ਰਹਿਣਾ ਤੇ ਵਰਤਨਾ ਚਾਹੀਦਾ ਹੈ। ਧਾਰਮਿਕ ਖਿਆਲਾਂ ਵਿਚ ਜਾਂ ਰਹਿਣੀ ਬਹਿਣੀ ਵਿਚ ਰਾਇ ਦਾ ਵਿਰੋਧ ਹੋਣਾ ਕੋਈ ਵਡੀ ਗਲ ਨਹੀਂ। ਸਾਨੂੰ ਖੁਲੇ ਦਿਲ ਨਾਲ ਆਪਣੇ ਵਿਰੁਧ ਰਾਇ ਨੂੰ ਸੁਣਨਾਂ ਤੇ ਸਹਾਰਨਾ ਚਾਹੀਦਾ ਹੈ ਅਤੇ ਪੂਰਨ ਪਿਆਰ ਦੀ ਵਰਤੋਂ ਕਰਨੀ ਚਾਹੀਦੀ ਹੈ। ਪੰਥ ਉਤੇ ਜੇ ਕੋਈ ਸਾਂਝੀ ਮੁਸੀਬਤ ਆਵੇ ਤਾਂ ਉਸਦਾ ਰਲਕੇ ਮੁਕਾਬਲਾ ਕਰਨਾ ਚਾਹੀਦਾ ਹੈ।

ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਣੀ ਸਾਡਾ ਫਰਜ਼ ਹੈ। ਲੋਕੀ ਦੂਜੇ ਮਜ਼ਹਬਾਂ ਦੇ ਬਜ਼ੁਰਗਾਂ ਤੇ ਸ਼ਹੀਦਾਂ ਨੂੰ ਆਪਣਾ ਬਣਾ ਰਹੇ ਹਨ ਪਰ ਅਸੀਂ ਆਪਣੇ ਮਹਾਂਪੁਰਸ਼ਾਂ ਤੇ ਸੂਰਬੀਰਾਂ ਨੂੰ ਭਿਆਗ ਰਹੇ ਹਾਂ। ਜੇ ਅਸੀਂ ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਈਏ ਤਾਂ ਇਕ ਤਾਂ ਅਸੀਂ ਆਪਣੇ ਸ਼ੁਕਰਗੁਜ਼ਾਰੀ ਦੇ ਫਰਜ਼ ਨੂੰ ਪੂਰਾ ਕਰਾਂਗੇ, ਦੂਜੇ ਨਾਮਧਾਰੀ ਵੀਰਾਂ ਨਾਲ ਪਿਆਰ ਦਾ ਸਬੰਧ ਵਧੇਰੇ ਮਜ਼ਬੂਤ ਕਰਾਗੇ ਤੇ ਇਸ ਤਰਾਂ ਕਰਨ ਨਾਲ ਅਸੀਂ ਪੰਥਕ ਜਥੇਬੰਦੀ ਨੂੰ ਪਕਿਆਂ ਕਰਨ ਵਿਚ ਮਦਦਗਾਰ ਸਾਬਤ ਹੋਵਾਂਗੇ।

ਪ੍ਰਸਿੱਧ ਅਕਾਲੀ ਨੇਤਾ
ਮਾ: ਤਾਰਾ ਸਿੰਘ ਜੀ

ਜਿਸ ਵੇਲੇ ਸਿਖ ਰਾਜ ਗਿਆ ਤੇ ਸਿਖਾਂ ਨੂੰ ਸਖਤੀ ਨਾਲ ਦਬਾਇਆ ਗਿਆ, ਉਸ ਸਮੇਂ ਲੱਖਾਂ ਸਿੱਖ ਪਤੱਤ ਹੋ ਗਏ ਸਨ, ਤੇ ਸਿੱਖਾਂ ਵਿਚ ਬਹੁਤ ਉਦਾਸੀ ਛਾ ਗਈ ਸੀ, ਇਉਂ ਪ੍ਰਤੀਤ ਹੋਣ ਲਗ ਪਿਆ ਸੀ ਕਿ ਸਿੱਖੀ ਆਖਰੀ ਦਮਾਂ ਤੇ ਹੈ। ਗਦਰ ਵੇਲੇ ਸਿੱਖਾਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ। ਸਿਖ ਧਰਮ ਨੂੰ ਕਾਇਮ ਰਖਣ ਲਈ ਸਿਖ ਜਜ਼ਬਾ, ਸਿਖੀ ਅਣਖ, ਤੇ ਸਿਖ ਧਰਮ ਉਤੇ ਨਿਸਚਾ ਹੋਣਾ ਜ਼ਰੂਰੀ ਹੈ। ਏਹ ਗਲਾਂ ਸਿਖ ਰਾਜ ਮਗਰੋਂ ਬੜੀ ਛੇਤੀ ਛੇਤੀ ਘਟ ਰਹੀਆਂ ਸਨ ਤੇ ਸਿਖ ਧਰਮ ਡਾਢੇ ਖਤਰੇ ਵਿਚ ਸੀ, ਸਿਖ ਮਹਾਤਮਾ ਪ੍ਰਚਾਰ ਕਰਦੇ ਸਨ, ਪਰ ਉਹ ਸਿਖੀ ਨੂੰ ਸੁਰਜੀਤ ਨਹੀਂ ਸਨ ਕਰ ਸਕਦੇ। ਬਾਬਾ ਰਾਮ ਸਿੰਘ ਵਿਚ ਉਹ ਸਿਖੀ ਪੂਰੀ ਸੀ, ਜਿਸ ਨੇ ਸਾਰੇ ਪੰਥ ਵਿਚ ਮੁੜ ਉਤਸ਼ਾਹ ਪੈਦਾ ਕਰ ਦਿਤਾ। ਬਾਬਾ ਜੀ ਦੇ ਪਰਚਾਰ ਦਾ ਨਤੀਜਾ ਇਹ ਨਿਕਲਿਆ, ਕਿ ਸਾਰੇ ਪੰਜਾਬ ਵਿਚ ਸਿਖੀ ਦੀ ਅਣਖ ਦੌੜ ਗਈ। ਹਰ ਪਾਸੇ ਨਾਮ ਤੇ ਸ਼ਬਦ ਦੀ ਗੂੰਜ ਉਠਣ ਲਗ ਪਈ।

ਸ੍ਰੀ

ਬਾਬਾ ਜੀ ਦੀ ਪਵਿਤ੍ਰ ਜੀਵਨੀ ਪੜ੍ਹ ਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿੱਖ ਰਾਜ ਦੇ ਅੰਤ ਪਿਛੋਂ ਸਿਖੀ ਦਾ ਝੰਡਾ ਉਚਾ ਕਰਨ ਵਾਲੇ ਮਹਾਂਪੁਰਖਾਂ ਵਿਚੋਂ ਆਪ ਸ਼੍ਰੋਮਣੀ ਹੋਏ ਹਨ। ਆਪ ਨੇ ਸਭ ਤੋਂ ਪਹਿਲੋਂ ਸਿਖਾਂ ਨੂੰ ਭੁਲੀ ਹੋਈ ਸਿਖੀ ਦਾ ਚੇਤਾ ਕਰਾਇਆ ਤੇ ਨਾਮ ਬਾਣੀ ਦਾ ਲੜ ਜੋ ਉਹਨਾਂ ਦੇ ਹਥੋਂ ਛੁਟ ਚੁਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹਥ ਵਿਚ ਦਿਤਾ। ..... ਇਸ ਗਲ ਤੋਂ ਮੈਂ ਇਨਕਾਰ ਨਹੀਂ ਕਰ ਸਕਦਾ ਕਿ ਉਹਨਾਂ ਨੇ ਸਿਖਾਂ ਵਿਚ ਗੁਰਮਤਿ ਨੂੰ ਪ੍ਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ ਮਿਲਵਰਤਣ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜਾਈ। ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਦੇਖਣ ਦੇ ਅਪ੍ਰਾਧ ਵਿਚ, ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਮੇਤ ਜ਼ਿਲਾ ਵਤਨ ਕਰਕੇ ਨਜ਼ਰ ਬੰਦ ਕਰ ਦਿਤੇ ਗਏ, ਅਤੇ ਸਿਖ ਕਿ, ਜਿਨ੍ਹਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਨ੍ਹਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸ੍ਵਾਰਥ ਵਸ ਹੋ ਕੇ ਆਪ ਨੂੰ ਉਕਾ ਹੀ ਵਿਸਾਰ ਗਏ।

Sri Satguru Jagjit Singh Ji Elibrary NamdhariElibrary@gmail.com

ਪੀ.ਐਸ. ਕੰਵਲ

"ਸਭੈ ਸਾਂਝੀ ਵਾਲ ਸਦਾਇਨ, ਕੋਈ ਨ ਦਿਸੇ ਬਾਹਰਾ ਜੀਉ।" ਆ: ਗ੍ਰੰ:

ਅਜ ਸਾਰਾ ਸੰਸਾਰ ਭੰਬਲ ਭੂਸੀਂ ਪਿਆ ਤੜਫ ਰਿਹਾ ਹੈ। ਇਸਦੀ ਹਾਲਤ ਬੜੀ ਡਾਵਾਂ ਡੋਲ ਹੋ ਰਹੀ ਹੈ। ਕੋਈ ਐਸੀ ਸ਼ਕਤੀ ਦਿਖਾਈ ਨਹੀਂ ਪੈਂਦੀ ਜੋ ਭੁਲੀ ਭਟਕੀ ਲੁਕਾਈ ਨੂੰ ਉਂਗਲੀ ਲਾ ਕੇ ਸ਼ਾਂਤੀ ਦਾ ਰਸਤਾ ਦਸੇ। ਐਸੀ ਹਾਲਤ ਵਿਚ ਲੋਕਾਂ ਦਾ ਧਰਮ ਤੋਂ ਵਿਸ਼ਵਾਸ਼ ਉਡ ਜਾਂਦਾ ਹੈ ਤੇ ਆਪੋ ਧਾਪੀ ਹੋ ਕੇ ਲੋਕ ਇਕ ਦੂਜੇ ਦੇ ਵੈਰੀ ਬਣ ਜਾਂਦੇ ਹਨ ਅਤੇ ਇਨਾਂ ਤੋਂ ਡਰਦਾ "ਧਰਮ" ਅੰਧੇਰੇ ਦੀ ਬੁਕਲ ਵਿਚ ਲੁਕ ਜਾਂਦਾ ਹੈ। ਕੂੜ ਦੀ ਪ੍ਰਧਾਨਗੀ ਹੋ ਜਾਂਦੀ ਹੈ। ਇਸ ਕੁਰਾਹੇ ਪ੍ਰਾਣੀਆਂ ਨੂੰ ਅੰਧਕਾਰ ਤੋਂ ਕਢਣ ਲਈ ਅਕਾਲ ਵਲੋਂ ਭੇਜਿਆ ਕੋਈ ਸਰੇਸ਼ਟ ਪੁਰਖ ਸੰਸਾਰ ਤੇ ਆ ਕੇ ਵਿਗੜੀ ਹਾਲਤ ਨੂੰ ਤਕ ਕੁਰਲਾ ਉਠਦਾ ਹੈ ਤੇ ਵਿਗੜੀ ਦਸ਼ਾ ਨੂੰ ਸੋਧਣ ਲਈ ਕਮਰ ਕਸੇ ਕਰ ਐਸੇ ਪ੍ਰੋਗਰਾਮ ਉਲੀਕਦਾ ਹੈ ਜਿਸ ਨਾਲ ਲੋਕਾਂ ਵਿਚੋਂ ਖਤਮ ਹੋਈ ਭਾਵਨਾ ਮੁੜ ਪੈਦਾ ਹੋ ਸਕੇ, ਇਹ ਹੈ ਇਕਤ੍ਰਤਾ ਇਕਠ - ਭਾਵ ਸਰਬ ਸਾਂਝੀ ਵਾਲਤਾ ਦਾ ਸੰਗਠਨ।

ਮਹਾਂ ਪੁਰਖ ਮੁੜ ਆਪਣੀ ਮਰਯਾਦਾ ਕਾਇਮ ਕਰਨ ਲਈ ਭੁਲੇ ਹੋਏ ਲੋਕਾਂ ਨੂੰ ਇਕਠੇ ਕਰਕੇ, ਗੁਰਮਤਿ ਦੇ ਗੀਤਾਂ ਦਾ ਅਲਾਪ ਦਸਕੇ ਮੁਰਝਾਈ ਪਈ ਸਿਖੀ ਸੇਵਕੀ ਨੂੰ ਅੰਮ੍ਰਿਤ ਰੂਪੀ ਬਚਨਾ ਦਾ ਸੰਸਾਰ ਕਰ ਜੀਵਨ ਦਾਨ ਪ੍ਰਦਾਨ ਕਰ ਦੇਂਦਾ ਹੈ। ਅਤੇ ਅਸਲੀ ਗੁਰਮਤਿ ਕੀ ਹੈ,ਸ਼ਰਨ ਆਈਆਂ ਸੰਗਤਾਂ ਨੂੰ ਮੁੜ ਸਹੀ ਰਸਤੇ ਤੇ ਆਉਣ ਲਈ ਸਚਾ ਸਿਧਾਂਤ ਦਸਕੇ ਆਪਣੀ ਸਾਂਝੀਵਾਲਤਾ ਕਾਇਮ ਕਰਦਾ ਹੈ। ਗੁਰੂ ਘਰ ਵਿਚ ਹੋਕਾ ਹੈ :—

ਨਾ ਕੋ ਬੈਰੀ ਨਹੀ ਬੇਗਾਨਾ, ਸਗਲ ਸੰਗ ਹਮਕੋ ਬਣ ਆਈ।।

ਅਤੇ

Sri Satguru Jagjit Singh Ji Elibrary NamdhariElibrary@gmail.com

ਮਾਨਸ ਕੀ ਜਾਤਿ ਸਭੈ ਏਕੈ ਪੈਹਚਾਨਬੋ॥
ਆਦਿ ਦੀ ਜਾਣ ਪਹਿਚਾਣ ਕਰਾਉਦਾ ਹੈ।

ਮਹਾਂਪੁਰਖ ਏਹ ਨਹੀਂ ਦੇਖਦਾ ਕਿ ਇਹ ਪ੍ਰਾਣੀ ਮੇਰਾ ਅਨੁਆਈ ਹੈ ਜਾਂ ਕਿਸੇ ਹੋਰ ਧਰਮ ਨੂੰ ਮੰਨਣ ਵਾਲਾ ਹੈ। ਉਹ ਤਾਂ ਸਭ ਨੂੰ ਆਪਣਾ ਹੀ ਜਾਣਦਾ ਹੈ। ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ, ਉਥੋਂ ਦੀ ਸੰਸਥਾ ਦੇ ਮੁਖੀ ਨਾਲ ਗਲ ਬਾਤ ਕੀਤੀ। ਉਸਨੂੰ ਏਹ ਨਹੀਂ ਕਿਹਾ ਕਿ ਤੂੰ ਮੇਰੇ ਧਰਮ (ਮਜਹਬ) ਨਾਲ ਸਾਂਝ ਕਰ ਤਾ ਮੈਂ ਤੈਨੂੰ ਉਪਦੇਸ਼ ਦੇਵਾਂਗਾ — ਉਸਨੂੰ ਉਹਦੇ ਆਪਣੇ ਧਰਮ ਵਿਚ ਹੀ ਉਪਦੇਸ਼ ਦਿਤਾ ਅਤੇ ਸਚ ਦੇ ਸਿਧਾਂਤ ਦੀ ਪਾਲਣਾ ਕਰਨ ਲਈ ਪਰੇਰਿਆ। ਗੁਰੂ ਜੀ ਪੀਰਾਂ ਫਕੀਰਾਂ ਸਿਖਾਂ ਸੇਵਕਾਂ ਆਦਿ ਨੂੰ "ਧਰਮ ਦ੍ਰਿੜਹੁ ਹਰ ਨਾਮ ਧਿਆਵੋ" ਦਸਕੇ ਪਾਲਣਾ ਕਰਨ ਦਾ ਆਗ੍ਰਹ ਕਰਦੇ ਸਨ। ਕਿਉਂ ਕਿ ਧਰਮ ਹੀ ਸੰਸਾਰ ਪ੍ਰਾਣੀਆਂ ਨੂੰ ਇਕ ਸੂਤ-ਧਾਗੇ ਵਿਚ ਪ੍ਰੋ ਕੇ ਰਖਦਾ ਹੈ। ਜੋ ਇਕ ਸਚਾ ਸਿਧਾਂਤ ਅਸੂਲ ਹੈ। ਇਸਨੂੰ ਮੰਨਣ ਨਾਲ ਹੀ ਪ੍ਰਾਣੀਆਂ ਦੀ ਕਲਿਆਣ ਹੋ ਸਕਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਬੜੀ ਅਪਾਰ ਕਿਰਪਾ ਹੈ ਕਿ ਨਾਮਧਾਰੀ ਸੰਪ੍ਰਦਾ ਵਲੋਂ ਅਨੇਕ ਰੁਝੇਵਿਆਂ ਵਿਚ ਹੁੰਦੇ ਹੋਏ ਵੀ ਇੰਗਲੈਂਡ ਦੀ ਸਾਧ ਸੰਗਤ ਦਾ ਹੋਲਾ ਪੁਰਬ ਕਰਨ ਲਈ ਬੇਨਤੀ ਪ੍ਰਵਾਨ ਕਰ ਲਈ ਹੈ। ਇਸ ਗੁਰਮਤਿ ਹੋਲਾ ਪੁਰਬ ਵਿਚ ਹਰੇਕ ਸੰਗੀਤਕਾਰ,ਕਵੀ ਤੇ ਹੋਰ ਕਲਾਕਾਰਾਂ ਨੂੰ ਤਬਲਾ, ਸਰੰਦ, ਸਿਤਾਰ, ਵਾਇਲਨ, ਆਦਿ ਦੇ ਕਰਤੱਵ ਦਿਖਾਉਣ ਦਾ ਸੁਭਾਗ ਪ੍ਰਾਪਤ ਹੋਵੇਗਾ। ਜੋ ਆਦਿ ਗ੍ਰੰਥ ਜੀ ਵਿਚ ਗੁਰਮਤਿ ਸੰਗੀਤ ਹੈ। ਇਸ ਪੱਧਤੀ ਨੂੰ ਕਾਇਮ ਰਖਣ ਹਿਤ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ (ਆਪਣੇ ਖਜ਼ਾਨਿਉਂ ਬੇਅੰਤ ਧੰਨ ਖਰਚ ਕੇ) ਸਿਰ ਤੋੜ ਜਤਨ ਕਰ ਰਹੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਸੰਮਤ 1933 ਵਿਚ ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ) ਵਿਖੇ ਸੰਗੀਤ ਦਾ ਪ੍ਰੋਗਰਾਮ ਉਲੀਕਿਆ ਸੀ। ਜਿਸ ਵਿਚ ਇਹ ਸ਼ਰਤ ਰਖੀ ਗਈ ਸੀ ਕਿ ਜੇਹੜਾ ਸ਼ਬਦ ਆਦਿ ਗ੍ਰੰਥ ਵਿਚ ਜਿਸ ਰਾਗ ਤਾਲ (ਘਰ) ਵਿਚ ਰਚਿਆ ਗਿਆ ਹੈ। ਰਾਗੀ ਉਸੇ ਹੀ ਰਾਗ ਤਾਲ ਵਿਚ ਗਾ ਕੇ ਸੁਣਾਵੇ। ਇਸ ਤੇ ਸੰਗੀਤ ਦੇ ਮਾਹਿਰ ਵਿਦਵਾਨ ਸਿਖ ਤੇ ਹਿੰਦੂ ਪ੍ਰੇਮੀ ਜੋ ਗੁਰਮਤਿ ਸੰਗੀਤ ਨਾਲ ਪ੍ਰੇਮ ਰਖਦੇ ਸਨ। ਗੁਰੂ ਜੀ ਦੀ ਇਸ ਸਾਦਰ ਸੱਦ ਨੂੰ ਪ੍ਰਵਾਨ ਕਰ ਹਾਜ਼ਰ ਹੋਏ ਅਤੇ ਆਪਣੀ ਸਚੀ ਸੁਚੀ ਸਿਖਿਆ ਦਾ ਪ੍ਰਤੀ ਪਾਦਨ ਕੀਤਾ। ਇਸ ਮੌਕੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਾਰ ਜੱਜ ਨਿਯੁਕਤ ਕੀਤੇ ਜੋ ਰਾਗ ਤਾਲ ਆਦਿ ਦੀਪੂਰੀ ਸਮਝ ਰਖਦੇ ਸਨ। ਉਹ ਸਨ — ਭਾਈ ਕਾਹਨ ਸਿੰਘ ਜੀ ਨਾਭੇ ਵਾਲੇ, ਭਾਈ ਮੁਕੰਦ ਸਿੰਘ ਜੀ ਰਹੀਸ ਸ਼ਿਮਲੇ ਵਾਲੇ, ਸ੍ਰ. ਹੀਰਾ ਸਿੰਘ ਜੀ ਲੰਮੇ ਜਗੀਰ, ਅਤੇ ਭਾਈ ਨਿਹਾਲ ਸਿੰਘ ਜੀ ਪਟਿਆਲੇ ਵਾਲੇ।

ਇਨਾਮ:

ਸ੍ਰੀ ਸਤਿਗੁਰੂ ਜੀ ਵਲੋਂ ਪਹਿਲੇ ਨੰਬਰ ਜੇਤੂ ਨੂੰ ਇਕ ਵਧੀਆ ਘੋੜੀ, ਇਕ ਕੀਮਤੀ ਦੁਸ਼ਾਲਾ, ਪੰਜ ਸੌ ਰੁਪਿਆ। (2) ਨੰਬਰ ਦੋ ਨੂੰ ਪਚੀ ਸੇਰ ਪਕਾ ਦੁਧ ਦੇਣ ਵਾਲੀ ਤਾਜੀ ਸੂਈ ਮਝ ਤੇ ਢਾਈ ਸੌ ਰੁਪਿਆ ਸਿਰੋ ਪਾਉ। ਨੰਬਰ ਤਿੰਨ ਨੂੰ ਇਕ ਗਊ ਮਿਟਗੁੰਮਰੀ ਨਸਲ ਦੀ, (ਜੋ ਦਿਨ ਵਿਚ ਤਿੰਨ ਵਾਰ ਚੋਈ ਜਾਂਦੀ ਸੀ) ਨਾਲ ਸਿਰੋ ਪਾਉ ਤੇ ਇਕ ਸੌ ਰੁਪਿਆ ਨਕਦ। ਅਤੇ ਹੋਰ ਜਿੰਨੇ ਰਾਗੀਆਂ ਨੇ ਇਸ ਗੁਰਮਤਿ ਸੰਗੀਤ ਵਿਚ ਹਿਸਾ ਪਾਇਆ ਉਹਨਾਂ ਸਭਨਾਂ ਨੂੰ ਇਕ ਇਕ ਦੁਧਾਰੂ ਗਊ ਤੇ ਸਿਰੋਪਾਉ ਅਤੇ ਆਵਣ ਜਾਵਣ ਦਾ ਭਾੜਾ - ਕਰਾਇਆ ਦੇ ਕੇ ਨਿਵਾਜਿਆ। ਇਹ ਹੈ ਪੰਥ ਦੀ ਸੰਖੇਪ ਦਾਨ ਧਾਰਾ

Sri Satguru Jagjit Singh Ji Elibrary NamdhariElibrary@gmail.com

ਜਿਸਨੂੰ ਅਜ ਵੀ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਆਪਣੀ ਛਤਰ ਛਾਇਆ ਹੇਠ ਇਕ ਸਾਰ ਆਪਣੇ ਸਚ ਖੰਡ ਵਾਸੀ ਗੁਰੂਆਂ ਦੀ ਪ੍ਰੰਪਰਾ ਨੂੰ ਕਾਇਮ ਰਖੀ ਆ ਰਹੇ ਹਨ।

ਸੰਮਤ 1747 ਚੇਤਵਦੀ 2 ਨੂੰ ਗੁਰੂ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਹੋਲੇ ਨਾਲ ਮਹੱਲਾ ਸ਼ਬਦ ਜੋੜ ਕੇ ਵੈਰੀ ਦੇ ਹੱਲੇ ਦਾ ਸੂਚਕ ਬਣਾਇਆ ਸੀ ਜਿਸ ਤੇ ਦਸਮੇਸ਼ ਸਵਾਮੀ ਨੇ ਸਿੰਘਾਂ ਨੂੰ ਦੋ ਧੜੇ ਕਰਕੇ ਸ਼ਸਤਰ ਵਿਦਿਆ ਦਾ ਅਭਿਆਸ ਸਿਖਾਇਆ ਅਤੇ ਦੁਸ਼ਮਣ ਤੇ ਹਲਾ ਕਿਵੇਂ ਕਰੀਦਾ ਇਹ ਵਲ ਦਸਿਆ ਤੇ ਜੇਤੂ ਦਲ ਨੂੰ ਦੀਵਾਨਾਂ ਵਿਚ ਇਨਾਮ ਬਖਸ਼ਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ "ਹੋਲੇ ਪੁਰਬ" ਦਾ ਖਿਤਾਬ ਬਖਸ਼ਿਆ। ਦਸਮੇਸ਼ ਜੀ ਦੇ ਦੇਹ ਓਹਲਾ ਕਰਨ ਤੋਂ ਬਾਅਦ ਸਿੰਘਾਂ ਉਤੇ ਅਨੇਕਾਂ ਜੰਗੀ ਝਖੜ ਝੁਲੇ ਤੇ ਹੋਲੇ ਦੀ ਪ੍ਰਪਾਟੀ ਕਾਇਮ ਨਾ ਰਹਿ ਸਕੀ ਅਤੇ ਇਹ ਮੇਲਾ ਕਈ ਸਾਲ ਗੁੰਮ ਹੋ ਗਿਆ ਪਰ ਹੋਲਾ ਮਹਲਾ ਦਸਮੇਸ਼ ਕਾਲ ਵਿਚ ਕੇਵਲ ਪੰਜਾਬ ਦੀ ਧਰਤੀ ਤੇ ਹੀ ਸੀਮਤ ਰਿਹਾ ਸੀ।

"ਮੈਂ ਫਿਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ" ਦੇ ਮਹਾਂਵਾਕ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਹੋਲਾ ਪੁਰਬ ਦਾ ਆਰੰਭ ਕੀਤਾ ਜੋ ਗੁਰੂ ਜੀ ਦੇ ਪਰਦੇਸ ਗਮਨ, ਭਾਵ ਭਾਰਤ ਦੀ ਆਜ਼ਾਦੀ ਦੇ ਸੰਗਲ ਤੋੜਨ ਲਈ ਸੰਘਰਸ਼ ਕਾਰਣ ਅੰਗਰੇਜ਼ ਹਕੂਮਤ ਵਲੋਂ ਗੁਰੂ ਜੀ ਨੂੰ ਜਲਾਵਤਨ ਕਰ ਦਿਤਾ ਸੀ। ਬਾਦ ਵਿਚ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ ਨੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਹੋਲੇ ਪੁਰਬ ਨੂੰ ਭਾਰਤ ਦੇ ਕੋਨੇ ਕੋਨੇ ਤੇ ਪਰਦੇਸਾਂ ਵਿਚ ਵੀ ਸ਼ਿਗਾਰਿਆ। ਸੰਮਤ 1959 ਨੂੰ ਗੁਰੂ ਪ੍ਰਤਾਪ ਸਿੰਘ ਜੀ ਨੇ ਈਸਟ ਅਫਰੀਕਾ ਦੇ ਸ਼ਹਿਰ ਕੰਪਾਲਾ ਵਿਖੇ ਹੋਲੇ ਪੁਰਬ ਤੇ ਅਨੇਕਾਂ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਭੋਗ ਪਵਾਏ ਅਤੇ ਆਪਣਾ ਸਰਬ ਸਾਂਝਾ ਉਪਦੇਸ਼ ਦਸ ਕੇ ਗੁਰਮਤਿ ਅਸੂਲ ਕਾਇਮ ਕੀਤਾ।

ਹੁਣ "ਹੋਲਾ ਪੁਰਬ" ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਅਪਾਰ ਕਿਰਪਾ ਅਤੇ ਬਖਸ਼ਿਸ਼ ਦੁਆਰਾ ਇੰਗਲੈਂਡ ਵਿਖੇ ਨਾਮਧਾਰੀ ਸੰਗਤ ਦੀ ਪ੍ਰੇਮ ਭਾਵਨਾ, ਨੂੰ ਮੁਖ ਰਖਕੇ ਬਰਮਿੰਘਮ ਵਿਖੇ ਕਰਨ ਦਾ ਪਰੋਗਰਾਮ ਬਣਾਇਆ ਹੈ।

ਕਬਿੱਤ

ਗੁਰੂ ਜਗਜੀਤ ਸਿੰਘ ਪੰਥ ਨਾਮਧਾਰੀ ਸੰਤ।
ਭਰੀ ਫਿਰੇ ਸਦਾ ਸਤਿਨਾਮ ਦਾ ਭੜੋਲਾ ਏ।
ਸੁਧਾ ਸੁਰ ਪੁਰੋਂ ਆ ਕੇ ਵਸੀ ਗੁਰੂ ਰਸਨਾ ਪੈ।
ਮੁਏ ਸੁਰਜੀਤ ਕਰੀ ਜਾਵੇ ਇਹਦਾ ਬੋਲਾ ਏ।।
ਸਿੱਧੀ ਦਸਤਾਰ ਬਾਣਾ ਹੰਸ ਰੂਪੀ ਉਜਲਾ ਹੈ,
ਗਲ ਉਨੀਂ ਮਾਲਾ ਸਦਾ ਰਖਦਾ ਅਮੋਲਾ ਏ।
ਸਤਿਜੁਗੋਂ ਅਜ ਤਾਈ ਨਾਮ ਰਿਹਾ 'ਹੋਲੀ' ਇਧਾ
ਖਾਲਸੇ ਨੇ 'ਕੰਵਲ' ਨਾਮ ਧਰ ਦਿਤਾ 'ਹੋਲਾ' ਏ।

----------o----------

A Look Back at The Kuka Movement

by : Late Dr. Fauja Singh, Patiala

The Kuka movement marked the first major reaction of the Punjabis to the new political order initiated by the British after 1849. The Namdhari movement of which Kuka movement was the most important phase, started in the reign of Maharaja Ranjit Singh By Balak Singh of the north-west frontier region. Balak Singh (1797-1862) was the son of a goldsmith of village Sarvala. who later on settled at village Hazro. He had been greatly inspired by the sermons of one Jawahar Mal, known for his piety as Sain Sahib, who preached the virtues of poverty and humility and denounced the rich as godless. Balak Singh followed suit by exhorting his followers to live simply and practise no religious ritual other than repeating God's name or nam (hence Namdhari). The movement thus started was first called by the name Jagiasi-Abhiasi. The teachings of Balak singh fulfilled a great need of the then society. The princes, chiefs and other people in the enjoyment of power or wealth had fallen in character and gave preference to things of the flesh over things of the soul. Superstitions and taboos had come to the forefront replacing values of true religion, and Brahminical influences had begun to overwhelm the Sikh society. There was, thus, an urgent need to draw the attention of the people to the evils besetting the society and to generate such healthy forces as would seek to arrest the oncoming decadence.

Before Balak Singh died, he chose one of his most ardent disciples, the carpenter Ram Singh of village Bhaini, as his successor. Thereafter, the head quarters of the Namdharis shifted from Hazro to Bhaini in Ludhiana District.

Ram Singh was in the military service of Maharaja Ranjit Singh when he first came under the spell of Balak Singh's teachings. From the very beginning he was known for a religious bent of mind. While in service he met his spiritual mentor a number of times during his postings in the northwest region. The quickening pace of decadence in the society made the ideas of Balak Singh all the more appealing to him. He left the army immediately after the defeats of the first Anglo - Sikh war. 1845-46, so as to be able to devote more time to matters of the soul.

Sri Satguru Jagjit Singh Ji Elibrary NamdhariElibrary@gmail.com

With the annexation of the Punjab to the British Indian dominion in 1849, the door was opened for the free inflow of Western influences. A string of cow slaughtering houses was established in important cities like Amritsar and Lahore. A host of Christian missionaries got actively engaged in denouncing Indian religions and converting Indians to Christianity. All such things, usually backed by officialdom, generated a wide-spread fear that the very Indian way of life was now under attack.

Some other factors also contributed to the people's sense of danger: ban on keeping of arms; denial of service opportunities to the people; restrictions on men of high families.

The Revolt of 1847 broke out at a time when there was lot of disaffection in the Punjab, but the leadership which could exploit that disaffection for a rising against the British was lacking. On account of the policy consistently pursued by the Government there was hardly any chance of such a leadership arising from the upper classes.

In course of time the void was filled by a new leadership which sprang from the lower middle classes, such as peasants and artisans. The man whose genius engineered this development was Ram Singh, the successor of Balak Singh, the Twelfth Guru of the Namdharis.

Ram Singh laid the foundation of a new socio-religious order called the Sant Khalsa. This was modelled on the pattern of Guru Gobind Singh's Khalsa. Every member of the new order was required to receive Amrit (nectar), which was an essential baptismal ceremony for admission into the new society Since the keeping of kirpan (sword) was prohibited by law, the members were enjoined upon to keep baton of wood in lieu of the kirpan. Special emphasis was placed upon the performance of havan to the accompaniment of recitation of Chandi-di-Var, a martial Punjabi poem of Guru Gobind Singh. Besides Ram Singh prescribed the following code of conduct for his followers:

Ethical : Do not lie, steal or commit adultery.

Personal : Do not imbibe tobacco, alcohol or meat of any kind. Wear turbans flat across the forehead.

Social : Do not destroy or trade in female children; do not give girls under eight in marriage; do not lend or borrow money on interest; do not castrate bulls; protect cows and other animals from slaughter.

Sri Satguru Jagjit Singh Ji Elibrary NamdhariElibrary@gmail.com

Hygienic : Rise before dawn and bathe every day

Political : Do not accept service with Government; do not send children to Government schools; do not go to courts of law but settle disputes by reference to Panchayats; do not use foreign goods; do not use Government postal services.

Religious : Gobind Singh's granth is the only true one, written by imagination and is the only sacred writing. Gobind Singh is the only true guru. Any person irrespective of caste or religion can be admitted a convert. The Sodhis, Bedis, Mahants, Brahmins and such like are impostors, as none are gurus except Gobind Singh. Temples of Devi, Shiva, are a means of extortion, to be held in contempt and never visited. Idolsand idol-worship are insulting to God, and will not be foregiven. Converts are allowed to read Gobind Singh's Granth.

1 Mr. Kinchant's account of Kuka Articles of Belief; 1868. Papers Relating to the Kuka Sect.

The teachings of Ram Singh made a great impact on the minds of the people and soon a large number of followers rallied around him. His disciples chanted hymns and, like dancing dervishes, worked themselves into a state of frenzy and

